Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 34 | Friday, February 18, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਵੇਖਣਾ ਪੜ੍ਹ ਸਕਦੇ ਹੋ

## ਲਾਗੂ ਹੋਣ ਤੋਂ ਬਾਅਦ ਐਮਰਜੰਸੀ ਐਕਟ ਨੂੰ ਅਮਲ ਵਿਚ ਲਿਆਉਣ ਦੀ ਕਾਰਵਾਈ ਸ਼ੂਰੂ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਫੈਡਰਲ ਮੰਤਰੀਆਂ ਦਾ ਕਹਿਣਾ ਹੈ ਕਿ ਹੁਣ ਜਦੋਂ ਐਮਰਜੰਸੀ ਐਕਟ ਲਾਗੂ ਹੋ ਗਿਆ ਹੈ ਤਾਂ ਇਸ ਨੂੰ ਅਮਲ ਵਿੱਚ ਲਿਆਉਣ ਦਾ ਕੰਮ ਵੀ ਸ਼ੁਰੂ ਹੋ ਚੁੱਕਿਆ ਹੈ। ਉਮੀਦ ਹੈ ਕਿ ਇਸ ਨਾਲ ਦੇਸ਼ ਦੀ ਰਾਜਧਾਨੀ ਵਿੱਚ ਮੁਜ਼ਾਹਰਿਆਂ ਦਾ ਇੱਕ ਹੋਰ ਹਫਤਾ ਵੇਖਣ ਨੂੰ ਨਹੀਂ ਮਿਲੇਗਾ। ਇਸ ਐਮਰਜੰਸੀ ਐਕਟ ਨੂੰ ਸੋਮਵਾਰ ਨੂੰ ਤਰਤੀਬ ਦੇ ਦਿੱਤੀ ਗਈ ਸੀ ਪਰ ਇਸ ਦਾ ਜਨਤਕ ਐਲਾਨ ਮੰਗਲਵਾਰ ਨੂੰ ਕੀਤਾ ਗਿਆ।

ਮੰਗਲਵਾਰ ਨੂੰ ਕੈਬਨਿਟ ਨਾਲ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਹੁਣ ਸਾਡੇ ਕੋਲ ਉਹ ਸ਼ਕਤੀ ਹੈ ਜਿਸ ਨਾਲ ਉਹ ਕੀਤਾ ਜਾ ਸਕਦਾ ਹੈ ਜੋ ਕੀਤਾ ਜਾਣਾ ਚਾਹੀਦਾ ਸੀ। ਉਨ੍ਹਾਂ ਆਖਿਆ ਕਿ ਜਦੋਂ ਤੱਕ ਇਨ੍ਹਾਂ ਮੁਜ਼ਾਹਰਿਆਂ ਨੂੰ ਖ਼ਤਮ ਨਹੀਂ ਕਰ ਲੈਂਦੇ ਉਦੋਂ ਤੱਕ ਅਸੀਂ ਸਾਹ ਨਹੀਂ ਲਵਾਂਗੇ। ਟਰੱਕਰਜ਼ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਤੇ ਲਾਏ ਗਏ ਬਲਾਕੇਡਜ਼ ਨੂੰ ਹਟਾਉਣ ਲਈ ਲਾਗੂ ਕੀਤੇ ਐਮਰਜੰਸੀ ਐਕਟ ਤੋਂ ਬਾਅਦ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਆਖਿਆ ਕਿ ਇਸ ਹਫਤੇ ਅਸੀਂ ਪਿਛਲੇ 19 ਦਿਨਾਂ ਤੋਂ ਚੱਲ ਰਹੇ ਮੁਜ਼ਾਹਰਿਆਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਹੋਵਾਂਗੇ।



ਇਸ ਨਵੇਂ ਐਕਟ ਤਹਿਤ ਮਿਲੀਆਂ ਸ਼ਕਤੀਆਂ ਸਦਕਾ ਅਧਿਕਾਰੀ ਹੁਣ ਹੇਠ ਲਿਖੇ ਨਿਯਮ ਲਾਗੂ ਕਰਵਾ ਸਕਣਗੇ :

- ਟਰੱਕਰਜ਼ ਕੌਨਵੌਏ ਦੇ ਮੁਜ਼ਾਹਰਿਆਂ ਵਿੱਚ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲਿਆਉਣ ਉੱਤੇ ਰੋਕ ਲਾਈ ਗਈ ਹੈ
- ਮੁਜ਼ਾਹਰੇ ਵਿੱਚ ਹਿੱਸਾ ਲੈਣ ਜਾਂ ਫਿਊਲ ਆਦਿ ਸਪਲਾਈ ਕਰਨ ਲਈ ਮੁਜ਼ਾਹਰੇ ਵਾਲੀ ਥਾਂ ਤੱਕ ਜਾਂ ਉੱਥੋਂ ਟਰੈਵਲ ਕਰਨ ਉੱਤੇ ਰੋਕ ਹੈ
- ਕੌਨਵੌਏ ਦੇ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਦੇ ਇਰਾਦੇ ਨਾਲ ਵਿਦੇਸ਼ੀ ਨਾਗਰਿਕ ਵਜੋਂ ਕੈਨੇਡਾ ਟਰੈਵਲ ਕਰਨ ਉੱਤੇ ਕਾਰਵਾਈ ਹੋ ਸਕਦੀ ਹੈ
- ਮੁਜ਼ਾਹਰਿਆਂ ਦੇ ਸਮਰਥਨ ਵਿੱਚ ਟਰੈਫਿਕ ਵਿੱਚ ਵਿਘਨ ਪਾਉਣ ਲਈ ਗੱਡੀਆਂ ਨੂੰ ਹੌਲੀ ਹੌਲੀ ਚਲਾਉਣ ਉੱਤੇ ਵੀ ਕਾਰਵਾਈ ਹੋ ਸਕਦੀ ਹੈ
- ਕੌਨਵੌਏ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਫੰਡ ਰੱਖਣ ਜਾਂ ਨਿਯੰਤਰਿਤ ਕਰਨ ਵਾਲੀਆਂ ਕ੍ਰਾਊਡਫੰਡਿੰਗ ਸਾਈਟਸ ਨੂੰ ਫੈਡਰਲ ਸਰਕਾਰ ਦੀ ਫਾਇਨਾਂਸ਼ੀਅਲ ਨਿਗਰਾਨੀ ਵਾਲੀ ਸੰਸਥਾਂ ਨਾਲ ਰਜਿਸਟਰ ਕਰਨਾ ਹੋਵੇਗਾ।

ਅਧਿਕਾਰੀਆਂ ਵੱਲੋਂ ਏਅਰਪੋਰਟਸ, ਪੋਰਟਸ, ਟਰੱਕ ਡਿਪੂਆਂ, ਹਸਪਤਾਲਾਂ, ਟਰੇਡ ਗਲਿਆਰਿਆਂ ਤੇ ਕੌਮਾਂਤਰੀ ਲਾਂਘਿਆਂ ਨੂੰ ਪ੍ਰੋਟੈਕਟਿਡ ਐਲਾਨਿਆ ਗਿਆ ਹੈ। ਜ਼ਿਕਰਯੋਗ ਹੈ ਕਿ ਵੈਕਸੀਨੇਸ਼ਨ ਸਬੰਧੀ ਮਾਪਦੰਡਾਂ ਦੇ ਖਿਲਾਫ ਪਿਛਲੇ ਲੱਗਭਗ ਤਿੰਨ ਹਫਤਿਆਂ ਤੋਂ ਟਰੱਕਰਜ਼ ਕੌਨਵੌਏ ਦੇ ਸਮਰਥਕ ਬਾਰਡਰਜ਼ ਤੇ ਪਾਰਲੀਆਮੈਂਟ ਹਿੱਲ ਦੇ ਆਲੇ ਦੁਆਲੇ ਮੁਜ਼ਾਹਰੇ ਕਰ ਰਹੇ ਹਨ। ਇਸ ਨਾਲ ਜਿੱਥੇ ਕੌਮਾਂਤਰੀ ਵਪਾਰ ਨੂੰ ਧੱਕਾ ਲੱਗਿਆ ਹੈ ਉੱਥੇ ਹੀ ਸਥਿਤੀ ਨੂੰ ਨਿਯੰਤਰਣ ਵਿੱਚ ਰੱਖਣ ਲਈ ਸਰਕਾਰ ਨੂੰ ਮਣਾਂ ਮੂੰਹੀ ਪੈਸਾ ਪਾਣੀ ਵਾਂਗ ਵਹਾਉਣਾ ਪੈ ਰਿਹਾ ਹੈ।

## 28 ਤੋਂ ਬਜ਼ੁਰਗਾਂ ਲਈ ਮੁਫਤ ਬੱਸ ਸੇਵਾ ਹੋਵੇਗੀ ਸ਼ੁਰੂ



ਬਰੈਂਪਟਨ, 17 ਫਰਵਰੀ (ਪੋਸਟ ਬਿਊਰੋ) : 28 ਫਰਵਰੀ ਤੋਂ ਸ਼ੁਰੂ ਕਰਕੇ ਬਰੈਂਪਟਨ ਦੇ 65 ਸਾਲ ਤੇ ਇਸ ਤੋਂ ਵੱਧ ਉਮਰ ਦੇ ਸੀਨੀਅਰ ਮੁਫਤ ਵਿੱਚ ਬਰੈਂਪਟਨ ਟਰਾਂਜ਼ਿਟ ਵਿੱਚ ਸਫਰ ਕਰ ਸਕਣਗੇ। 2022 ਤੱਕ ਬਜ਼ੁਰਗਾਂ ਲਈ ਬਰੈਂਪਟਨ ਟਰਾਂਜ਼ਿਟ ਨੂੰ ਮੁਫਤ ਕਰਨ ਦੇ ਰੀਜਨਲ ਕਾਊਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਵੱਲੋਂ 2019 ਵਿੱਚ ਲਿਆਂਦੇ ਮਤੇ ਦੇ ਪਾਸ ਹੋਣ ਤੋਂ ਬਾਅਦ ਇਹ ਐਲਾਨ ਕੀਤਾ ਗਿਆ। ਬਜ਼ੁਰਗਾਂ ਨੂੰ ਟਰਾਂਜ਼ਿਟ ਦੀ ਵਰਤੋਂ ਕਰਨ ਤੋਂ ਪਹਿਲਾਂ ਪ੍ਰੈਸਟੋ ਤੇ ਬਰੈਂਪਟਨ ਟਰਾਂਜ਼ਿਟ ਸੀਨੀਅਰਜ਼ ਆਇਡੈਂਟੀਫਿਕੇਸ਼ਨ ਕਾਰਡ ਪੇਸ਼ ਕਰਨਾ ਹੋਵੇਗਾ। ਸਿਟੀ ਆਫ ਬਰੈਂਪਟਨ ਵੱਲੋਂ ਇਸ ਸਹੂਲਤ ਦੀ ਵਰਤੋਂ ਕਰਨ ਵਾਲੇ ਅਜਿਹੇ ਬਜ਼ੁਰਗਾਂ ਨੂੰ ਛੇ ਹਫਤੇ ਦਾ ਵਾਧੂ ਸਮਾਂ ਵੀ ਦਿੱਤਾ ਜਾਵੇਗਾ ਜਿਨ੍ਹਾਂ ਕੋਲ ਹਾਲ ਦੀ ਘੜੀ ਪ੍ਰੈਸਟੋ ਕਾਰਡ ਨਹੀਂ ਹੈ। ਇਸ ਅਰਸੇ ਦੌਰਾਨ ਬਰੈਂਪਟਨ ਟਰਾਂਜ਼ਿਟ ਦੀ ਵਰਤੋਂ ਲਈ ਬਜ਼ੁਰਗਾਂ ਨੂੰ ਪ੍ਰੈਸਟੋ ਕਾਰਡ ਦੀ ਲੋੜ ਨਹੀਂ ਹੋਵੇਗੀ।

ਕਾਊਂਸਲਰ ਢਿੱਲੋਂ ਨੇ ਆਖਿਆ ਕਿ ਉਨ੍ਹਾਂ ਨੂੰ ਬਰੈਂਪਟਨ ਦੇ ਬਜ਼ੁਰਗਾਂ ਲਈ ਬੱਸ ਸੇਵਾ ਮੁਫਤ ਕਰਨ ਦੇ ਵਾਅਦੇ ਨੂੰ ਪੂਰਾ ਕਰਕੇ ਬੜਾ ਮਾਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਆਖਿਆ ਕਿ ਸਾਡੇ ਬਹੁਤ ਸਾਰੇ ਬਜ਼ੁਰਗਾਂ ਨੂੰ ਟਰਾਂਜ਼ਿਟ ਸੇਵਾ ਦੀ ਵਰਤੋਂ ਕਰਨ ਸਮੇਂ ਕਈ ਤਰ੍ਹਾਂ ਦੀਆਂ ਦਿੱਕਤਾਂ ਤੇ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈਆਂ ਨੂੰ ਤਾਂ ਵਿੱਤੀ ਤੇ ਸਰੀਰਕ ਔਕੜਾਂ ਵੀ ਪੇਸ਼ ਆਉਂਦੀਆਂ ਹਨ। ਇਸ ਨਾਲ ਉਨ੍ਹਾਂ ਦੀ ਜ਼ਿੰਦਗੀ ਦਾ ਮਿਆਰ ਤੇ ਸਿਹਤ ਠੀਕ ਹੋਵੇਗੀ, ਸਮਾਜ ਵਿੱਚ ਉਨ੍ਹਾਂ ਦਾ ਦਾਇਰਾ ਵਧੇਗਾ ਤੇ ਉਨ੍ਹਾਂ ਨੂੰ ਵਿੱਤੀ ਰਾਹਤ ਮਿਲੇਗੀ।

## ਕੰਜ਼ਰਵੇਟਿਵਾਂ ਨੇ ਐਮਰਜੰਸੀ ਐਕਟ ਦਾ ਸਮਰਥਨ ਕਰਨ ਤੋਂ ਕੀਤਾ ਇਨਕਾਰ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਦੀ ਅੰਤਰਿਮ ਆਗੂ ਕੈਂਡਿਸ ਬਰਗਨ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਫੈਡਰਲ ਸਰਕਾਰ ਵੱਲੋਂ ਲਿਆਂਦੇ ਐਮਰਜੰਸੀ ਐਕਟ ਸਬੰਧੀ ਮਤੇ ਦਾ ਸਮਰਥਨ ਨਹੀਂ ਕਰੇਗੀ। ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਫੈਡਰਲ ਸਰਕਾਰ ਨੂੰ ਐਮਰਜੰਸੀ ਐਕਟ ਲਾਗੂ ਕਰਨ ਦੀ ਸ਼ਕਤੀ ਮਿਲ ਜਾਵੇਗੀ।

ਕੰਜ਼ਰਵੇਟਿਵ ਕਾਕਸ ਨਾਲ ਮੁਲਾਕਾਤ ਤੋਂ ਬਾਅਦ ਬਰਗਨ ਨੇ ਆਖਿਆ ਕਿ ਪ੍ਰਧਾਨ ਮੰਤਰੀ



ਜਸਟਿਨ ਟਰੂਡੋ ਮੌਜੂਦਾ ਸ਼ਕਤੀਆਂ ਨਾਲ ਓਟਵਾ ਜਾਂ ਹੋਰਨਾਂ ਥਾਂਵਾਂ ਉੱਤੇ ਜਾਰੀ ਮੁਜ਼ਾਹਰਾਕਾਰੀਆਂ ਤੇ ਬਲਾਕੇਡਜ਼ ਨੂੰ ਹਟਾਅ ਨਹੀਂ ਸਕੇ।

...ਬਾਕੀ ਪੰਨਾ 6 'ਤੇ

### ਮਨਮੋਹਨ ਸਿੰਘ ਦਾ ਭਾਜਪਾ ਉੱਤੇ ਹਮਲਾ:
## ਬਿਨਾਂ ਬੁਲਾਏ ਬਿਰਿਆਨੀ ਖਾਣ ਨਾਲ ਰਿਸ਼ਤੇ ਨਹੀਂ ਸੁਧਰਦੇ

ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਪੰਜ ਰਾਜਾਂਦੀਆਂ ਵਿਧਾਨ ਸਭਾ ਚੋਣਾਂ ਦੇ ਦੌਰਾਨ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਅੱਜ ਨਰਿੰਦਰ ਮੋਦੀ ਸਰਕਾਰ ਉੱਤੇ ਸਿੱਧਾ ਹਮਲਾ ਬੋਲਿਆ ਤੇ ਇਕ ਵੀਡੀਓ ਸੰਦੇਸ਼ ਜਾਰੀ ਕਰ ਕੇ ਕੋਰੋਨਾ ਇਨਫੈਕਸ਼ਨ, ਮਹਿੰਗਾਈ ਅਤੇ ਚੀਨ ਨਾਲ ਸਰਹੱਦੀ ਵਿਵਾਦ ਦੇ ਮੁੱਦੇ ਕਾਰਨ- ਸਰਕਾਰ ਦੀ ਮੰਦੀ ਕਾਰਗੁਜ਼ਾਰੀ ਦੇ ਬਾਰੇ ਖੁੱਲ੍ਹ ਕੇ ਆਪਣੇ ਮਨ ਦੀ ਗੱਲ ਕਹੀ। ਡਾਕਟਰ ਮਨਮੋਹਨ ਸਿੰਘ ਨੇ ਕਿਹਾ ਕਿ



ਦੇਸ਼ ਦੀ ਜਨਤਾ ਕਾਂਗਰਸ ਦੇ ਚੰਗੇ ਕੰਮ ਯਾਦ ਕਰਦੀ ਹੈ। ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੁਰੱਖਿਆ ਦੇ ਮੁੱਦੇਤੋਂ ਪੰਜਾਬ ਦੇ ਮੁੱਖ ਮੰਤਰੀ ਤੇ ਜਨਤਾ ਦਾ ਅਪਮਾਨ ਕੀਤਾ ਹੈ।

...ਬਾਕੀ ਪੰਨਾ 6 'ਤੇ

## ਅੰਦਰ ਇਹ ਵੀ ਪੜ੍ਹੋ


ਨਰਿੰਦਰ ਮੋਦੀ ਨੇ ਕਿਹਾ: ਇਹ ਆਮ ਜਿਹੀਆਂ ਚੋਣਾਂ ਨਹੀਂ, ਪੰਜਾਬ ਦੇ ਵਰਤਮਾਨ ਤੇ ਭਵਿੱਖ ਦੀ ਲੜਾਈ ਹੈ — ਪੰਨਾ 03



ਰਾਹੁਲ ਨੇ ਦੱਸਿਆ ਕਿ ਅਮਰਿੰਦਰ ਸਿੰਘ ਨੂੰ ਕਿਉਂ ਹਟਾਇਆ ਸੀ — ਪੰਨਾ 05




ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

Dubai Jewellers
Gift Prize with Every Purchase
10% additional discount on gold and upto 50% on diamond.
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca info@dubaijewellers.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100
Late Evening and Weekends Appointments Available 1888 864 3131
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients


MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਫਰੀਡਮ ਕੌਨਵੌਏ ਨੇ ਐਮਰਜੰਸੀ ਐਕਟ ਨੂੰ ਦੱਸਿਆ ਸਰਕਾਰ ਦੇ ਖੋਖਲੇ ਹੱਥਕੰਢੇ



ਓਟਵਾ, 17 ਫਰਵਰੀ (ਪੋਸਟ ਬਿਊਰੋ) : ਤਿੰਨ ਹਫਤਿਆਂ ਤੱਕ ਰਾਜਧਾਨੀ ਵਿੱਚ ਹਰ ਕੰਮਕਾਜ ਨੂੰ ਠੱਪ ਕਰਨ ਵਾਲੇ ਫਰੀਡਮ ਕੌਨਵੌਏ ਦੇ ਮੈਂਬਰਾਂ ਨੇ ਫੈਡਰਲ ਸਰਕਾਰ ਦੇ ਐਮਰਜੰਸੀ ਐਕਟ ਨੂੰ ਮਹਿਜ ਖੋਖਲੇ ਹੱਥਕੰਢੇ ਦੱਸਿਆ।

ਪਾਰਲੀਆਮੈਂਟ ਹਿੱਲ ਦੇ ਸਾਹਮਣੇ ਵੈਲਿੰਗਟਨ ਸਟਰੀਟ ਉੱਤੇ ਖੜ੍ਹੇ ਟਰੱਕਾਂ, ਆਰਵੀਜ਼ ਤੇ ਹੋਰ ਗੱਡੀਆਂ, ਜਿਨ੍ਹਾਂ ਉੱਤੇ ਕੈਨੇਡੀਅਨ ਝੰਡੇ ਲੱਗੇ ਹੋਏ ਹਨ ਜਾਂ ਬੈਨਰਜ਼ ਉੱਤੇ ਵੱਡੇ ਵੱਡੇ ਅੱਖਰਾਂ ਵਿੱਚ ਫਰੀਡਮ ਲਿਖਿਆ ਹੈ, ਦੇ ਡਰਾਈਵਰਾਂ ਨੇ ਆਖਿਆ ਕਿ ਉਹ ਉਦੋਂ ਤੱਕ ਇੱਥੇ ਹੀ ਬਣੇ ਰਹਿਣਗੇ ਜਦੋਂ ਤੱਕ ਕੋਵਿਡ-19 ਸਬੰਧੀ ਨਿਯਮ ਤੇ ਪਾਬੰਦੀਆਂ ਨੂੰ ਹਟਾਅ ਨਹੀਂ ਲਿਆ ਜਾਂਦਾ।

ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ ਨੂੰ ਪਹਿਲੀ ਵਾਰੀ ਐਮਰਜੰਸੀ ਐਕਟ ਲਾਗੂ ਕੀਤਾ ਤੇ ਮੰਗਲਵਾਰ ਨੂੰ ਜਨਤਕ ਤੌਰ ਉੱਤੇ ਇਸ ਦਾ ਐਲਾਨ ਕੀਤਾ ਗਿਆ। ਇਸ ਐਕਟ ਤਹਿਤ ਸਰਕਾਰ ਵਿਰੋਧੀ ਬਲਾਕੇਡਜ਼ ਵਿੱਚ ਬੱਚਿਆਂ ਨੂੰ ਲਿਆਉਣ, ਸਿੱਧੇ ਤੌਰ ਉੱਤੇ ਮੁਜ਼ਾਹਰਿਆਂ ਵਿੱਚ ਹਿੱਸਾ ਲੈਣ ਜਾਂ ਅਜਿਹੇ ਮੁਜ਼ਾਹਰਿਆਂ ਵਿੱਚ ਫੂਡ ਜਾਂ ਫਿਊਲ ਵਰਗੀ ਮਦਦ ਪਹੁੰਚਾਉਣ ਵਾਲਿਆਂ ਨੂੰ 5000 ਡਾਲਰ ਜੁਰਮਾਨਾ ਜਾਂ ਪੰਜ ਸਾਲ ਦੀ ਸਜ਼ਾ ਹੋ ਸਕਦੀ ਹੈ।

# ਮੁੜ ਅੰਬੈਸਡਰ ਬ੍ਰਿੱਜ ਉੱਤੇ ਕਬਜ਼ਾ ਕਰਨ ਜਾ ਰਹੇ ਸ਼ੱਕੀ ਕਾਫਲੇ ਨੂੰ ਪੁਲਿਸ ਨੇ ਰੋਕਿਆ

ਵਿੰਡਸਰ, 17 ਫਰਵਰੀ (ਪੋਸਟ ਬਿਊਰੋ) : ਵਿੰਡਸਰ ਪੁਲਿਸ ਦਾ ਕਹਿਣਾ ਹੈ ਕਿ ਇੱਕ ਵਾਰੀ ਮੁੜ ਅੰਬੈਸਡਰ ਬ੍ਰਿੱਜ ਉੱਤੇ ਕਬਜਾ ਕਰਨ ਲਈ ਜਾ ਰਹੇ ਸ਼ੱਕੀ ਕਾਫਲੇ ਨੂੰ ਬਾਰਡਰ ਕਰੌਸਿੰਗ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਵੱਲੋਂ ਰੋਕ ਦਿੱਤਾ ਗਿਆ।

ਵਿੰਡਸਰ ਦੇ ਮੇਅਰ ਡ੍ਰਿਊ ਡਿਲਕਨਜ਼ ਨੇ ਵਿੰਡਸਰ ਪੁਲਿਸ ਚੀਫ ਪੈਮ ਮਿਜ਼ੂਨੋ ਤੇ ਡਿਪਟੀ ਚੀਫ ਜੇਸਨ ਬੈਲੇਅਰ ਦੀ ਹਾਜ਼ਰੀ ਵਿੱਚ ਬੁੱਧਵਾਰ ਨੂੰ ਹੁਰੌਨ ਚਰਚ ਰੋਡ ਦੇ ਨਾਲ ਮੌਜੂਦਾ ਸਥਿਤੀ ਬਾਰੇ ਚਾਨਣਾ



ਪਾਇਆ। ਡਿਲਕਨਜ਼ ਨੇ ਆਖਿਆ ਕਿ ਅਜੇ ਵੀ ਆਮ ਵਰਗੇ ਹਾਲਾਤ ਵੱਲ ਮੁੜਨ ਲਈ ਕਈ ਹਫਤਿਆਂ ਦਾ ਸਮਾਂ ਲੱਗ ਸਕਦਾ ਹੈ।

ਜ਼ਿਕਰਯੋਗ ਹੈ ਕਿ ਮੁਜ਼ਾਹਰਾਕਾਰੀਆਂ ਵੱਲੋਂ 7 ਫਰਵਰੀ ਨੂੰ ਹੁਰੌਨ ਚਰਚ ਰੋਡ ਉੱਤੇ ਬਲਾਕੇਡ ਲਾਇਆ ਗਿਆ ਸੀ ਕਿਉਂਕਿ ਉਹ ਕੋਵਿਡ-19 ਸਬੰਧੀ ਪਾਬੰਦੀਆਂ ਤੇ ਵੈਕਸੀਨ ਲਾਜ਼ਮੀ ਕੀਤੇ ਜਾਣ ਦਾ ਵਿਰੋਧ ਕਰ ਰਹੇ ਸਨ। 11 ਫਰਵਰੀ ਨੂੰ ਅਦਾਲਤ ਵੱਲੋਂ ਬਾਰਡਰ ਦੇ ਨਾਲ ਲੱਗਦੀ ਇਸ ਰੋਡ ਤੋਂ ਮੁਜ਼ਾਹਰਾਕਾਰੀਆਂ ਨੂੰ ਹਟਾਉਣ ਦੇ ਹੁਕਮ ਸੁਣਾਏ ਗਏ। ਇਸ ਉੱਤੇ ਕਾਰਵਾਈ ਕਰਦਿਆਂ ਹੋਇਆਂ ਪੁਲਿਸ ਵੱਲੋਂ ਐਤਵਾਰ ਸ਼ਾਮ ਤੱਕ ਮੁਜ਼ਾਹਰਾਕਾਰੀਆਂ ਨੂੰ ਹਟਾਅ ਕੇ ਬਾਰਡਰ ਖਾਲੀ ਕਰਵਾ ਲਿਆ ਗਿਆ ਤੇ ਖੋਲ੍ਹ ਵੀ ਦਿੱਤਾ ਗਿਆ।

ਇਸ ਦੌਰਾਨ 90 ਚਾਰਜਿਜ਼ ਲਾਏ ਗਏ, 46 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ 37 ਵ੍ਹੀਕਲ ਜ਼ਬਤ ਕੀਤੇ ਗਏ। ਇਸ ਤਰ੍ਹਾਂ ਦੇ ਮੁਜ਼ਾਹਰਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਹੁਰੌਨ ਚਰਚ ਦੇ ਪੂਰਬ-ਪੱਛਮ ਵਾਲੀਆਂ ਰੋਡਜ਼ ਉੱਤੇ ਬੈਰੀਕੇਡ ਲਾ ਦਿੱਤੇ ਗਏ ਹਨ।

# ਨਰਿੰਦਰ ਮੋਦੀ ਨੇ ਕਿਹਾ: ਇਹ ਆਮ ਜਿਹੀਆਂ ਚੋਣਾਂ ਨਹੀਂ, ਪੰਜਾਬ ਦੇ ਵਰਤਮਾਨ ਤੇ ਭਵਿੱਖ ਦੀ ਲੜਾਈ ਹੈ

ਅਬੋਹਰ, 17 ਫਰਵਰੀ, (ਪੋਸਟ ਬਿਊਰੋ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵੀਰਵਾਰ ਨੂੰ ਅਬੋਹਰ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਖਰੀ ਰੈਲੀ ਵਿੱਚ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਖੁਸ਼ਹਾਲੀ ਦੇ ਰਾਹ ਉੱਤੇਲਿਜਾਣ ਵਾਲੀ ਸਰਕਾਰ ਦੀ ਲੋੜ ਹੈ ਅਤੇ ਪੰਜਾਬ ਨੂੰ ਇਹ ਖੁਸ਼ਹਾਲੀ ਭਾਜਪਾ ਹੀ ਦੇ ਸਕਦੀ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਚੋਣਾਂ ਦੌਰਾਨਇਹਮੇਰੀ ਆਖਰੀ ਫੇਰੀ ਹੈ, ਮੈਂ ਪਿਛਲੇ ਕੱਝ ਦਿਨਾਂ ਤੋਂ ਪੰਜਾਬ ਦੇ ਕਈ ਖੇਤਰਾਂਵਿੱਚ ਗਿਆ ਤੇ ਪੰਜਾਬ ਵਿੱਚ ਸਿਰਫ਼ ਇੱਕ ਆਵਾਜ਼ ਗੂੰਜਦੀ ਹੈ ਕਿ ਭਾਜਪਾ ਨੂੰ ਜਿਤਾਉਣਾ ਹੈ, ਐੱਨਡੀਏ



ਗੱਠਜੋੜ ਜਿਤਾਉਣਾ ਹੈ। ਪੰਜਾਬ ਵਿੱਚ ਡਬਲ ਇੰਜਨ ਵਾਲੀ ਸਰਕਾਰ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਹ ਆਮ ਚੋਣਾਂ ਨਹੀਂ, ਪੰਜਾਬ ਦੇ ਵਰਤਮਾਨ ਤੇ ਭਵਿੱਖ ਲਈ ਮਹੱਤਵਪੂਰਨ ਚੋਣਾਂ ਹਨ, 20 ਫਰਵਰੀ ਨੂੰ ਪੰਜਾਬ ਦੇ ਲੋਕਾਂ ਨੇ ਪੰਜਾਬ ਵਿਰੋਧੀ ਪਾਰਟੀਆਂ ਦੇ ਗੁਨਾਹਾਂ ਦਾ ਹਿਸਾਬ ਕਰਨਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚਭਾਜਪਾ ਰਾਜ ਨਾਲ ਪੰਜਾਬ ਦਾ ਵਿਕਾਸ ਸਭ ਤੋਂ ਤੇਜ਼ੀ ਨਾਲ ਹੋਇਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਡਬਲ ਇੰਜਨ ਸਰਕਾਰ ਬਣੀ ਤਾਂ ਪੰਜਾਬ ਤੋਂ ਰੇਤ ਮਾਫੀਆ, ਡਰੱਗ ਮਾਫੀਆ ਸਦਾ ਲਈ ਅਲਵਿਦਾ ਕਹਿ ਦੇਵੇਗਾ ਤੇ ਏਥੇ ਉਦਯੋਗਚੱਲਣਗੇ। ਉਨ੍ਹਾਂ ਕਿਹਾ ਕਿ ਪੰਜਾਬ ਬਹੁਤ ਸਾਰੀਆਂ ਸੰਭਾਵਨਾਵਾਂ ਵਾਲਾ ਹੈ, ਪਰ ਕਾਂਗਰਸ ਦੀਆਂ ਨੀਤੀਆਂ ਕਾਰਨ ਉਦਯੋਗ ਇਥੋਂ ਜਾ ਰਹੇ ਹਨ, ਸਾਡੀ ਦੋਹਰੇ ਇੰਜਨ ਵਾਲੀ ਸਰਕਾਰ ਇਸ ਹਾਲਾਤ ਨੂੰ ਬਦਲ ਦੇਵੇਗੀ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦਾ ਹਰ ਕਾਰੋਬਾਰ ਮਾਫੀਆ ਦੀ ਜਕੜ ਹੇਠ ਹੈ, ਵਪਾਰੀ ਮਾਫੀਆ ਦੀ ਮਿਹਰ ਉੱਤੇ ਰਹਿਣ ਲਈ ਮਜਬੂਰ ਹਨ, ਜਦਕਿ ਸਭ ਤੋਂ ਵੱਡੀ ਸਮੱਸਿਆ ਛੋਟੇ ਵਪਾਰੀਆਂ ਨੂੰ ਭੁਗਤਣੀ ਪੈ ਰਹੀ ਹੈ।

# ਕੇਜਰੀਵਾਲ ਨੇ ਕਿਹਾ: ਸਭ ਪਾਰਟੀਆਂ ਆਪ ਨੂੰ ਹਰਾਉਣ ਦੇ ਲਈ ਮਿਲੀਆਂ, ਤੁਸੀਂ ਉਨ੍ਹਾਂ ਨੂੰ ਹਰਾਉਣ ਲਈ ਇਕੱਠੇ ਹੋ ਜਾਓ

ਪਠਾਨਕੋਟ, 17 ਫਰਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਸਰਕਾਰ ਦੇ ਮੁੱਖ ਅਰਵਿੰਦ ਕੇਜਰੀਵਾਲ ਨੇ ਸਾਰੀਆਂ ਵਿਰੋਧੀ ਪਾਰਟੀਆਂ ਉੱਤੇ ਹਮਲਾ ਬੋਲਿਆ ਅਤੇ ਅਕਾਲੀ, ਕਾਂਗਰਸ ਤੇ ਭਾਜਪਾਦੇ ਮਿਲ ਜਾਣ ਦਾ ਦੋਸ਼ ਲਾ ਕੇ ਕਿਹਾ ਕਿ ਤਿੰਨੇ ਪਾਰਟੀਆਂ ਆਮ ਆਦਮੀ ਪਾਰਟੀ ਨੂੰ ਹਰਾਉਣ ਲਈ ਆਪੋ ਵਿੱਚ ਅੰਦਰ-ਖਾਤੇ ਇਕੱਠੀਆਂ ਹੋ ਗਈਆਂ ਹਨ, ਜਿਸ ਬਾਰੇ ਲੋਕਾਂ ਨੂੰ ਸੋਚਣਾ ਪਵੇਗਾ।

ਕੇਜਰੀਵਾਲ ਨੇ ਕਿਹਾ ਕਿ 'ਸਾਡਾ ਮਕਸਦ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਤੇ ਮਾਫੀਆ ਖਤਮ ਕਰਨਾ ਤੇ ਲੋਕਾਂ ਨੂੰ ਚੰਗੀ ਸਿੱਖਿਆ ਤੇ ਚੰਗੀਆਂ ਡਾਕਟਰੀ ਸੇਵਾਵਾਂ



ਦੇਣਾ ਹੈ।ਸਾਡਾ ਮਕਸਦ ਖੇਤੀ ਤੇ ਕਿਸਾਨਾਂ ਦੀ ਹਾਲਤ ਸੁਧਾਰਨਾ ਅਤੇ ਬਿਜਲੀ-ਪਾਣੀ ਦੀ ਸਮੱਸਿਆ ਦੂਰ ਕਰਨਾ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਚੁੰਗਲ ਵਿੱਚੋਂ ਕੱਢ ਕੇ ਚੰਗੀ ਸਿੱਖਿਆ ਅਤੇ ਰੁਜਗਾਰ ਦੇਣਾ ਹੈ। ਦੂਸਰੇ ਪਾਸੇ ਕਾਂਗਰਸ, ਅਕਾਲੀ ਤੇ ਭਾਜਪਾ ਦਾ ਮਕਸਦ ਕਿਸੇ ਵੀ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਹਰਾਉਣਾ ਹੈ।'ਉਨ੍ਹਾ ਨੇ ਲੋਕਾਂ ਨੂੰ ਕਿਹਾ ਕਿ ਸਭ ਪਾਰਟੀਆਂ ਇਮਾਨਦ-ਾਰ ਰਾਜਨੀਤੀ ਨੂੰ ਹਰਾਉਣ ਲਈ ਇਕੱਠੀਆਂ ਹੋ ਗਈਆਂ ਹਨ ਤਾਂ ਤੁਸੀਂ ਇਨ੍ਹਾਂ ਦੀ ਲੁੱਟ ਅਤੇ ਭ੍ਰਿਸ਼ਟਾਚਾਰ ਦੀ ਰਾਜਨੀਤੀ ਨੂੰ ਹਰਾਉਣ ਲਈ ਇਕੱਠੇ ਹੋ ਜਾਓ।'

ਅੱਜ ਵੀਰਵਾਰ ਕੇਜਰੀਵਾਲ ਆਮ ਆਦਮੀ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਪਠਾਨਕੋਟ ਪੁੱਜੇ ਸਨ, ਜਿੱਥੇ ਉਨਾਂ ਨੇ ਸੁਜਾਨਪੁਰ ਤੋਂ ਆਪਣੀ ਪਾਰਟੀ ਦੇ ਉਮੀਦਵਾਰ ਅਮਿਤ ਸਿੰਘ ਮੰਟੋ, ਭੋਆ ਤੋਂ ਉਮੀਦਵਾਰ ਲਾਲ ਚੰਦ ਕਟਾਰੂਚੱਕ ਤੇ ਪਠਾਨਕੋਟ ਤੋਂ ਉਮੀਦਵਾਰ ਵਿਭੂਤੀ ਸਰਮਾ ਲਈ ਨੁੱਕੜ ਮੀਟਿੰਗਾਂ ਕਰਕੇ ਪ੍ਰਚਾਰ ਕੀਤਾ ਤੇ ਲੋਕਾਂ ਨੂੰ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣਾਉਣ ਦੀ ਅਪੀਲ ਕੀਤੀ। ਕੇਜਰੀਵਾਲ ਨੇ ਕਿਹਾ ਕਿ 'ਸਾਰੀਆਂ ਪਾਰਟੀਆਂ ਮਿਲ ਕੇ ਸਿਰਫ ਮੈਨੂੰ ਅਤੇ ਭਗਵੰਤ ਮਾਨ ਨੂੰ ਗਾਲਾਂ ਕੱਢਦੀਆਂ ਹਨ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪ੍ਰਿਅੰਕਾ ਗਾਂਧੀ ਆਪਣੀਆਂ ਸਾਰੀਆਂ ਮੀਟਿੰਗਾਂ ਵਿੱਚ ਸਿਰਫ ਮੈਨੂੰ ਤੇ ਭਗਵੰਤ ਮਾਨ ਨੂੰ ਗਾਲਾਂ ਕੱਢਦੇ ਹਨ, ਪਰ ਸੁਖਬੀਰ ਸਿੰਘ ਬਾਦਲ ਨੂੰ ਕੁਝ ਨਹੀਂ ਬੋਲਦੇ। ਸੁਖਬੀਰ ਸਿੰਘ ਬਾਦਲ ਵੀ ਮੈਨੂੰ ਅਤੇ ਮਾਨ ਨੂੰ ਹੀ ਗਾਲਾਂ ਕੱਢਦੇ ਹਨ, ਪਰ ਪੁਰਾਣੀ ਭਾਈਵਾਲ ਭਾਜਪਾ ਅਤੇ ਕਾਂਗਰਸ ਨੂੰ ਕੁਝ ਨਹੀਂ ਕਹਿੰਦੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਵੀ ਚੋਣ ਮੀਟਿੰਗਾਂ ਵਿੱਚ ਸਾਨੂੰ ਗਾਲਾਂ ਕੱਢਦੇ ਹਨ, ਸੁਖਬੀਰ ਸਿੰਘ ਬਾਦਲਬਾਰੇ ਕੁਝ ਨਹੀਂ ਬੋਲਦੇ।

# ਪੂਰਬੀਆ ਲੋਕਾਂ ਬਾਰੇ ਬਿਆਨ ਕਾਰਨ ਮੁੱਖ ਮੰਤਰੀ ਚੰਨੀ ਵਿਰੁੱਧ ਪਟਨਾ ਵਿੱਚ ਕੇਸ ਦਰਜ



ਪਟਨਾ, 17 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਬੀਤੇ ਦਿਨੀਂ ਯੂ ਪੀ-ਬਿਹਾਰ ਦੇ ਲੋਕਾਂ ਬਾਰੇ ਦਿੱਤੇ ਬਿਆਨ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਵਧਣ ਲੱਗੀਆਂ ਹਨ। ਬਿਹਾਰ ਵਿੱਚਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਖਿਲਾਫ਼ ਕੇਸ ਦਰਜ ਹੋ ਗਿਆਤੇ ਇਸ ਸ਼ਿਕਾਇਤ ਵਿੱਚ ਮੁੱਖ ਮੰਤਰੀ ਚੰਨੀ ਵੱਲੋਂ ਬਿਹਾਰ-ਯੂ ਪੀ ਦੇ ਵਾਸੀਆਂਬਾਰੇਦਿੱਤੇ ਬਿਆਨ ਨੂੰ ਵਿਵਾਦਪੂਰਨ ਦੱਸਿਆ ਗਿਆ ਹੈ।

ਭਾਰਤੀ ਜਨਤਾ ਯੁਵਾ ਮੋਰਚਾ ਦੇ ਰਾਸ਼ਟਰੀ ਉੱਪ ਪ੍ਰਧਾਨ ਮਨੀਸ਼ ਕੁਮਾਰ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇ ਯੂ ਪੀ ਅਤੇ ਬਿਹਾਰ ਦੇ ਨਾਗਰਿਕਾਂ ਨੂੰ ਪੰਜਾਬ ਵਿੱਚ ਦਾਖ਼ਲ ਨਾ ਹੋਣ ਦੇਣ ਵਾਲੇ ਬਿਆਨ ਬਾਰੇ ਕਦਮਕੂੰਆਂ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਤੇ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਸੰਵਿਧਾਨਕ ਅਹੁਦੇਵਾਲੇ ਕਾਂਗਰਸ ਨੇਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਭੜਕਾਊ ਬਿਆਨ ਦੇਣ ਨਾਲ ਬਿਹਾਰ ਅਤੇ ਉੱਤਰ ਪ੍ਰਦੇਸ਼ ਦੀ ਜਨਤਾ ਨੂੰ ਠੇਸ ਪਹੁੰਚੀ ਹੈ।

ਅਸਲ ਵਿੱਚ ਚਰਨਜੀਤ ਸਿੰਘ ਚੰਨੀ ਨੇ ਬੀਤੇ ਬੁੱਧਵਾਰ ਨੂੰ ਚੋਣ ਰੈਲੀ ਦੇ ਦੌਰਾਨ ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਵਾਸੀਆਂਬਾਰੇ ਟਿੱਪਣੀ ਕੀਤੀ ਸੀ। ਪੰਜਾਬ ਵਿੱਚ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਕਿਹਾ ਕਿ ਪੰਜਾਬ ਪੰਜਾਬੀਆਂ ਦਾ ਹੈ, ਏਥੇ ਕੋਈ ਨਵੀਂ ਰਾਜਨੀਤੀ ਨਹੀਂ ਚੱਲੇਗੀ ਤੇ ਜੋ ਬਾਹਰੋਂ ਆਉਂਦੇ ਹਨ, ਉਨ੍ਹਾਂ ਨੂੰ ਪੰਜਾਬੀਅਤ ਸਿਖਾ ਦਿਓ। ਚੰਨੀ ਨੇ ਕਿਹਾ ਸੀ ਕਿ ਯੂ ਪੀ ਅਤੇ ਬਿਹਾਰ ਅਤੇਦਿੱਲੀ ਦੇ ਭਈਏ ਏਥੇ ਰਾਜ ਨਹੀਂ ਕਰ ਸਕਦੇ।ਏਥੇ ਰਾਜ ਕਰਨਾ ਚਾਹੁੰਦੇਯੂ ਪੀ, ਬਿਹਾਰ ਅਤੇ ਦਿੱਲੀ ਦੇ ਭਈਆਂ ਨੂੰ ਪੰਜਾਬ ਵਿੱਚ ਦਾਖ਼ਲ ਨਹੀਂ ਹੋਣ ਦੇਣਾ। ਇਸ ਮੌਕੇ ਉਨ੍ਹਾਂ ਨਾਲ ਪ੍ਰਿਅੰਕਾ ਗਾਂਧੀ ਵੀ ਮੌਜੂਦ ਸਨ ਅਤੇ ਉਹ ਮੁੱਖ ਮੰਤਰੀ ਚੰਨੀ ਦੇ ਬਿਆਨ ਉੱਤੇ ਤਾੜੀਆਂ ਵਜਾ ਕੇ ਮੁਸਕਰਾਈ ਸੀ।

# ਰਾਜੇਵਾਲ ਨੇ ਪਹਿਲੀ ਵਾਰ ਸੰਯੁਕਤ ਕਿਸਾਨ ਮੋਰਚਾ ਤੋਂ ਸਾਥ ਮੰਗਿਆ

*** ਪਿਛਲੀਆਂ ਭੁੱਲਾਂ ਦੀ ਮਾਫੀ ਵੀ ਮੰਗੀ**



ਚੰਡੀਗੜ੍ਹ, 17 ਫਰਵਰੀ, (ਪੋਸਟ ਬਿਊਰੋ)- ਸੰਯੁਕਤ ਸਮਾਜ ਮੋਰਚਾ ਦੇ ਪ੍ਰਧਾਨ ਅਤੇ ਪ੍ਰਮੁੱਖ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਅੱਜ ਵੀਰਵਾਰ ਪਹਿਲੀ ਵਾਰ ਚੋਣਾਂ ਲਈ ਸੰਯੁਕਤ ਕਿਸਾਨ ਮੋਰਚਾ ਤੋਂ ਸਾਥ ਮੰਗਿਆ ਹੈ। ਉਨ੍ਹਾਂ ਨੇ ਸੰਯੁਕਤ ਕਿਸਾਨ ਮੋਰਚਾ ਨੂੰ ਚੋਣਾਂ ਵਿੱਚ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਚੋਣਾਂ ਵਿੱਚ ਸਾਡਾ ਸਾਥ ਦੇਣਾ ਚਾਹੀਦਾ ਹੈ। ਇਸ ਮੌਕੇ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ 'ਜੇ ਮੈਂ ਰਾਕੇਸ਼ ਟਿਕੈਤ, ਯੋਗਿੰਦਰ ਯਾਦਵ, ਜਗਜੀਤ ਸਿੰਘ ਡੱਲੇਵਾਲ ਤੇ ਜੋਗਿੰਦਰ ਸਿੰਘ ਉਗਰਾਹਾਂ ਬਾਰੇ ਕੁਝ ਗਲਤ ਕਿਹਾ ਹੈ ਤਾਂ ਮੈਂ ਉਸ ਦੀ ਮੁਆਫੀ ਚਾਹੁੰਦਾ ਹਾਂ। ਪੁਰਾਣੀਆਂ ਗੱਲਾਂ ਭੁੱਲਾ ਕੇ ਚੋਣਾਂ ਵਿੱਚ ਸਾਡਾ ਸਾਥ ਦਿਓ ਤਾਂ ਜੋ ਪੰਜਾਬ ਦੀਆਂ ਪੁਰਾਣੀਆਂ ਪਾਰਟੀਆਂ ਦਾ ਰਾਜ ਖਤਮ ਕਰੀਏ।' ਵਰਨਣ ਯੋਗ ਹੈ ਕਿ ਪੰਜਾਬ ਲਈ 20 ਫਰਵਰੀ ਨੂੰ ਵੋਟਿੰਗ ਤੋਂ ਪਹਿਲਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਚੋਣ ਮੁਹਿਮ ਪੂਰੀ ਤਰ੍ਹਾਂ ਚੜ੍ਹਾ ਰੱਖੀ ਹੈ ਤੇ 22 ਕਿਸਾਨ ਜਥੇਬੰਦੀਆਂ ਦੇ ਸੰਯੁਕਤ ਸਮਾਜ ਮੋਰਚਾ ਦੇ ਉਮੀਦਵਾਰ ਵੀ ਮੈਦਾਨ ਵਿੱਚ ਹਨ। ਦੂਸਰੇ ਪਾਸੇ ਸੰਯੁਕਤ ਕਿਸਾਨ ਮੋਰਚਾ ਦਾ ਐਲਾਨ ਹੈ ਕਿ ਚੋਣਾਂ ਲੜ ਰਹੀਆਂ ਜਥੇਬੰਦੀਆਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਇਸ ਕਰਕੇ ਕਿਸਾਨ ਚੋਣਾਂ ਨੂੰ ਲੈ ਕੇ ਦੋਫਾੜ ਹੋ ਗਏ ਹਨ।

# ਦੀਪ ਸਿੱਧੂ ਦੀ ਮੌਤ ਦੇ ਕੇਸ ਵਿੱਚ ਟਰੱਕ ਡਰਾਈਵਰ ਗ੍ਰਿਫਤਾਰ

ਸੋਨੀਪਤ, 17 ਫਰਵਰੀ, (ਪੋਸਟ ਬਿਊਰੋ)- ਪੰਜਾਬੀ ਗਾਇਕ ਤੇ ਅਦਾਕਾਰ ਦੀਪ ਸਿੱਧੂ ਦੀ ਸੜਕ ਹਾਦਸੇ ਵਿੱਚ ਮੌਤ ਦੇ ਕੇਸ ਵਿੱਚ ਹਰਿਆਣਾ ਪੁਲੀਸ ਨੇ ਟਰਾਲਾ ਚਾਲਕ ਗ੍ਰਿਫ਼ਤਾਰ ਕਰ ਲਿਆ ਹੈ।ਦੋਸ਼ੀ ਡਰਾਈਵਰ ਕਾਸਿਮ ਹਰਿਆਣਾ ਦੇ ਨੂਹ ਜ਼ਿਲੇ ਦਾ ਰਹਿਣ ਵਾਲਾ ਹੈ। ਉਸ ਬਾਰੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਵਰਨਣ ਯੋਗ ਹੈ ਕਿ ਬੀਤੇ ਮੰਗਲਵਾਰ ਦੇਰ ਰਾਤ ਸੜਕ ਹਾਦਸੇ ਵਿੱਚ ਪ੍ਰਸਿੱਧ ਪੰਜਾਬੀ ਗਾਇਕ ਤੇ ਅਦਾਕਾਰ ਦੀਪ ਸਿੱਧੂ ਦੀ ਮੌਤ ਹੋ ਗਈ ਸੀ। ਉਸ ਵਕਤ ਦੀਪ ਆਪਣੀ ਗਰਲ ਫਰੈਂਡ ਨਾਲ ਸਕਾਰਪੀਓ ਵਿੱਚਦਿੱਲੀ ਤੋਂ ਪੰਜਾਬ ਆ ਰਿਹਾ ਸੀ ਤਾਂ ਸੋਨੀਪਤ ਜ਼ਿਲੇਵਿੱਚ ਕੁੰਡਲੀ-ਮਾਨੇਸਰ-ਪਲਵਲ (ਕੇਐਮਪੀ) ਐਕਸਪ੍ਰੈਸਵੇਅ ਉੱਤੇ ਖਰਖੋਦਾ ਦੇ ਟੋਲ ਪਲਾਜ਼ਾ ਨੇੜੇ ਉਸਦੀ ਕਾਰ ਇੱਕ ਟਰਾਲੀ ਨਾਲ ਜਾ ਵੱਜੀ। ਜਦੋਂ ਤੱਕ ਪੁਲੀਸ ਪਹੁੰਚੀ, ਦੀਪ ਸਿੱਧੂ ਦੀ ਮੌਤ ਹੋ ਚੁੱਕੀ ਸੀ ਅਤੇ ਉਸ ਦੀ ਮੰਗੇਤਰ ਰੀਨਾ ਰਾਏ ਦੀ ਹਾਲਤ ਗੰਭੀਰ ਸੀ, ਜਿਸ ਨੂੰ ਹਸਪਤਾਲ ਭੇਜਿਆ ਗਿਆ ਸੀ।

ਦੀਪ ਸਿੱਧੂਓਦੋਂ ਸੁਰਖੀਆਂ ਵਿੱਚ ਆਏ ਸਨ, ਜਦੋਂ ਦਿੱਲੀਬਾਰਡਰ ਉੱਤੇ ਕਿਸਾਨ ਅੰਦੋਲਨ ਮੌਕੇ ਲਾਲ ਕਿਲ੍ਹੇ ਉੱਤੇ ਧਾਰਮਿਕ ਝੰਡਾ ਲਹਿਰਾਇਆ ਗਿਆ ਅਤੇ ਇਸ ਕੇਸਵਿੱਚਸਿੱਧੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਲਾਲ ਕਿਲ੍ਹਾ ਹਿੰਸਾ ਕੇਸ ਦਾ ਦੋਸ਼ੀ ਮੰਨਿਆ ਗਿਆ ਤੇ ਕਈ ਸਿਆਸੀ ਪਾਰਟੀਆਂ ਨਾਲ ਉਸ ਦੇ ਮੱਤਭੇਦਉੱਭਰ ਪਏ ਸਨ। ਉਸ ਦੇ ਪਰਿਵਾਰ ਤੇ ਦੋਸਤਾਂ ਨੇ ਇਸ ਸੜਕ ਹਾਦਸੇ ਨੂੰ ਸਾਜ਼ਿਸ਼ ਕਰਾਰ ਦਿੱਤਾ ਸੀ।ਸਿੱਧੂ ਦੇ ਭਰਾ ਨੇ ਟਰਾਲੀ ਚਾਲਕ ਦੇ ਖਿਲਾਫ ਕੇਸ ਦਰਜ ਕਰਵਾਇਆ ਸੀ ਅਤੇ ਉਦੋਂ ਤੋਂ ਪੁਲਿਸ ਉਸ ਦੀ ਭਾਲ ਕਰ ਰਹੀ ਸੀ।

# ਵਿਆਹ ਵਿੱਚ ਦੋ ਧਿਰਾਂ ਦਾ ਝਗੜੇ ਦੌਰਾਨ ਭਤੀਜਿਆਂ ਦੀ ਮਾਰ-ਕੁੱਟ ਰੋਕਦੇ ਚਾਚੇ ਦੀ ਮੌਤ

ਕਪੂਰਥਲਾ, 17 ਫਰਵਰੀ (ਪੋਸਟ ਬਿਊਰੋ)- ਨਡਾਲਾ ਦੇ ਪੈਲੇਸ ਵਿੱਚ ਚੱਲਦੇ ਵਿਆਹ ਵਿੱਚ ਹੋਇਆ ਮਾਮੂਲੀ ਝਗੜਾ ਮਾਰਕੁੱਟ ਵਿੱਚ ਬਦਲ ਗਿਆ ਅਤੇ ਇਸ ਨਾਲ 38 ਸਾਲਾ ਵਿਅਕਤੀ ਦੀ ਮੌਤ ਹੋ ਗਈ। ਥਾਣਾ ਸੁਭਾਨਪੁਰ ਪੁਲਸ ਨੇ ਦੋ ਜ਼ਖਮੀਆਂ ਨੂੰ ਇਲਾਜ ਲਈ ਸਿਵਲ ਵਿੱਚ ਭਰਤੀ ਕਰਾਇਆ ਗਿਆ ਹੈ। ਦੋਸ਼ੀ ਫਰਾਰ ਹੋ ਗਏ ਹਨ। ਮ੍ਰਿਤਕ ਦੀ ਪਛਾਣ 38 ਸਾਲਾ ਕਿਸਾਨ ਮਨਪ੍ਰੀਤ ਸਿੰਘ ਪੁੱਤਰ ਹਜ਼ਾਰਾ ਸਿੰਘ ਪਿੰਡ ਮਿਰਜ਼ਾਪੁਰ ਢਿੱਲਵਾਂ ਦੇ ਰੂਪ ਵਿੱਚ ਹੋਈ ਹੈ। ਥਾਣਾ ਸੁਭਾਨਪੁਰ ਦੇ ਮੁਖੀ ਨੇ ਦੱਸਿਆ ਕਿ ਨਡਾਲਾ ਦੇ ਪੈਲੇਸ ਵਿੱਚ ਪਿੰਡ ਮਿਰਜ਼ਾਪੁਰ ਵਾਸੀ ਵਿਆਹ ਵਿੱਚ ਇਕੱਠੇ ਹੋਏ ਸਨ। ਕਿਸੇ ਗੱਲ ਤੋਂ ਦੋ ਧਿਰਾਂ ਵਿੱਚ ਝਗੜਾ ਹੋ ਗਿਆ ਅਤੇ ਦੋ ਨੌਜਵਾਨ ਜ਼ਖਮੀ ਹੋ ਗਏ। ਜ਼ਖਮੀਆਂ ਦਾ ਚਾਚਾ ਮਨਪ੍ਰੀਤ ਸਿੰਘ ਕਾਰ ਵਿੱਚ ਉਨ੍ਹਾਂ ਨੂੰ ਨਡਾਲਾ ਦੇ ਹਸਪਤਾਲ ਵਿੱਚ ਇਲਾਜ ਕਰਾਉਣ ਲਈ ਲਿਜਾ ਰਿਹਾ ਸੀ। ਇਸ ਦੌਰਾਨ ਪਿੱਛੋਂ ਕੁਝ ਲੋਕ ਆਏ, ਜਿਨ੍ਹਾਂ ਦੀ ਗਿਣਤੀ ਅਜੇ ਪਤਾ ਨਹੀਂ ਲੱਗੀ ਅਤੇ ਕਾਰ ਸਵਾਰ ਜ਼ਖਮੀ ਦੋ ਨੌਜਵਾਨਾਂ ਨੂੰ ਰੋਕ ਲਿਆ ਅਤੇ ਫਿਰ ਮਾਰਕੁੱਟ ਸ਼ੁਰੂ ਕਰ ਦਿੱਤੀ। ਬਚਾਅ ਲਈ ਉਨ੍ਹਾਂ ਦਾ ਚਾਚਾ ਮਨਪ੍ਰੀਤ ਸਿੰਘ ਆਇਆ ਤਾਂ ਦੋਸ਼ੀਆਂ ਨੇ ਉਸ ਉੱਤੇ ਵੀ ਹਮਲਾ ਕਰ ਦਿੱਤਾ। ਰੌਲਾ ਪੈਣ ਉੱਤੇ ਭੀੜ ਆਈ ਤਾਂ ਹਮਲਾਵਰ ਕਾਰ ਸਮੇਤ ਫਰਾਰ ਹੋ ਗਏ। ਡਿਊਟੀ ਡਾਕਟਰ ਨੇ ਮਨਪ੍ਰੀਤ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE




CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification



Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
2565 Steeles Ave E Unit #20, Brampton, ON L6T 4L6
Paramjit Singh Gill
(MBA,LL.B.)
Tel: 905-790-3636





Emergency Contact:
416.910.5676
www.shergilllawfirm.ca

# ਕੋਵਿਡ ਤੋਂ ਅੱਕ ਚੁੱਕੀ ਹੈ ਦੁਨੀਆ, ਆ ਗਿਆ ਹੈ ਪਾਬੰਦੀਆਂ ਹਟਾਉਣ ਦਾ ਸਮਾਂ : ਫੋਰਡ

ਓਨਟਾਰੀਓ, 17 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਲੋਕ ਵੈਕਸੀਨ ਸਰਟੀਫਿਕੇਟਸ ਤੇ ਮਾਸਕਸ ਆਦਿ ਵਰਗੇ ਨਿਯਮਾਂ ਤੋਂ ਅੱਕ ਚੁੱਕੇ ਹਨ ਤੇ ਹੁਣ ਪਬਲਿਕ ਹੈਲਥ ਪਾਬੰਦੀਆਂ ਹਟਾਉਣ ਦਾ ਸਮਾਂ ਆ ਗਿਆ ਹੈ।




ਇਸ ਤੋਂ ਇੱਕ ਦਿਨ ਪਹਿਲਾਂ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਬਿਜ਼ਨਸ ਰੀਓਪਨਿੰਗ ਪਲੈਨ ਵਿੱਚ ਤੇਜ਼ੀ ਲਿਆਉਣ ਦਾ ਐਲਾਨ ਕੀਤਾ ਸੀ ਤੇ ਇਸ ਦੇ ਨਾਲ ਹੀ ਕੁੱਝ ਹਫਤਿਆਂ ਦੇ ਅੰਦਰ ਅੰਦਰ ਵੈਕਸੀਨ ਸਰਟੀਫਿਕੇਟ ਵਰਗੇ ਸਿਸਟਮ ਨੂੰ ਖ਼ਤਮ ਕਰਨ ਦੀ ਗੱਲ ਵੀ ਆਖੀ ਗਈ ਸੀ। ਡੱਗ ਫੋਰਡ ਨੇ ਆਖਿਆ ਕਿ ਉਹ ਇਨ੍ਹਾਂ ਪਾਬੰਦੀਆਂ ਨੂੰ ਜਲਦ ਖ਼ਤਮ ਕਰਨ ਦੇ ਹੱਕ ਵਿੱਚ ਹਨ। ਹੈਮਿਲਟਨ, ਓਨਟਾਰੀਓ ਵਿੱਚ ਮੈਨੂਫੈਕਚਰਿੰਗ ਨਾਲ ਸਬੰਧਤ ਐਲਾਨ ਦਰਮਿਆਨ ਫੋਰਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਬਿਲਕੁਲ ਪਸੰਦ ਨਹੀਂ ਕਿ ਸਰਕਾਰ ਹੋਣ ਨਾਤੇ ਉਹ ਲੋਕਾਂ ਨੂੰ ਦੱਸਣ ਕਿ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ। ਅਸੀਂ ਇਨ੍ਹਾਂ ਪਾਬੰਦੀਆਂ ਵਿੱਚੋਂ ਨਿਕਲਣਾ ਚਾਹੁੰਦੇ ਹਾਂ ਤੇ ਕਾਰੋਬਾਰਾਂ ਦੇ ਨਾਲ ਨਾਲ ਨੌਕਰੀਆਂ ਵੀ ਬਚਾਉਣੀਆਂ ਚਾਹੁੰਦੇ ਹਾਂ।

ਪਹਿਲੀ ਮਾਰਚ ਤੋਂ ਸਰਕਾਰ ਕਾਰੋਬਾਰਾਂ ਅਤੇ ਸੋਸ਼ਲ ਗੈਦਰਿੰਗਜ਼ ਉੱਤੇ ਲੱਗੀ ਕਪੈਸਿਟੀ ਲਿਮਿਟ ਨੂੰ ਪੂਰੀ ਤਰ੍ਹਾਂ ਹਟਾਉਣਾ ਚਾਹੁੰਦੀ ਹੈ। ਵੈਕਸੀਨ ਸਰਟੀਫਿਕੇਟ ਪਾਲਿਸੀ ਨੂੰ ਵੀ ਉਸੇ ਦਿਨ ਖ਼ਤਮ ਕੀਤਾ ਜਾਵੇਗਾ। ਫੋਰਡ ਨੇ ਆਖਿਆ ਕਿ ਵੈਕਸੀਨੇਸ਼ਨ ਪਾਲਿਸੀ ਲਿਆਉਣ ਦਾ ਉਨ੍ਹਾਂ ਦਾ ਕੋਈ ਇਰਾਦਾ ਨਹੀਂ ਸੀ ਪਰ ਹਾਲਾਤ ਦੀ ਨਜ਼ਾਕਤ ਤੇ ਪ੍ਰੋਵਿੰਸ ਦੇ ਚੀਫ ਮੈਡੀਕਲ ਆਫੀਸਰ ਡਾ. ਕੀਰਨ ਮੂਰ ਦੀ ਸਲਾਹ ਉੱਤੇ ਉਨ੍ਹਾਂ ਨੂੰ ਅਜਿਹਾ ਕਰਨਾ ਪਿਆ।

# ਟਰੱਕਰਜ਼ ਦੇ ਮੁਜ਼ਾਹਰਿਆਂ ਦਰਮਿਆਨ ਓਟਵਾ ਪੁਲਿਸ ਚੀਫ ਨੇ ਦਿੱਤਾ ਅਸਤੀਫਾ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਓਟਵਾ ਪੁਲਿਸ ਚੀਫ ਪੀਟਰ ਸਲੋਲੀ ਵੱਲੋਂ ਡਾਊਨਟਾਊਟ ਓਟਵਾ ਵਿੱਚ ਟਰੱਕਰਜ਼ ਦੇ ਮੁਜ਼ਾਹਰੇ ਦੇ ਚੱਲਦਿਆਂ ਅੱਜ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਗਿਆ। ਹਾਲਾਤ ਨੂੰ ਚੰਗੀ ਤਰ੍ਹਾਂ ਨਾ ਸਾਂਭ ਸਕਣ ਕਾਰਨ ਚੁਫੇਰਿਓਂ ਹੋ ਰਹੀ ਆਲੋਚਨਾ ਕਾਰਨ ਇਹ ਅਸਤੀਫਾ ਦਿੱਤਾ ਗਿਆ।



ਮੰਗਲਵਾਰ ਨੂੰ ਵਿਸ਼ੇਸ਼ ਮੀਟਿੰਗ ਵਿੱਚ ਬੋਰਡ ਦੀ ਚੇਅਰ ਡਾਇਨੇ ਡੀਨਜ਼ ਨੇ ਦੱਸਿਆ ਕਿ ਸਲੋਲੀ ਤੇ ਓਟਵਾ ਪੁਲਿਸ ਸਰਵਿਸਿਜ਼ ਇਸ ਫੈਸਲੇ ਤੋਂ ਸਹਿਮਤ ਹਨ। ਜ਼ਿਕਰਯੋਗ ਹੈ ਕਿ ਡਾਊਨਟਾਊਨ ਮੁਜ਼ਾਹਰੇ 19ਵੇਂ ਦਿਨ ਵਿੱਚ ਦਾਖਲ ਹੋ ਗਏ ਹਨ। ਮੁਜ਼ਾਹਰਾਕਾਰੀ ਵੈਲਿੰਗਟਨ ਸਟਰੀਟ ਤੇ ਉਸ ਦੇ ਆਲੇ ਦੁਆਲੇ ਉੱਤੇ ਡੇਰਾ ਲਾਈ ਬੈਠੇ ਹਨ ਤੇ ਇੱਥੋਂ ਜਾਣ ਦਾ ਨਾਂ ਨਹੀਂ ਲੈ ਰਹੇ। ਸਲੋਲੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਉਹ ਭਾਰੀ ਮਨ ਨਾਲ ਇਹ ਅਹੁਦਾ ਛੱਡ ਰਹੇ ਹਨ।

ਉਨ੍ਹਾਂ ਆਖਿਆ ਕਿ ਮੁਜ਼ਾਹਰੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਵੱਲੋਂ ਸਿਟੀ ਨੂੰ ਸੇਫ ਰੱਖਣ ਤੇ ਇਸ ਸੰਕਟ ਤੋਂ ਜਲਦ ਤੋਂ ਜਲਦ ਨਿਜਾਤ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਡੀਨ ਨੇ ਆਖਿਆ ਕਿ ਹੁਣ ਬੋਰਡ ਨਵੇਂ ਕਮਾਂਡ ਢਾਂਚੇ ਨੂੰ ਲਿਆਉਣ ਲਈ ਕੰਮ ਕਰ ਰਿਹਾ ਹੈ ਤੇ ਜਲਦ ਹੀ ਨਵਾਂ ਚੀਫ ਨਿਯੁਕਤ ਕੀਤਾ ਜਾਵੇਗਾ। ਹਾਲ ਦੀ ਘੜੀ ਡਿਪਟੀ ਚੀਫ ਸਟੀਵ ਬੈੱਲ ਨੂੰ ਅੰਤਰਿਮ ਚੀਫ ਬਣਾਇਆ ਗਿਆ ਹੈ।

# ਬਿਨਾਂ ਮੁਕਾਬਲੇ ਤੋਂ ਓਨਟਾਰੀਓ ਪੁਲਿਸ ਬੋਰਡ ਨੇ ਹਾਇਰ ਕੀਤਾ ਨਵਾਂ ਪੁਲਿਸ ਚੀਫ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਕਿਸੇ ਮੁਕਾਬਲੇ ਤੋਂ ਬਿਨਾਂ ਹੀ ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੇ ਚੇਅਰ ਨੇ ਨਵੇਂ ਪੁਲਿਸ ਚੀਫ ਨੂੰ ਹਾਇਰ ਕਰ ਲਿਆ।

ਸੂਤਰਾਂ ਨੇ ਦੱਸਿਆ ਕਿ ਸਾਬਕਾ ਪੁਲਿਸ ਚੀਫ ਪੀਟਰ ਸਲੋਲੀ ਨੂੰ ਹਟਾਉਣ ਲਈ ਡਾਇਨ ਡੀਨਜ਼ ਬੋਰਡ ਕੋਲ ਗਈ। ਇਸ ਤੋਂ ਬਾਅਦ ਡੀਨਜ਼ ਤੇ ਬੋਰਡ ਨੇ ਬਿਨਾਂ ਮੁਕਾਬਲੇਬਾਜ਼ੀ ਤੋਂ ਦੱਖਣੀ ਓਨਟਾਰੀਓ ਤੋਂ ਨਵੇਂ ਅੰਤਰਿਮ ਚੀਫ ਨੂੰ ਹਾਇਰ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬੋਰਡ ਵੱਲੋਂ ਸਾਬਕਾ ਵਾਟਰਲੂ ਪੁਲਿਸ ਚੀਫ ਮੈਥਿਊ ਟੋਰੀਜੀਅਨ ਨੂੰ ਹਾਇਰ ਕੀਤਾ ਗਿਆ ਹੈ।




ਟੋਰੀਜੀਅਨ ਨੇ 29 ਸਾਲ ਵਾਟਰਲੂ ਪੁਲਿਸ ਸਰਵਿਸ ਵਿੱਚ ਕੰਮ ਕੀਤਾ, ਜਿਨ੍ਹਾਂ ਵਿੱਚੋਂ 2007 ਤੋਂ 2014 ਤੱਕ ਉਹ ਸੱਤ ਸਾਲ ਤੱਕ ਚੀਫ ਵੀ ਰਹੇ। ਫਿਰ ਉਹ ਓਨਟਾਰੀਓ ਪਬਲਿਕ ਸਰਵਿਸ ਵਿੱਚ ਚਲੇ ਗਏ। ਉਨ੍ਹਾਂ ਨੂੰ ਪੁਲਿਸ ਚੀਫ ਵਜੋਂ ਹਾਇਰ ਕਰਨ ਦੀ ਗੱਲ ਕਾਊਂਸਲ ਮੈਂਬਰਾਂ ਨੂੰ ਵੀ ਨਹੀਂ ਦੱਸੀ ਗਈ।

ਮੇਅਰ ਜਿੰਮ ਵਾਟਸਨ ਨੂੰ ਜਦੋਂ ਇਸ ਯੋਜਨਾ ਦਾ ਪਤਾ ਲੱਗਿਆ ਤਾਂ ਉਨ੍ਹਾਂ ਡੀਨਜ਼ ਨੂੰ ਅਸਤੀਫਾ ਦੇਣ ਲਈ ਆਖਿਆ ਪਰ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਵਾਟਸਨ ਉਸ ਨੂੰ ਬੋਰਡ ਤੋਂ ਹਟਾਉਣ ਲਈ ਜ਼ੋਰ ਲਾ ਰਹੇ ਹਨ। ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੇ ਸੱਤ ਵਿੱਚੋਂ ਚਾਰ ਮੈਂਬਰਾਂ ਨੂੰ ਸਿਟੀ ਕਾਊਂਸਲ ਨਿਯੁਕਤ ਕਰਦੀ ਹੈ। ਕਾਊਂਸਲ ਉਨ੍ਹਾਂ ਨੂੰ ਹਟਾਉਣ ਲਈ ਵੋਟ ਵੀ ਕਰ ਸਕਦੀ ਹੈ।

ਜ਼ਿਕਰਯੋਗ ਹੈ ਕਿ ਡੀਨਜ਼ ਨੂੰ ਓਟਵਾ ਪੁਲਿਸ ਸਰਵਿਸਿਜ਼ ਬੋਰਡ ਦੀ ਚੇਅਰ ਦੇ ਅਹੁਦੇ ਤੋਂ ਹਟਾਅ ਦਿੱਤਾ ਗਿਆ ਹੈ ਜਦਕਿ ਕਾਊਂਸਲਰ ਰਾਅਲਸਨ ਕਿੰਗ ਤੇ ਸੈਂਡੀ ਸਮਾਲਵੁੱਡ ਵੱਲੋਂ ਬੋਰਡ ਤੋਂ ਅਸਤੀਫਾ ਦੇ ਦਿੱਤਾ ਗਿਆ ਹੈ।

# ਫਰੀਡਮ ਕੌਨਵੌਏ ਦੇ ਪ੍ਰਬੰਧਕਾਂ ਨਾਲ ਸਿਟੀ ਆਫ ਓਟਵਾ ਨੇ ਕੀਤੀ ਡੀਲ : ਮੇਅਰ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਓਟਵਾ ਦੇ ਮੇਅਰ ਦਾ ਕਹਿਣਾ ਹੈ ਕਿ ਪਿਛਲੇ ਦੋ ਹਫਤਿਆਂ ਤੋਂ ਵੀ ਵੱਧ ਸਮੇਂ ਤੋਂ ਡਾਊਨਟਾਊਨ ਸਟਰੀਟਸ ਵਿੱਚ ਜਾਮ ਲਾਈ ਬੈਠੇ ਮੁਜ਼ਾਹਰਾਕਾਰੀਆਂ ਨਾਲ ਸਿਟੀ ਨੇ ਡੀਲ ਸਿਰੇ ਚੜ੍ਹਾ ਲਈ ਹੈ।



ਮੇਅਰ ਜਿੰਮ ਵਾਟਸਨ ਨੇ ਐਤਵਾਰ ਦੁਪਹਿਰ ਨੂੰ ਆਖਿਆ ਕਿ ਇਸ ਡੀਲ ਤਹਿਤ ਅਗਲੇ 24 ਘੰਟਿਆਂ ਵਿੱਚ ਮੁਜ਼ਾਹਰਾਕਾਰੀ ਰਿਹਾਇਸ਼ੀ ਇਲਾਕੇ ਨੂੰ ਛੱਡ ਜਾਣਗੇ। ਮੇਅਰ ਦੇ ਆਫਿਸ ਨੇ ਆਖਿਆ ਕਿ ਫਰੀਡਮ ਕੌਨਵੌਏ ਦੇ ਪ੍ਰਬੰਧਕਾਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਉਹ ਆਪਣੇ ਮੁਜ਼ਾਹਰੇ ਪਾਰਲੀਆਮੈਂਟ ਹਿੱਲ ਦੇ ਦੁਆਲੇ ਤੱਕ ਹੀ ਸੀਮਤ ਰੱਖਣਗੇ। ਕੌਨਵੌਏ ਦੀ ਬੋਰਡ ਪ੍ਰੈਜ਼ੀਡੈਂਟ ਤਮਾਰਾ ਲਿਚ ਨੇ ਆਖਿਆ ਕਿ ਵਾਟਸਨ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਹੈ ਕਿ ਜੇ ਸੋਮਵਾਰ ਦੁਪਹਿਰ ਤੱਕ ਟਰੱਕ ਤੇ ਹੋਰ ਗੱਡੀਆਂ ਨੂੰ ਰਿਹਾਇਸ਼ੀ ਇਲਾਕੇ ਤੋਂ ਪਾਸੇ ਕਰ ਲਿਆ ਜਾਂਦਾ ਹੈ ਤਾਂ ਉਹ ਮੁਜ਼ਾਹਰਾਕਾਰੀਆਂ ਨਾਲ ਮੁਲਾਕਾਤ ਕਰਨਗੇ।

ਇਸ ਦੇ ਬਦਲੇ ਵਿੱਚ ਲਿਚ ਨੇ ਆਖਿਆ ਕਿ ਮੁਜ਼ਾਹਰਾਕਾਰੀਆਂ ਵੱਲੋਂ ਵੀ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ ਤੇ ਉਹ ਸੋਮਵਾਰ ਤੋਂ ਆਪਣੀ ਨਵੀਂ ਲੋਕੇਸ਼ਨ ਉੱਤੇ ਚਲੇ ਜਾਣਗੇ।

# ਹੁਣ ਕੈਨੇਡਾ ਪਰਤਣ ਤੋਂ ਪਹਿਲਾਂ ਵੈਕਸੀਨੇਟਿਡ ਟਰੈਵਲਰਜ਼ ਨੂੰ ਕਰਵਾਉਣਾ ਹੋਵੇਗਾ ਰੈਪਿਡ ਐਂਟੀਜਨ ਟੈਸਟ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਪੂਰੀ ਤਰ੍ਹਾਂ ਵੈਕਸੀਨੇਟਿਡ ਟਰੈਵਲਰਜ਼ ਦੇ ਕੈਨੇਡਾ ਪਹੁੰਚਣ ਤੋਂ ਪਹਿਲਾਂ ਪੀਸੀਆਰ ਟੈਸਟ ਦੇ ਨਿਯਮ ਨੂੰ 28 ਫਰਵਰੀ ਤੋਂ ਖਤਮ ਕਰਨ ਜਾ ਰਹੀ ਹੈ। ਇਹ ਐਲਾਨ ਮੰਗਲਵਾਰ ਨੂੰ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਕੀਤਾ।




ਇਸ ਦੀ ਥਾਂ ਉੱਤੇ ਟਰੈਵਲਰਜ਼ ਜਿਸ ਦੇਸ਼ ਤੋਂ ਆ ਰਹੇ ਹੋਣਗੇ ਉੱਥੇ ਮਾਨਤਾ ਪ੍ਰਾਪਤ ਰੈਪਿਡ ਐਂਟੀਜਨ ਟੈਸਟ ਉਨ੍ਹਾਂ ਨੂੰ ਕਰਵਾਉਣਾ ਹੋਵੇਗਾ, ਜੋ ਕਿ ਮੁਕਾਬਲਤਨ ਸਸਤਾ ਹੈ। ਟਰੈਵਲਰਜ਼ ਨੂੰ ਇਹ ਟੈਸਟ ਆਪਣੀ ਨਿਰਧਾਰਤ ਫਲਾਈਟ ਜਾਂ ਜ਼ਮੀਨੀ ਸਰਹੱਦ ਉੱਤੇ ਪਹੁੰਚਣ ਤੋਂ 24 ਘੰਟੇ ਪਹਿਲਾਂ ਕਰਵਾਉਣਾ ਹੋਵੇਗਾ। ਇਸ ਸਮੇਂ ਸਾਰੇ ਟਰੈਵਲਰਜ਼ ਨੂੰ ਆਪਣੀ ਨਿਰਧਾਰਤ ਫਲਾਈਟ ਤੋਂ ਜਾਂ ਜ਼ਮੀਨੀ ਹੱਦ ਉੱਤੇ ਪਹੁੰਚਣ ਤੋਂ 72 ਘੰਟੇ ਪਹਿਲਾਂ ਨੈਗੇਟਿਵ ਮੌਲੀਕਿਊਲਰ ਟੈਸਟ, ਜਿਵੇਂ ਕਿ ਪੀਸੀਆਰ ਟੈਸਟ,ਕਰਵਾਉਣਾ ਪੈਂਦਾ ਹੈ। ਫਿਰ ਭਾਵੇਂ ਉਨ੍ਹਾਂ ਦਾ ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ।

ਟਰੈਵਲਰਜ਼ ਨੂੰ ਅਜੇ ਵੀ ਕੈਨੇਡਾ ਪਹੁੰਚਣ ਉੱਤੇ ਟੈਸਟਿੰਗ ਲਈ ਚੁਣਿਆ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਆਪਣੇ ਟੈਸਟ ਦੇ ਨਤੀਜਿਆਂ ਦੀ ਉਡੀਕ ਕਰਦੇ ਸਮੇਂ ਕੁਆਰਨਟੀਨ ਹੋਣ ਦੀ ਲੋੜ ਨਹੀਂ ਹੋਵੇਗੀ। ਓਮਾਈਕ੍ਰੌਨ ਵੇਰੀਐਂਟ ਕਾਰਨ ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਟਰੈਵਲ ਨਾ ਕਰਨ ਦੀ ਜਿਹੜੀ ਸਿਫਾਰਿਸ਼ ਕੀਤੀ ਗਈ ਸੀ, ਸਰਕਾਰ ਉਸ ਵਿੱਚ ਵੀ ਢਿੱਲ ਦੇਣ ਜਾ ਰਹੀ ਹੈ। ਵੈਕਸੀਨੇਸ਼ਨ ਕਰਵਾ ਚੁੱਕੇ ਬਾਲਗਾਂ ਨਾਲ ਟਰੈਵਲ ਕਰ ਰਹੇ 12 ਸਾਲ ਤੋਂ ਘੱਟ ਉਮਰ ਦੇ ਅਜਿਹੇ ਬੱਚੇ ਜਿਨ੍ਹਾਂ ਦੀ ਵੈਕਸੀਨੇਸ਼ਨ ਨਹੀਂ ਸੀ ਹੋਈ, ਲਈ ਵੀ ਪਾਬੰਦੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ।

ਡਕਲਸ ਨੇ ਆਖਿਆ ਕਿ ਇਸ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਸਕੂਲ, ਡੇਅਕੇਅਰ ਜਾਂ ਕੈਂਪਾਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਉਡੀਕ ਨਹੀਂ ਕਰਨੀ ਹੋਵੇਗੀ ਤੇ ਖੁਦ ਨੂੰ ਆਈਸੋਲੇਟ ਨਹੀਂ ਕਰਨਾ ਹੋਵੇਗਾ। ਉਨ੍ਹਾਂ ਨੂੰ ਟੈਸਟਿੰਗ ਕਰਵਾਉਣ ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਨਿਯਮ ਦੀ ਪਾਲਣਾ ਵੀ ਨਹੀਂ ਕਰਨੀ ਹੋਵੇਗੀ। ਅਜਿਹੇ ਟਰੈਵਲਰਜ਼ ਜਿਨ੍ਹਾਂ ਦੀ ਵੈਕਸੀਨੇਸ਼ਨ ਨਹੀਂ ਹੋਈ, ਉਨ੍ਹਾਂ ਨੂੰ ਕੈਨੇਡਾ ਪਹੁੰਚਣ ਉੱਤੇ ਟੈਸਟ ਕਰਵਾਉਣਾ ਹੋਵੇਗਾ ਤੇ 14 ਦਿਨਾਂ ਲਈ ਕੁਆਰਨਟੀਨ ਵੀ ਕਰਨਾ ਹੋਵੇਗਾ।

ਇਹ ਐਲਾਨ ਕਰਦੇ ਸਮੇਂ ਸਿਹਤ ਮੰਤਰੀ ਨਾਲ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ, ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਤੇ ਟੂਰਿਜ਼ਮ ਮੰਤਰੀ ਰੈਂਡੀ ਬੌਇਸਨਾਲਟ ਵੀ ਹਾਜ਼ਰ ਸਨ।

## ਸਕਾਰਬਰੋ ਵਿੱਚ ਚੱਲੀ ਗੋਲੀ, 3 ਜ਼ਖ਼ਮੀ




ਸਕਾਰਬਰੋ, 17 ਫਰਵਰੀ (ਪੋਸਟ ਬਿਊਰੋ): ਐਤਵਾਰ ਨੂੰ ਸਕਾਰਬਰੋ ਵਿੱਚ ਚੱਲੀ ਗੋਲੀ ਕਾਰਨ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਲੇਅਟਨ ਐਵਨਿਊ ਤੇ ਪ੍ਰੇਰੀ ਡਰਾਈਵ ਇਲਾਕੇ ਵਿੱਚ ਦੁਪਹਿਰੇ 3:30 ਉੱਤੇ ਵਾਪਰੀ। ਪੈਰਾਮੈਡਿਕਸ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਤੇ ਉਨ੍ਹਾਂ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ। ਅਜੇ ਤੱਕ ਕਿਸੇ ਮਸ਼ਕੂਕ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ।

# ਕੁਰਾਨ ਦੀ ਬੇਅਦਬੀ ਕਰਨ ਵਾਲੇ ਨੂੰ ਲੋਕਾਂ ਨੇ ਕੁੱਟ-ਕੁੱਟ ਮਾਰ ਦਿੱਤਾ

ਲਾਹੌਰ, 17 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੇ ਖਾਨੇਵਾਲ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਕੁਰਾਨ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਭੀੜ ਨੇ ਇੱਕ ਅੱਧਖੜ ਉਮਰ ਦੇ ਵਿਅਕਤੀ ਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ। ਇਹ ਘਟਨਾ ਜੰਗਲ ਡੇਰਾ ਪਿੰਡ ਦੀ ਹੈ, ਜਿੱਥੇ ਸੈਂਕੜੇ ਸਥਾਨਕ ਲੋਕ ਮਗਰੀਬ ਦੀ ਨਮਾਜ਼ ਤੋਂ ਬਾਅਦ ਇਕੱਠੇ ਹੋਏ ਸਨ ਕਿ ਇੱਕ ਵਿਅਕਤੀ ਨੇ ਕੁਰਾਨ ਦੇ ਕੁਝ ਪੰਨੇ ਪਾੜ ਦਿੱਤੇ ਅਤੇ ਅੱਗ ਲਾ ਦਿੱਤੀ। ਪਿੰਡ ਵਾਸੀਆਂ ਨੇ ਸ਼ੱਕੀ ਵਿਅਕਤੀ ਨੂੰ ਦਰੱਖਤ ਨਾਲ ਲਟਕਾ ਦਿੱਤਾ ਤੇ ਫਿਰ ਇੱਟਾਂ ਨਾਲ ਉਦੋਂ ਤਕ ਮਾਰਿਆ ਜਦੋਂ ਤਕ ਉਸ ਦੀ ਮੌਤ ਨਹੀਂ ਹੋ ਗਈ। ਡਾਨ ਦੀ ਰਿਪੋਰਟ ਮੁਤਾਬਕ ਜਦੋਂ ਉਸ ਨੇ ਬੇਗੁਨਾਹ ਹੋਣ ਦਾ ਦਾਅਵਾ ਕੀਤਾ ਤਾਂ ਕੋਈ ਉਸ ਦੀ ਗੱਲ ਸੁਣਨ ਲਈ ਤਿਆਰ ਨਹੀਂ ਸੀ। ਚਸ਼ਮਦੀਦਾਂ ਮੁਤਾ-ਬਕ ਪੁਲਸ ਦੀ ਟੀਮ ਪੱਥਰਬਾਜ਼ੀ ਤੋਂ ਕਾਫ਼ੀ ਪਹਿਲਾਂ ਪਿੰਡ ਪਹੁੰਚੀ ਤੇ ਮੁਲਜ਼ਮ ਫੜ ਲਿਆ, ਪਰ ਭੀੜ ਨੇ ਉਸ ਨੂੰ ਪੁਲਸ ਹਿਰਾਸਤ ਵਿੱਚੋਂ ਖੋਹ ਲਿਆ। ਆਈ ਜੀ ਪੁਲਸ ਨੂੰ ਪੰਜਾਬ ਦੇ ਮੁੱਖ ਮੰਤਰੀ ਉਸਮਾਨ ਬੁਜ਼ਦਾਰ ਨੇ ਰਿਪੋਰਟ ਦੇਣ ਨੂੰ ਕਿਹਾ ਹੈ।

# 26 ਨੂੰ ਬਰੈਂਪਟਨ ਵਿੱਚ ਲਾਇਆ ਜਾਵੇਗਾ ਕਾਊਂਸਲਰ ਕੈਂਪ

ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਵੱਲੋਂ ਸ਼ਨਿੱਚਰਵਾਰ ਨੂੰ ਬਰੈਂਪਟਨ ਵਿੱਚ 26 ਫਰਵਰੀ, 2022 ਨੂੰ ਕਾਊਂਸਲਰ ਕੈਂਪ ਲਾਇਆ ਜਾਵੇਗਾ। ਇਸ ਦੌਰਾਨ ਪਾਸਪੋਰਟ, ਵੀਜ਼ਾ, ਓਸੀਆਈ, ਪੀਸੀਸੀ, ਸਰੈਂਡਰ ਸਰਟੀਫਿਕੇਟ, ਅਟੈਸਟੇਸ਼ਨ, ਲਾਈਫ ਸਰਟੀਫਿਕੇਟ ਆਦਿ ਨਾਲ ਸਬੰਧਤ ਕਾਊਂਸਲਰ ਮਾਮਲਿਆਂ ਨੂੰ ਹੱਲ ਕੀਤਾ ਜਾਵੇਗਾ। ਇਸ ਕੈਂਪ ਸਬੰਧੀ ਵੇਰਵਾ ਹੇਠ ਲਿਖੇ ਅਨੁਸਾਰ ਹੋਵੇਗਾ :

| ਕਾਊਂਸਲਰ ਕੈਂਪ ਦੀ ਥਾਂ | ਮਿਤੀ | ਸਮਾਂ |
|---|---|---|
| ਨਾਨਕਸਰ ਗੁਰਦੁਆਰਾ, 64 ਟਿੰਬਰਲੇਨ ਡਰੇਲ, ਬਰੈਂਪਟਨ, ਓਨ ਐਲ6ਵਾਈ4ਵੀ7 | ਸ਼ਨਿੱਚਰਵਾਰ, 26 ਫਰਵਰੀ, 2022 | ਸਵੇਰੇ 10:00 ਵਜੇ ਤੋਂ ਦੁਪਹਿਰੇ 1:30 ਵਜੇ ਤੱਕ |

2• ਕਾਊਂਸਲਰ ਕੈਂਪ ਕਿਸੇ ਵੀ ਲੰਮੇਂ ਸਮੇਂ ਤੋਂ ਪੈਂਡਿੰਗ ਮਸਲਿਆਂ ਨੂੰ ਹੱਲ ਕਰਨ ਲਈ ਆਯੋਜਿਤ ਕੀਤਾ ਜਾਂਦਾ ਹੈ। ਇਸ ਦੌਰਾਨ ਮੌਕੇ ਉੱਤੇ ਹੀ ਕਾਊਂਸਲਰ ਸਰਵਿਸ ਮੁਹੱਈਆ ਕਰਵਾਉਣਾ ਜ਼ਰੂਰੀ ਨਹੀਂ ਹੈ। ਪਾਸਪੋਰਟ, ਵੀਜ਼ਾ, ਓਸੀਆਈ, ਪੀਸੀਸੀ, ਸਰੈਂਡਰ ਸਰਟੀਫਿਕੇਟ, ਅਟੈਸਟੇਸ਼ਨ ਤੇ ਲਾਈਫ ਸਰਟੀਫਿਕੇਟ ਸਬੰਧੀ ਹਰ ਪੱਖ ਤੋਂ ਮੁਕੰਮਲ ਅਰਜ਼ੀਆਂ ਨੂੰ ਹੀ ਸਵੀਕਾਰ ਕੀਤਾ ਜਾਵੇਗਾ ਤੇ ਫੀਸ ਸਿਰਫ ਡੈਬਿਟ ਕਾਰਡ ਰਾਹੀਂ ਹੀ ਭਰਵਾਈ ਜਾਵੇਗੀ। ਇਹ ਧਿਆਨ ਰੱਖਿਆ ਜਾਵੇ ਕਿ ਫੀਸ ਕਾਊਂਸਲਰ ਜਨਰਲ ਆਫ ਇੰਡੀਆ, ਟੋਰਾਂਟੋ ਦੇ ਪੱਖ ਉੱਤੇ ਡਿਮਾਂਡ ਡਰਾਫਟ ਰਾਹੀਂ ਹੀ ਭਰੀ ਜਾਵੇ। ਬਿਨੈਕਾਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਦਸਤਾਵੇਜ਼ੀ ਲੋੜਾਂ ਤੇ ਨਿਰਧਾਰਤ ਫੀਸ ਨੂੰ ਸਮਝਣ ਲਈ ਹੇਠਾਂ ਦਿੱਤੇ ਗਏ ਲਿੰਕਸ ਉੱਤੇ ਜਾਣ :

Link 1: https://www.cgitoronto.gov.in/

Link 2: https://www.blsindia-canada.com/toronto-jurisdiction/index.php

3• ਅਰਜ਼ੀਆਂ ਉੱਤੇ ਕੰਮ ਉਸ ਵੇਲੇ ਹੀ ਸ਼ੁਰੂ ਹੋਵੇਗਾ ਜੇ ਸਾਰੇ ਦਸਤਾਵੇਜ਼ ਤੇ ਫਾਰਮ ਜਮ੍ਹਾਂ ਕਰਵਾਏ ਜਾਣਗੇ। ਬਿਨੈਕਾਰਾਂ ਨੂੰ ਉੱਤੇ ਦਰਸਾਏ ਗਏ ਲਿੰਕਸ ਦੇ ਹਿਸਾਬ ਨਾਲ ਸਾਰੇ ਦਸਤਾਵੇਜ਼ਾਂ ਦੀ ਅਸਲ ਤੇ ਫੋਟੋਕਾਪੀ ਵੀ ਜਮ੍ਹਾਂ ਕਰਵਾਉਣੀ ਹੋਵੇਗੀ। ਕਿਸੇ ਵੀ ਦਸਤਾਵੇਜ਼ ਦੀ ਸੌਫਟ ਕਾਪੀ ਸਵੀਕਾਰੀ ਨਹੀਂ ਜਾਵੇਗੀ।

4• ਕੈਂਪ ਵਿੱਚ ਕ੍ਰਿਪਾ ਕਰਕੇ ਕੋਵਿਡ-19 ਸਬੰਧੀ ਸਾਰੀਆਂ ਗਾਈਡਲਾਈਨਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

# ਅਮਰੀਕੀ ਗ੍ਰਾਂਟ ਦੇ ਵਿਰੋਧ ’ਚ ਨੇਪਾਲੀ ਪਾਰਲੀਮੈਂਟ ਅੱਗੇ ਪ੍ਰਦਰਸ਼ਨ

ਕਾਠਮੰਡੂ, 17 ਫਰਵਰੀ (ਪੋਸਟ ਬਿਊਰੋ)- ਨੇਪਾਲ ਲਈ ਪ੍ਰਸਤਾਵਿਤ ਅੱਧਾ ਅਰਬ ਡਾਲਰ ਦੀ ਗ੍ਰਾਂਟ ਦਾ ਵਿਰੋਧ ਕਰ ਰਹੀਆਂ ਦੋ ਪਾਰਟੀਆਂ ਦੇ ਸਮਰਥਕ ਪਾਰਲੀਮੈਂਟ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਹਨ। ਪੁਲਸ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਦੌਰਾਨ ਉਹ ਉਸ ਨਾਲ ਭਿੜ ਗਏ, ਜਿਸ ਨਾਲ ਦੋਨੋਂ ਧਿਰਾਂ ਦੇ ਲੋਕਾਂ ਨੂੰ ਸੱਟਾਂ ਲੱਗੀਆਂ। ਇਸ ਮੌਕੇ ਪੁਲਸ ਨੇ ਪ੍ਰਦਰਸ਼ਨਕਾਰੀਆਂ ਉੱਤੇ ਲਾਠੀਚਾਰਜ ਤੇ ਵਾਟਰ ਕੈਨਨ ਦੀ ਵਰਤੋਂ ਕੀਤੀ। ਪੁਲਸ ਨੇ ਦਰਜਨਾਂ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕੀਤਾ, ਜਿਨ੍ਹਾਂ ਆਵਾਜਾਈ ਰੋਕਣ ਦੀ ਕੋਸ਼ਿਸ਼ ਕੀਤੀ ਸੀ।



ਅਮਰੀਕੀ ਗ੍ਰਾਂਟ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇਣ ਲਈ ਪਾਰਲੀਮੈਂਟਵਿੱਚ ਪੇਸ਼ ਕੀਤਾ ਜਾਣਾ ਸੀ, ਪਰ ਸਿਆਸੀ ਧਿਰਾਂ ਅਤੇ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਵਿੱਚ ਗ੍ਰਾਂਟ ਦਾ ਵਿਰੋਧ ਵਧ ਰਿਹਾ ਹੈ। ਵਰਨਣ ਯੋਗ ਹੈ ਕਿ ਇਸ ਪੈਸੇ ਦੀ ਵਰਤੋਂ ਇਸ ਦੇਸ਼ ਵਿੱਚ ਬਿਜਲੀ ਸੰਚਾਰ ਲਾਈਨਾਂ ਦੀ ਉਸਾਰੀ ਅਤੇ ਸੜਕਾਂ ਦੇ ਸੁਧਾਰ ਲਈ ਕੀਤੀ ਜਾਣੀ ਹੈ, ਪਰ ਪਾਰਟੀਆਂ ਦਾ ਦੋਸ਼ ਹੈ ਕਿ ਇਹ ਅਜਿਹੀਆਂ ਸ਼ਰਤਾਂ ਵਾਲੀ ਗਰਾਂਟ ਹੈ, ਜੋ ਸਵੀਕਾਰਯੋਗ ਨਹੀਂ ਹੈ।

2 ਕਮਿਊਨਿਸਟ ਪਾਰਟੀਆਂ ਦਾ ਗਠਜੋੜ ਇਸ ਵਕਤ ਸਰਕਾਰ ਦਾ ਹਿੱਸਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਗ੍ਰਾਂਟ ਸਮਝੌਤੇ ਦੀਆਂ ਸ਼ਰਤਾਂ ਨੇਪਾਲ ਦੇ ਕਾਨੂੰਨਾਂ ਅਤੇ ਦੇਸ਼ ਦੀ ਪ੍ਰਭੂਸੱਤਾ ਉੱਤੇ ਹਮਲਾ ਕਰਨਗੀਆਂ। ਇਹ ਵਾਸ਼ਿੰਗਟਨ ਦੀ ਇੰਡੋ-ਪੈਸੇਫਿਕ ਰਣਨੀਤੀ ਦਾ ਹਿੱਸਾ ਹਨ, ਜਿਸ ਵਿੱਚ ਫ਼ੌਜੀ ਕੰਪੋਨੈਂਨਟਸ ਸ਼ਾਮਲ ਹਨ ਅਤੇ ਜੋ ਅਮਰੀਕੀ ਫੌਜੀਆਂ ਨੂੰ ਨੇਪਾਲ ਲਿਆ ਸਕਦੇ ਹਨ।ਅਮਰੀਕੀ ਅਧਿਕਾਰੀਆਂ ਨੇ ਨੇਪਾਲੀ ਨੇਤਾਵਾਂ ਨੂੰਇਹ ਭਰੋਸਾ ਦਿੱਤਾ ਹੈ ਕਿ ਗ੍ਰਾਂਟ ਸਿਰਫ ਨੇਪਾਲ ਦੇ ਵਿਕਾਸ ਨਾਲ ਸਬੰਧਤ ਹੈ।






## ਅੱਜ ਨਾਮਾ

ਰਹਿੰਦਾ ਬਹੁਤ ਹੀ ਥੋੜ੍ਹਾ ਹੈ ਸਮਾਂ ਬੇਲੀ,
ਨੇੜੇ ਆਈ ਪਈ ਵੋਟਾਂ ਦੀ ਘੜੀ ਬੇਲੀ।
ਡਾਰਾਂ ਬੰਨ੍ਹ ਕੇ ਲੀਡਰ ਹਨ ਤੁਰੇ ਆਉਂਦੇ,
ਨਿਕਲਦੀ ਇੱਕ ਟੋਲੀ, ਦੂਜੀ ਖੜੀ ਬੇਲੀ।
ਝੁਕਦੇ ਗੋਡਿਆਂ ਤੋਂ ਪੈਰਾਂ ਤੀਕ ਲੀਡਰ,
ਲਾਉਣ ਲਾਰਿਆਂ ਦੀ ਨਾਲੇ ਝੜੀ ਬੇਲੀ।
ਟਾਕੀ ਲਾਉਂਦੇ ਅਸਮਾਨਾਂ ਦੇ ਤੀਕ ਬੇਲੀ,
ਮਾਰਦੇ ਗੱਪਾਂ ਬਈ ਧੜੀ ਦੀ ਧੜੀ ਬੇਲੀ।
ਬਾਕੀਦਿਨ ਤਾਂ ਦੋ ਹਨ ਸਿਰਫ ਰਹਿੰਦੇ,
ਓਦੋਂ ਤੀਕਰ ਹੈ ਵੋਟਰ ਦਾ ਰਾਜ ਬੇਲੀ।
ਸਾਡੀ ਹਾਮੀ ਦੇ ਅੱਜ ਮੁਹਤਾਜ ਲੀਡਰ,
ਮਗਰੋਂ ਲੱਗੇ ਨਾ ਕਰਨ ਲਿਹਾਜ ਬੇਲੀ।

**ਤੀਸ ਮਾਰ ਖਾਂ**

# ਰਾਹੁਲ ਨੇ ਦੱਸਿਆ ਕਿ ਅਮਰਿੰਦਰ ਸਿੰਘ ਨੂੰ ਕਿਉਂ ਹਟਾਇਆ ਸੀ

ਫਤਿਹਗੜ੍ਹ ਸਾਹਿਬ, 17 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੇ ਜ਼ੋਰ ਦੌਰਾਨ ਜਦੋਂ ਸਾਰੀਆਂ ਪਾਰਟੀਆਂ ਪੂਰੀ ਤਾਕਤ ਝੋਕ ਰਹੀਆਂ ਹਨ, ਓਦੋਂ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪੰਜਾਬ ਦੇ ਫਤਿਹਗੜ੍ਹ ਸਾਹਿਬ ਆਣ ਕੇ ਅੱਜ ਇੱਕ ਚੋਣ ਜਲਸੇ ਨੂੰ ਸੰਬੋਧਨ ਕੀਤਾ।




ਇਸ ਮੌਕੇ ਰਾਹੁਲ ਗਾਂਧੀ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਕਿਉਂ ਹਟਾਇਆ ਗਿਆ ਸੀ।ਉਨ੍ਹਾ ਕਿਹਾ ਕਿ ਅਮਰਿੰਦਰ ਸਿੰਘ ਨੇ ਬਿਜਲੀ ਕੰਪਨੀਆਂ ਨਾਲ ਸਮਝੌਤੇ ਦਾ ਹਵਾਲਾ ਦੇ ਕੇ ਗਰੀਬਾਂ ਨੂੰ ਮੁਫ਼ਤ ਬਿਜਲੀ ਦੇਣੋਂ ਨਾਂਹ ਕਰ ਦਿੱਤੀ ਸੀ।ਉਨ੍ਹਾ ਕਿਹਾ ਕਿ'ਮੈਂ ਤੁਹਾਨੂੰ ਦੱਸਾਂਗਾ ਕਿ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਕਿਉਂ ਹਟਾਇਆ ਸੀ। ਇਸ ਦਾ ਕਾਰਨ ਇਹ ਸੀ ਕਿ ਉਹ ਗਰੀਬ ਲੋਕਾਂ ਨੂੰ ਮੁਫਤ ਬਿਜਲੀ ਦੇਣ ਨੂੰ ਰਾਜ਼ੀ ਨਹੀਂ ਸਨ। ਉਨ੍ਹਾਂ ਕਿਹਾ ਸੀ ਕਿ ਮੇਰਾ ਬਿਜਲੀ ਸਪਲਾਈ ਕੰਪਨੀਆਂ ਨਾਲ ਠੇਕਾ ਹੈ।'

ਵਰਨਣ ਯੋਗ ਹੈ ਕਿ ਪਹਿਲਾਂ 13 ਫਰਵਰੀ ਨੂੰ ਕਾਂਗਰਸ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨੇ ਦਾਅਵਾ ਕੀਤਾ ਸੀ ਕਿ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੂੰ ਬਦਲਣਾ ਪਿਆ ਕਿ ਉਸ ਸਰਕਾਰ ਨੂੰਦਿੱਲੀ ਤੋਂ ਭਾਜਪਾ ਚਲਾ ਰਹੀ ਸੀ। ਕੋਟਕਪੂਰਾ ਦੇ ਜਲਸੇ ਵਿੱਚ ਸਾਬਕਾ ਮੁੱਖ ਮੰਤਰੀ ਦਾ ਨਾਂ ਲਏ ਬਿਨਾਂ ਪ੍ਰਿਅੰਕਾ ਨੇ ਕਿਹਾਕਿ ਇਹ ਸੱਚ ਹੈ ਕਿ ਇੱਥੇ ਪੰਜ ਸਾਲ ਸਾਡੀ ਸਰਕਾਰ ਸੀ, ਪਰ ਇਹ ਸੱਚ ਹੈ ਕਿ ਉਸ ਸਰਕਾਰ ਵਿੱਚ ਕਮੀਆਂ ਸਨ, ਅਸੀਂ ਰਸਤਾ ਭੁੱਲ ਗਏ ਸਾਂ।' ਪ੍ਰਿਅੰਕਾ ਗਾਂਧੀ ਨੇ ਕਿਹਾ ਸੀ, 'ਉਸ ਸਰਕਾਰ ਨੇ ਪੰਜਾਬ ਤੋਂ ਚੱਲਣਾ ਬੰਦ ਕਰ ਦਿੱਤਾ ਅਤੇ ਦਿੱਲੀ ਤੋਂ ਚੱਲਣ ਲੱਗੀ। ਦਿੱਲੀ ਵਿੱਚੋਂ ਇਹ ਕਾਂਗਰਸ ਵੱਲੋਂ ਨਹੀਂ, ਭਾਜਪਾ ਲੀਡਰਸ਼ਿਪ ਦੀ ਸਰਕਾਰ ਵੱਲੋਂ ਚਲਾਈ ਜਾ ਰਹੀ ਸੀਅਤੇ ਉਹ ਲੁਕਵਾਂ ਗਠਜੋੜ ਸਾਹਮਣੇ ਆ ਗਿਆ ਹੈ। ਇਸ ਲਈ ਸਾਨੂੰ ਉਸ ਸਰਕਾਰ ਨੂੰ ਬਦਲਣਾ ਪਿਆ ਸੀ।'

ਕਾਂਗਰਸ ਛੱਡਣ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਲੋਕ ਕਾਂਗਰਸ ਬਣਾਈ ਤੇ ਸਾਬਕਾ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ ਦਲ (ਯੂਨਾਈਟਿਡ) ਨਾਲ ਗਠਜੋੜ ਕਰਕੇ ਇਸ ਵਕਤ ਭਾਜਪਾ ਦੀ ਅਗਵਾਈ ਹੇਠ ਵਿਧਾਨ ਸਭਾ ਚੋਣਾਂ ਲੜ ਰਹੇ ਹਨ।

# ਭਾਜਪਾ ਲੀਡਰਸ਼ਿਪ ਨਾਲ ਗੱਲ ਕਰ ਕੇ ਸੁਖਬੀਰ ਨੂੰ ਉਪ ਮੁੱਖ ਮੰਤਰੀ ਬਣਾਇਆ ਸੀ: ਬਾਦਲ

ਮਲੋਟ, 17 ਫਰਵਰੀ (ਪੋਸਟ ਬਿਊਰੋ)- ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੱਲ੍ਹ ਪਿੰਡ ਕੱਟਿਆਵਾਲੀ ਵਿਖੇ ਗੱਲਬਾਤ ਦੌਰਾਨ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਸੁਖਬੀਰ ਸਿੰਘ ਬਾਦਲ ਨੂੰ ਭਾਜਪਾ ਹਾਈ ਕਮਾਨ ਦੇ ਨਾਲ ਚਰਚਾ ਤੋਂ ਬਾਅਦ ਉਪ ਮੁੱਖ ਮੰਤਰੀ ਬਣਾਇਆ ਗਿਆ ਸੀ। ਭਾਜਪਾ ਹਾਈ ਕਮਾਨ ਨੇ ਕਦੇ ਉਪ ਮੁੱਖ ਮੰਤਰੀ ਆਪਣੀ ਪਾਰਟੀ ਵਿੱਚੋਂ ਬਣਾਉਣ ਦੀ ਮੰਗ ਹੀਨਹੀਂ ਕੀਤੀ ਸੀ।



ਇਸ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਉਸ ਦਾਅਵੇ ਕਿ ਉਨ੍ਹਾਂ ਦਾ ਪੰਜਾਬ ਨਾਲ ਪੁਰਾਣਾ ਮੋਹ ਪਿਆਰ ਹੈ, ਬਾਰੇ ਕਿਹਾ ਕਿ ਜੇ ਅਜਿਹਾ ਹੁੰਦਾ ਤਾਂ ਦਿੱਲੀ ਬਾਰਡਰ ਉੱਤੇ 700 ਦੇ ਕਰੀਬ ਕਿਸਾਨ ਨਾ ਮਰਦੇ। ਕੇਂਦਰ ਦੀ ਸਰਕਾਰ ਨੇ ਕਿਸਾਨਾਂ ਦੇ ਰੋਸ ਨੂੰ ਦੇਖ ਕੇ ਖੇਤੀ ਕਾਨੂੰਨ ਵਾਪਸ ਲਏ ਹਨ।ਖੇਤੀ ਕਾਨੂੰਨਾਂ ਕਾਰਨ ਹੀ ਹਰਸਿਮਰਤ ਕੌਰ ਬਾਦਲ ਨੇ ਆਪਣਾ ਅਸਤੀਫਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਕੀਤੇ ਸੰਘਰਸ਼ ਵਿੱਚ ਅਕਾਲੀ ਦਲ ਨੇ ਅਹਿਮ ਭੂਮਿਕਾ ਨਿਭਾਈ ਹੈ।

# ਭਾਰਤ ਕੁਆਡ ਨੂੰ ਅੱਗੇ ਵਧਾਉਣ ਵਾਲੀ ਤਾਕਤ: ਅਮਰੀਕਾ

ਵਾਸ਼ਿੰਗਟਨ, 17 ਫਰਵਰੀ (ਪੋਸਟ ਬਿਊਰੋ)- ਅਮਰੀਕਾ ਨੇ ਕੱਲ੍ਹ ਕਿਹਾ ਕਿ ਭਾਰਤ ਕੁਆਡ ਗਰੁੱਪ ਨੂੰ ਅੱਗੇ ਵਧਾਉਣ ਵਾਲੀ ਤਾਕਤ ਤੇ ਖੇਤਰੀ ਵਿਕਾਸ ਦਾ ਇੰਜਣ ਹੈ।



ਵਰਨਣ ਯੋਗ ਹੈ ਕਿ ਪਿੱਛੇ ਜਿਹੇ ਮੈਲਬਰਨ ਵਿੱਚ ਕੁਆਡ ਗਰੁੱਪ ਦੇ ਮੈਂਬਰ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਹੋਈ ਸੀ ਅਤੇ ਭਾਰਤ, ਅਮਰੀਕਾ, ਜਾਪਾਨ ਅਤੇ ਆਸਟਰੇਲੀਆ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਵਿੱਚ ਕਈ ਮੁੱਦਿਆਂ ਉਤੇ ਵਿਚਾਰ-ਚਰਚਾ ਹੋਈ ਸੀ। ਇਨ੍ਹਾਂ ਵਿੱਚ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੇ ਵੱਧ ਰਹੇ ਪ੍ਰਭਾਵ, ਯੂਕਰੇਨ ਤੇ ਰੂਸ ਵਿਚਾਲੇ ਬਣੇ ਤਣਾਅ ਦਾ ਮੁੱਦਾ ਵੀ ਸ਼ਾਮਲ ਸੀ। ਵ੍ਹਾਈਟ ਹਾਊਸ ਦੀ ਪ੍ਰਿੰਸੀਪਲ ਉਪ ਪ੍ਰੈਸ ਸੈਕਟਰੀ ਕੈਰੀਨ ਜੀਨ ਪਿਅਰੇ ਨੇ ਮੀਡੀਆ ਨੂੰ ਕਿਹਾ, ''ਅਸੀਂ ਇਹ ਗੱਲ ਮੰਨਦੇ ਹਾਂ ਕਿ ਭਾਰਤ ਸਾਡੇ ਵਰਗੀ ਸੋਚ ਵਾਲਾ ਭਾਈਵਾਲ, ਦੱਖਣੀ ਏਸ਼ਿਆਈ ਤੇ ਹਿੰਦ ਮਹਾਸਾਗਰ ਵਿਚ ਮੋਹਰੀ, ਦੱਖਣ-ਪੂਰਬ ਏਸ਼ੀਆ ਵਿੱਚ ਸਰਗਰਮ ਤੇ ਉਸ ਨਾਲ ਜੁੜਿਆ ਹੋਇਆ ਅਤੇ ਕੁਆਡ ਨੂੰ ਅੱਗੇ ਵਧਾਉਣ ਵਾਲੀ ਤਾਕਤ ਤੇ ਖੇਤਰੀ ਵਿਕਾਸ ਦਾ ਇੰਜਣ ਹੈ। ਪਿੱਛੇ ਜਿਹੇ ਹੋਏ ਕੁਆਡ ਸੰਮੇਲਨ ਵਿੱਚ ਸਹਿਮਤੀ ਬਣੀ ਸੀ ਕਿ ਹਿੰਦ-ਪ੍ਰਸ਼ਾਂਤ ਖਿੱਤੇ ਨੂੰ ਮੁਕਤ ਰੱਖਣ ਲਈ ਕਿਸੇ ਅੜਿੱਕੇ ਤੋਂ ਬਚਾਉਣ ਲਈ ਗੱਠਜੋੜ ਵਿੱਚ ਸ਼ਾਮਲ ਦੇਸ਼ ਹੋਰ ਵੱਧ ਤਾਲਮੇਲ ਕਰਨਗੇ। ਇਸ ਤੋਂ ਇਲਾਵਾ ਸਰਹੱਦ ਪਾਰੋਂ ਅੱਤਵਾਦ ਨੂੰ ਰੋਕਣ, ਅਫਗਾਨਿਸਤਾਨ ਦੀ ਧਰਤੀ ਨੂੰ ਦਹਿਸ਼ਤਗਰਦੀ ਲਈ ਵਰਤਣ ਤੋਂ ਰੋਕਣ ਉਤੇ ਵੀ ਸਾਰੇ ਮੁਲਕ ਸਹਿਮਤ ਹੋਏ ਸਨ।

ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੇ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਬੈਠਕ ਵਿੱਚ ਹਿੱਸਾ ਲਿਆ ਸੀ।ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਨੇ ਮੈਲਬਰਨ ਵਿੱਚ ਹੋਈ ਬੈਠਕ ਬਾਰੇ ਕਿਹਾ, ''ਇਹ ਯੂਕਰੇਨ ਵਿੱਚ ਜਾਰੀ ਰੂਸ ਦੇ ਸੰਕਟ ਉਤੇ ਚਰਚਾ ਕਰਨ ਦਾ ਮੌਕਾ ਸੀ। ਉਨ੍ਹਾਂ ਇਸ ਉਤੇ ਚਰਚਾ ਕੀਤੀ, ਜੋ ਰੂਸ ਦੇ ਕਾਰਨ ਨਾ ਕੇਵਲ ਯੂਕਰੇਨ, ਸਗੋਂ ਖੇਤਰ ਤੇ ਦੁਨੀਆ ਵਿੱਚ ਸੁਰੱਖਿਆ ਤੇ ਖੁਸ਼ਹਾਲੀ ਦਾ ਦਹਾਕਿਆਂ ਤੋਂ ਆਧਾਰ ਰਹੇ, ਕੌਮਾਂਤਰੀ ਨਿਯਮ ਆਧਾਰਤ ਢਾਂਚੇ ਲਈ ਪੈਦਾ ਹੋਇਆ ਹੈ।'' ਪੀਅਰੇ ਨੇ ਕਿਹਾ ਕਿ ਕੁਆਡ ਮੁਲਕਾਂ ਨਾਲ ਹੋਈ ਮੀਟਿੰਗ ਵਿੱਚ ਬਲਿੰਕਨ ਨੇ ਇਹ ਵੀ ਕਿਹਾ ਕਿ ਰੂਸ ਵੱਲੋਂ ਪੈਦਾ ਕੀਤੇ ਗਏ ਖਤਰੇ ਖਿਲਾਫ ਅਮਰੀਕਾ ਆਪਣੇ ਯੂਰਪੀ ਸਹਿਯੋਗੀਆਂ ਦੀ ਮਦਦ ਲਈ ਤਿਆਰ ਹੈ। ਵ੍ਹਾਈਟ ਹਾਊਸ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਅਜਿਹੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗਾ, ਜਿਸ ਵਿੱਚ ਅਮਰੀਕਾ ਅਤੇ ਭਾਰਤ ਦੱਖਣੀ ਏਸ਼ੀਆ ਵਿੱਚ ਸਥਿਰਤਾ ਨੂੰ ਹੁਲਾਰਾ ਦੇਣ ਲਈ ਮਿਲ ਕੇ ਕੰਮ ਕਰਨ। ਇਸ ਤੋਂ ਇਲਾਵਾ ਪੁਲਾੜ, ਸਾਈਬਰ ਸੁਰੱਖਿਆ ਜਿਹੇ ਨਵੇਂ ਖੇਤਰਾਂ ਵਿੱਚ ਸਹਿਯੋਗ ਕਰਨ ਤੇ ਆਰਥਿਕ ਅਤੇ ਤਕਨੀਕੀ ਖੇਤਰ ਵਿੱਚੇ ਸਹਿਯੋਗ ਨੂੰ ਗਹਿਰਾ ਕਰਨ ਤੇ ਹਿੰਦ ਪ੍ਰਸ਼ਾਂਤ ਨੂੰ ਆਜ਼ਾਦ ਬਣਾਉਣ ਵਿੱਚ ਸਹਿਯੋਗ ਦੇਣਗੇ।ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕੁਆਡ ਬੈਠਕ ਵਿੱਚ ਕਿਹਾ ਸੀ ਕਿ ਭਾਰਤ ਕਿਸੇ ਇੱਕ ਦੇਸ਼ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਪਾਲਣ ਨਹੀਂ ਕਰਦਾ ਬਲਕਿ ਬਹੁਪੱਖੀ ਪਾਬੰਦੀਆਂ ਨੂੰ ਹੀ ਮੰਨਦਾ ਹੈ।

# ਕੂਟਨੀਤਕ ਪਹਿਲ ਤੋਂ ਬਾਅਦ ਰੂਸ ਨੇ ਯੂਕ੍ਰੇਨ ਸਰਹੱਦ ਤੋਂ ਫ਼ੌਜੀ ਵਾਪਸ ਸੱਦੇ



ਮਾਸਕੋ, 17 ਫਰਵਰੀ (ਪੋਸਟ ਬਿਊਰੋ)- ਰੂਸ ਨੇ ਆਖਰੀ ਪਲਾਂ ਦੀ ਕੂਟਨੀਤੀ ਪਹਿਲ ਤੋਂ ਬਾਅਦ ਯੂਕ੍ਰੇਨ ਸਰਹੱਦ ਤੋਂ ਆਪਣੇ ਫੌਜੀ ਵਾਪਸ ਸੱਦ ਲਏ ਹਨ। ਰੂਸ ਦੇ ਵਿਦੇਸ਼ ਮੰਤਰੀ ਸਰਗਈ ਲਾਵਰੋਵ ਨੇ ਸੰਕੇਤ ਦਿੱਤਾ ਕਿ ਮਾਸਕੋ ਇਸ ਸੰਕਟ ਦਾ ਕਾਰਨ ਰਹੀਆਂ ਸੁਰੱਖਿਆ ਸ਼ਿਕਾਇਤਾਂ ਬਾਰੇ ਗੱਲਬਾਤ ਜਾਰੀ ਰੱਖਣ ਨੂੰ ਤਿਆਰ ਹੈ। ਇਸ ਨਾਲ ਇਹ ਆਸ ਜਾਗੀ ਹੈ ਕਿ ਸ਼ਾਇਦ ਰੂਸ ਦੀ ਯੋਜਨਾ ਯੂਕ੍ਰੇਨ ਉੱਤੇ ਹਮਲਾ ਕਰਨ ਦੀ ਨਹੀਂ।

ਇਸ ਦੌਰਾਨ ਰੂਸ ਦੇ ਰੱਖਿਆ ਮੰਤਰਾਲੇ ਨੇ ਐਲਾਨ ਕੀਤਾ ਹੈ ਕਿ ਫ਼ੌਜੀ ਅਭਿਆਸਾਂ ਵਿੱਚ ਸ਼ਾਮਲ ਫੌਜ ਦੀਆਂ ਕੁਝ ਟੁਕੜੀਆਂ ਜਲਦੀ ੀ ਆਪਣੇ ਅੱਡਿਆਂ ਉੱਤੇ ਪਰਤਣਾ ਸ਼ੁਰੂ ਕਰ ਦੇਣਗੀਆਂ। ਅਜੇ ਇਹ ਸਪੱਸ਼ਟ ਨਹੀਂ ਕਿ ਇਹ ਫੌਜ ਕਿੱਥੇ ਤਾਇਨਾਤ ਹੈ ਜਾਂ ਕਿੰਨੇ ਫ਼ੌਜੀ ਪਰਤ ਰਹੇ ਹਨ। ਪੋਲੈਂਡ ਦੇ ਵਿਦੇਸ਼ ਮੰਤਰੀ ਜਬੀਗਨਉ ਰਾਉ ਲਾਵਰੋਵ ਨੂੰ ਮਿਲਣ ਲਈ ਕੱਲ੍ਹ ਰੂਸ ਪਹੁੰਚੇ, ਜਦਕਿ ਯੂਕ੍ਰੇਨ ਦੇ ਵਿਦੇਸ਼ ਮੰਤਰੀ ਨੇ ਆਪਣੇ ਇਤਾਲਵੀ ਹਮਅਹੁਦਾ ਨਾਲ ਗੱਲਬਾਤ ਕੀਤੀ ਹੈ। ਇਸ ਦਰਮਿਆਨ ਰਾਜਧਾਨੀ ਕੀਵ ਵਿਚਲੇ ਭਾਰਤੀ ਦੂਤਾਵਾਸ ਨੇ ਕੱਲ੍ਹ ਆਪਣੇ ਨਾਗਰਿਕਾਂ ਨੂੰ ਯੂਕ੍ਰੇਨ ਦੀ ਤੇ ਦੇਸ਼ ਦੇ ਅੰਦਰ ਦੀਆਂ ਸਾਰੀਆਂ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਲਈ ਵੀ ਕਿਹਾ ਹੈ।

ਇਸ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਨੇ ਰੂਸ ਨੂੰ ਯੂਕ੍ਰੇਨ ਉੱਤੇ ਹਮਲਾ ਕਰਨ ਦੀ ਸਥਿਤੀ ਵਿੱਚ 'ਗੰਭੀਰ ਨਤੀਜੇ' ਭੁਗਤਣ ਦੀ ਚਿਤਾਵਨੀ ਦਿੱਤੀ ਹੈ ਅਤੇ ਇਸ ਮੁੱਦੇ ਦੇ ਕੂਟਨੀਤਕ ਹੱਲ ਉੱਤੇ ਜ਼ੋਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਯੂਕ੍ਰੇਨ ਉੱਤੇ ਰੂਸੀ ਹਮਲੇ ਦੇ ਖਦਸ਼ੇ ਦੌਰਾਨ ਉਹ ਭਾਰਤ ਅਤੇ ਹੋਰ ਸਹਿਯੋਗੀਆਂ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਸਥਿਤੀ ਉੱਤੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਜਾਨਸਨ ਨਾਲ ਵੀ ਸੰਪਰਕ ਕੀਤਾ।

## ਪਾਕਿ ਸਰਕਾਰ ਅਫਗਾਨਿਸਤਾਨ ਜਾਣ ਵਾਲੇ ਕਣਕ ਦੇ ਟਰੱਕਾਂ ਦਾ ਟੋਲ ਚਾਰਜ ਨਹੀਂ ਕਰੇਗੀ

ਅੰਮ੍ਰਿਤਸਰ, 17 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਭਾਰਤ ਵੱਲੋਂ ਅਫਗਾਨਿਸਤਾਨ ਭੇਜੇ ਜਾ ਰਹੇ ਕਣਕ ਦੇ ਟਰੱਕਾਂ ਉੱਤੇ ਕੋਈ ਟੋਲ ਚਾਰਜ ਨਾ ਕਰਨ ਦਾ ਐਲਾਨ ਕੀਤਾ ਹੈ। ਅਫਗਾਨਿਸਤਾਨ ਭੇਜੇ ਜਾ ਰਹੇ ਕਣਕ ਦੇ ਟਰੱਕ 22 ਫਰਵਰੀ ਤੋਂ ਅਟਾਰੀ ਸੜਕ ਸਰਹੱਦ ਉੱਤੇ ਪਹੁੰਚਣਗੇ।ਭਾਰਤ 50,000 ਟਨ ਕਣਕ ਅਫਗਾਨਿਸਤਾਨ ਭੇਜ ਰਿਹਾ ਹੈ। ਇਸ ਪੂਰੇ ਕੰਮ ਵਿੱਚ ਇੱਕ ਮਹੀਨੇ ਦਾ ਸਮਾਂ ਲੱਗੇਗਾ। ਵਿਵਸਥਾ ਦੇ ਤਹਿਤ ਸੱਠ ਖਾਲੀ ਟਰੱਕ ਅਫਗਾਨਿਸਤਾਨ ਤੋਂ ਵਾਹਗਾ ਬਾਰਡਰ (ਲਾਹੌਰ) ਪਹੁੰਚਣਗੇ,ਫੇਰ ਇਹ ਟਰੱਕ ਵਾਹਗਾ ਬਾਰਡਰ ਤੋਂ ਅਟਾਰੀ ਪਹੁੰਚਣਗੇ। ਇੱਥੇ ਭਾਰਤੀ ਅਧਿਕਾਰੀ ਅਫਗਾਨਿਸਤਾਨੀ ਟਰੱਕਾਂ ਵਿੱਚ ਕਣਕ ਭਰਨਗੇ। ਅਟਾਰੀ ਸੜਕ ਬਾਰਡਰ ਤੋਂ ਪਾਕਿਸਤਾਨ ਵਾਹਲਾ ਸੀਮਾ ਵਿੱਚ ਦਾਖਲ ਹੋਣ ਵਾਲੇ ਕਣਕ ਨਾਲ ਭਰੇ ਅਫਗਾਨ ਟਰੱਕਾਂ ਨੂੰ ਟੋਲ ਫਰੀ ਪਾਸ ਕਰਨ ਦੀ ਮਨਜ਼ੂਰੀ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਅਫਗਾਨਿਸਤਾਨ ਦੀ ਇੱਕ ਰਸਦ ਕੰਪਨੀ ਦੇ ਨਾਲ ਸਮਝੌਤਾ ਕੀਤਾ ਹੈ, ਜੋ ਤੋਰਖਾਮ ਸਮਾ (ਪੇਸ਼ਾਵਰ) ਤੋਂ ਵਾਘਾ ਲਾਹੌਰ ਤਕ ਖਾਲੀ ਟਰੱਕ ਭੇਜੇਗੀ। ਅਟਾਰੀ ਵਿੱਚ ਭਾਰਤੀ ਅਧਿਕਾਰੀ ਆਪਣੇ ਟਰੱਕਾਂ ਵਿੱਚੋਂ ਕਣਕ ਦੀਆਂ ਬੋਰੀਆਂ ਲਾਹੁਣ ਤੇ ਅਫਗਾਨ ਵਾਹਨਾਂ ਵਿੱਚ ਲੱਦਣ ਦੀ ਸਹੂਲਤ ਦੇਣਗੇ। ਅਫਗਾਨ ਅਧਿਕਾਰੀਆਂ ਨੇ ਅਟਾਰੀ ਸਰਹੱਦ ਤੋਂ ਕਣਕ ਲੈਣ ਵਾਲੇ ਅਫਗਾਨਿਸਤਾਨੀ ਡਰਾਈਵਰਾਂ ਦੇ ਪਾਸ-ਪੋਰਟ, ਪਛਾਣ ਪੱਤਰ ਆਦਿ, ਟਰੱਕਾਂ ਦੀ ਕਿਸਮ, ਉਨ੍ਹਾਂ ਦੀ ਕੰਪਨੀ, ਸਮਰੱਥਾ, ਰਜਿਸਟਰੇਸ਼ਨ ਗਿਣਤੀ ਅਤੇ ਹੋਰ ਦਸਤਾਵੇਜ਼ਾਂ ਦੀ ਪਛਾਣ ਭਾਰਤ-ਪਾਕਿ-ਸਤਾਨ ਅਧਿਕਾਰੀਆਂ ਦੇ ਨਾਲ ਸਾਂਝੀ ਕੀਤੀ ਹੈ।

## ਕੈਪਟਨ ਅਮਰਿੰਦਰ ਸਿੰਘ ਦੇ ਚੋਣ ਪ੍ਰਚਾਰ ਵਿੱਚ ਪ੍ਰਨੀਤ ਕੌਰ ਵੀ ਚੱਲੀ

ਪਟਿਆਲਾ, 17 ਫਰਵਰੀ (ਪੋਸਟ ਬਿਊਰੋ)- ਪਿਛਲੇ ਲੰਬੇ ਸਮੇਂ ਤੋਂ ਚੁੱਪ ਬੈਠੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਅਤੇ ਕਾਂਗਰਸ ਦੀ ਪਾਰਲੀਮੈਂਟ ਮੈਂਬਰ ਨੇ ਆਪਣੇ ਪਤੀ ਦੇ ਹੱਕ ਵਿੱਚ ਵਿਧਾਨ ਸਭਾ ਲਈ ਚੋਣ ਪ੍ਰਚਾਰ ਸ਼ੁਰੂ ਕਰਕੇ ਉਠਦੇ ਸਿਆਸੀ ਗਲਿਆਰਿਆਂ ਦੇ ਸਵਾਲਾਂ ਨੂੰ ਰੋਕ ਲਾ ਦਿੱਤੀ ਹੈ। ਪ੍ਰਨੀਤ ਕੌਰ ਦੇ ਬਾਗ਼ੀ ਰੁਖ਼ ਬਾਰੇ ਪਾਰਟੀ ਹਾਈ ਕਮਾਨ ਕੀ ਫ਼ੈਸਲਾ ਲਵੇਗੀ, ਇਹ ਨਵਾਂ ਸਵਾਲ ਬਣ ਗਿਆ ਹੈ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਤੋਂ ਵੱਖ ਹੋ ਕੇ ਪੰਜਾਬ ਲੋਕ ਕਾਂਗਰਸ ਪਾਰਟੀ ਬਣਾਉਣ ਤੋਂ ਬਾਅਦ ਉਨ੍ਹਾਂ ਦੀ ਧਰਮਪਤਨੀ ਪ੍ਰਨੀਤ ਕੌਰ ਉਨ੍ਹਾ ਦੇ ਮੋਤੀ ਮਹਿਲ ਦੀ ਚਾਰਦੀਵਾਰੀ ਤਕ ਸਿਮਟ ਗਏ ਸੀਅਤੇ ਬਾਹਰੀ ਤੌਰ ਉੱਤੇ ਕੈਪਟਨ ਅਮਰਿੰਦਰ ਦੇ ਹੱਕ ਵਿੱਚ ਸਿੱਧਾ ਕੋਈ ਪ੍ਰਚਾਰ ਨਹੀਂ ਸੀ ਕੀਤਾ, ਪਰ ਉਨ੍ਹਾਂ ਵੱਲੋਂ ਕੀਤੀ ਸਿਆਸੀ ਬਿਆਨਬਾਜ਼ੀ ਤੋਂ ਬਾਅਦ ਕਾਂਗਰਸ ਨੇਂ ਉਨ੍ਹਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਨਾਂਅ ਹੇਠ ਕਾਰਨ ਦੱਸੋ ਨੋਟਿਸ ਜਾਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਕਾਫ਼ੀ ਸਮਾਂ ਪ੍ਰਨੀਤ ਕੌਰ ਵੀ ਸ਼ਾਂਤ ਚੱਲ ਰਹੇ ਸਨ ਅਤੇ ਕਾਂਗਰਸ ਨੇ ਵੀ ਕੋਈ ਅਗਾਊਂ ਕਦਮ ਨਹੀਂ ਸੀ ਪੁੱਟਿਆ, ਪਰ ਕੱਲ੍ਹ ਪ੍ਰਨੀਤ ਕੌਰ ਆਪਣੇ ਪਤੀ ਦੀ ਜਿੱਤ ਦੇ ਲਈ ਚੋਣ ਮੈਦਾਨ ਵਿੱਚ ਖੁੱਲ੍ਹੇਆਮ ਆ ਗਏ ਹਨ।

# ਏਅਰ ਇੰਡੀਆ ਵੱਲੋਂ ਲੰਡਨ-ਅੰਮ੍ਰਿਤਸਰ ਉਡਾਣਾਂ ਵਿੱਚ ਵਾਧਾ

ਅੰਮ੍ਰਿਤਸਰ, 17 ਫਰਵਰੀ (ਪੋਸਟ ਬਿਊਰੋ)- ਏਅਰ ਇੰਡੀਆ ਨੇ ਅੰਮ੍ਰਿਤਸਰ-ਲੰਡਨ ਹੀਥਰੋ ਸਿੱਧੀ ਉਡਾਣ ਨੂੰ 27 ਮਾਰਚ ਤੋਂ ਹਫਤੇ ਵਿੱਚ ਇੱਕ ਦਿਨ ਤੋਂ ਵਧਾ ਕੇ ਤਿੰਨ ਉਡਾਣਾਂ ਕਰਨ ਦਾ ਫੈਸਲਾ ਲਿਆ ਹੈ।



ਇਨੀਸ਼ੀਏਟਿਵ ਨਾਂਅ ਦੀ ਸੰਸਥਾ ਦੇ ਗਲੋਬਲ ਕਨਵੀਨਰ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸੈਕਟਰੀ ਸਮੀਪ ਸਿੰਘ ਗੁਮਟਾਲਾ (ਯੂ ਐਸ ਏ) ਨੇ ਦੱਸਿਆ ਕਿ ਏਅਰ ਇੰਡੀਆ ਦੀ ਵੈਬਸਾਈਟ ਉੱਤੇ ਤਾਜ਼ਾ ਟਾਈਮ ਟੇਬਲ ਦੇ ਅਨੁਸਾਰ ਏਅਰ ਇੰਡੀਆ ਦੀ ਉਡਾਣ ਏ ਆਈ 170 ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਲੰਡਨ ਹੀਥਰੋ ਤੋਂ ਉਡਾਣ ਭਰੇਗੀ ਅਤੇ ਅੰਮ੍ਰਿਤਸਰ ਤੋਂ ਉਡਾਣ ਐਤਵਾਰ, ਸੋਮਵਾਰ ਤੇ ਮੰਗਲਵਾਰ ਨੂੰ ਰਵਾਨਾ ਹੋਵੇਗੀ। ਏਅਰ ਇੰਡੀਆ ਇਸ ਰੂਟ ਉੱਤੇ 256 ਸੀਟਾਂ ਵਾਲਾ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਚਲਾਉਂਦੀ ਹੈ, ਜਿਸ ਵਿੱਚ ਇਕਾਨਮੀ ਦੀਆਂ 238ਅਤੇ ਬਿਜ਼ਨਸ ਕਲਾਸ ਦੀਆਂ 18 ਸੀਟਾਂ ਹਨ। ਇਨ੍ਹਾਂ ਸਿੱਧੀਆਂ ਉਡਾਣਾਂ ਦੀ ਬੁਕਿੰਗ ਅਕਤੂਬਰ 2022 (ਏਅਰ ਲਾਈਨ ਲਈ ਗਰਮੀਆਂ ਦੀ ਸਮਾਂ ਸਾਰਨੀ ਦੇ ਅੰਤ) ਤਕ ਮਿਲ ਰਹੀ ਹੈ। ਗੁਮਟਾਲਾ ਨੇ ਦੱਸਿਆ ਕਿ ਏਅਰ ਇੰਡੀਆ ਇਸ ਵੇਲੇ ਹਫਤੇ ਵਿੱਚ ਇੱਕ ਦਿਨ ਸਿੱਧੀ ਅੰਮ੍ਰਿਤਸਰ-ਬਰਮਿੰਘਮ ਉਡਾਣ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਭਵਿੱਖ ਵਿੱਚ ਇਨ੍ਹਾਂ ਉਡਾਣਾਂ ਦੀ ਗਿਣਤੀ ਵੀ ਵਧੇਗੀ।

# ਮਜੀਠੀਆ ਦੀ ਪਤਨੀ ਗੁਨੀਵ ਲਈ ਮੁਸ਼ਕਲਾਂ ਵਧੀਆਂ

ਮਜੀਠਾ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਵਿਧਾਨ ਸਭਾ ਹਲਕਾ ਮਜੀਠਾ ਤੋਂ ਅਕਾਲੀ-ਬਸਪਾ ਗੱਠਜੋੜ ਦੀ ਉਮੀਦਵਾਰ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਪਤਨੀ ਗੁਨੀਵ ਕੌਰ ਮਜੀਠੀਆ ਦਾ ਪੈਂਡਾ ਔਖਾ ਹੁੰਦਾ ਜਾਪਦਾ ਹੈ।ਇਸ ਹਲਕੇ ਵਿੱਚ ਚੋਣ ਪ੍ਰਚਾਰ ਵਿੱਚ ਪਿਛਲੇ ਦਿਨੀਂ ਅੱਗੇ ਚੱਲਰਹੀ ਗੁਨੀਵ ਮਜੀਠੀਆ ਨੂੰ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਘੇਰਨਾ ਸ਼ੁਰੂ ਕਰ ਦਿੱਤਾ ਹੈ।



ਮਿਲੀ ਜਾਣਕਾਰੀ ਅਨੁਸਾਰ ਪਿਛਲੇ ਕੁਝ ਦਿਨਾਂ ਵਿੱਚ ਇਸ ਹਲਕੇ ਵਿੱਚਕਾਂਗਰਸ ਦੇ ਦੋਵੇਂ ਧੜੇ ਇਕੱਠੇ ਹੋਣ ਨਾਲ ਕਾਂਗਰਸ ਦਾ ਚੋਣ ਪ੍ਰਚਾਰ ਨਿੱਖਰਿਆ ਹੈ। ਹਲਕੇ ਵਿੱਚ ਕਾਂਗਰਸ ਦੀ ਟਿਕਟ ਦੇ ਮੁੱਖ ਦਾਅਵੇਦਾਰ ਭਗਵੰਤਪਾਲ ਸਿੰਘ ਸੱਚਰ ਟਿਕਟ ਨਾ ਮਿਲਣ ਕਾਰਨ ਨਾਰਾਜ਼ ਹੋ ਕੇ ਘਰੇ ਬੈਠੇ ਸਨ, ਪਰ ਚਾਰ ਦਿਨ ਪਹਿਲਾਂ ਪਾਰਟੀ ਉਮੀਦਵਾਰ ਜੱਗਾ ਮਜੀਠੀਆ ਦੇ ਹੱਕ ਵਿੱਚ ਚੱਲ ਪਏ ਅਤੇ ਇਕੱਠੇ ਰੈਲੀਆਂ ਕਰ ਰਹੇ ਹਨ।

ਓਧਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਦੀ ਇਸ ਹਲਕੇ ਵਿੱਚ ਪਕੜ ਵਧ ਰਹੀ ਹੈ। ਲੋਕ ਅੰਦਰਖਾਤੇ ਝਾੜੂ ਦੀਆਂ ਗੱਲਾਂ ਕਰਦੇ ਵੇਖੇ ਜਾਂਦੇ ਹਨ, ਜਿਸ ਨਾਲ ਗੁਨੀਵ ਕੌਰ ਮਜੀਠੀਆ ਦੀ ਚਿੰਤਾ ਵਧ ਸਕਦੀ ਹੈ। ਇਹ ਗੱਲ ਆਮ ਵੇਖੀ ਗਈ ਹੈ ਕਿ ਲੋਕ ਮੂੰਹ-ਮੁਲਾਹਜ਼ੇ ਨੂੰ ਰਵਾਇਤੀ ਆਗੂਆਂ ਲਈ ਜੀ ਆਇਆਂ ਕਹਿੰਦੇ ਹਨ, ਪਰ ਅੰਦਰਖਾਤੇ ਬਦਲਾਅ ਦੀ ਗੱਲ ਕਰਦੇ ਹਨ। ਹਲਕੇ ਅੰਦਰ ਸਮੀਕਰਨ ਬਦਲਦੇ ਵੇਖਣ ਦੇਬ-ਅਦ ਬਿਕਰਮ ਸਿੰਘ ਮਜੀਠੀਆ ਨੂੰ ਵੀ ਅੰਮ੍ਰਿਤਸਰ ਪੂਰਬੀ ਹਲਕਾ ਛੱਡ ਕੇ ਏਥੇਡਟਣਾ ਪੈ ਰਿਹਾ ਹੈ।

NEED A LAWYER ??
KAUR LAW OFFICE
Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits


WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also
Sponsor Your Family
MacroGlobal Immigration Services Ltd.
Seema Bhayana



ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



# ਸੰਪਾਦਕੀ

## ਫੈਡਰਲ ਐਮਰਜੰਸੀ – ਕੈਨੇਡੀਅਨ ਏਕੇ ਦੇ ਲਿਹਾਜ਼ ਤੋਂ

ਅੱਜ ਦੇ ਐਡੀਟੋਰੀਅਲ ਦੇ ਆਰੰਭ ਵਿੱਚ ਕੁੱਝ ਗੱਲਾਂ ਨੂੰ ਸਪੱਸ਼ਟ ਕਰਨਾ ਲਾਜ਼ਮੀ ਹੈ। ਚੱਲ ਰਿਹਾ ਟਰੱਕਰਾਂ ਦਾ ਅੰਦੋਲਨ ਵੱਡੀ ਪੱਧਰ ਉੱਤੇ ਆਮ ਜਨ ਜੀਵਨ ਵਿੱਚ ਰੁਕਾਵਟਾਂ ਪੈਦਾ ਕਰ ਰਿਹਾ ਹੈ। ਇਹ ਅੰਦੋਲਨ ਸਮੂਹ ਕੈਨੇਡੀਅਨਾਂ ਜਾਂ ਸਮੂਹ ਟਰੱਕਰਾਂ ਦੀ ਤਰਜਮਾਨੀ ਨਹੀਂ ਕਰਦਾ। ਇਹਨਾਂ ਦੇ ਕਾਰਵਾਂ ਵਿੱਚ ਕੁੱਝ ਗਲਤ ਅਨਸਰ ਸ਼ਾਮਲ ਹਨ ਜੋ ਆਪਣੇ ਵੱਖਵਾਦੀ ਏਜੰਡੇ ਨੂੰ ਅੱਗੇ ਲਿਆ ਰਹੇ ਹਨ। ਕੋਵਿਡ 19 ਅਤੇ ਇਸ ਨਾਲ ਸਬੰਧਿਤ ਬੰਦਸ਼ਾਂ ਨੇ ਕੈਨੇਡਾ ਹੀ ਕੀ, ਸਮੁੱਚੇ ਵਿਸ਼ਵ ਨੂੰ ਆਪਣੇ ਚੁੰਗਲ ਵਿੱਚ ਲਿਆ ਹੋਇਆ ਹੈ।

ਹੁਣ ਗੱਲ ਕਰਦੇ ਹਾਂ ਸਾਡੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੋਰਾਂ ਵੱਲੋਂ ਐਮਰਜੰਸੀ ਐਕਟ ਲਾਗੂ ਕਰਨ ਬਾਰੇ ਜਿਸ ਵਿੱਚ ਇੰਤਹਾਈ ਸਖ਼ਤ ਧਾਰਨਾਵਾਂ ਦੀ ਵਰਤੋਂ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਹ ਸ਼ਖ਼ਤ ਕਦਮ ਉਸ ਪ੍ਰਧਾਨ ਮੰਤਰੀ ਦੁਆਰਾ ਚੁੱਕਿਆ ਗਿਆ ਜਿਹਨਾਂ ਨੇ ਕਦੇ 2015 ਦੀਆਂ ਚੋਣਾਂ ਦੌਰਾਨ 'A Canadian is a Canadian is a Canadian' ਦਾ ਨਾਅਰਾ ਲਾਇਆ ਸੀ। ਇੱਕ ਐਸਾ ਨਾਅਰਾ ਜਿਸ ਵਿੱਚ ਉਹਨਾਂ ਨੇ ਖੁਦ-ਮੁਖਤਾਰੀ ਢੰਗ ਨਾਲ ਇੱਕ ਦੇਵਤਾ ਸਮਾਨ ਇੱਖਲਾਕੀ ਜਾਮਾ ਪਹਿਨ ਕੇ ਹੋਰਾਂ ਨੂੰ ਪ੍ਰਵਚਨ ਦੇਣ ਦਾ ਹੀਆ ਕੀਤਾ ਸੀ। ਅੱਜ ਉਹਨਾਂ ਦੀਆਂ ਨਜ਼ਰਾਂ ਵਿੱਚ ਇੱਕ ਖਾਸ ਵਰਗ ਦੇ ਕੈਨੇਡੀਅਨ ਅਜਿਹੇ ਕਿਵੇਂ ਹੋ ਗਏ ਕਿ ਉਹਨਾਂ ਨਾਲ ਗੱਲ ਤੱਕ ਨਹੀਂ ਕੀਤੀ ਜਾ ਸਕਦੀ? ਟਰੂਡੋ ਹੋਰਾਂ ਬਾਰੇ ਮਸ਼ਹੂਰ ਹੈ ਕਿ ਉਹ ਵਿਸ਼ਵ ਦੇ ਵੱਖ ਵੱਖ ਆਗੂਆਂ ਨੂੰ ਲੋਕਤੰਤਰ ਅਤੇ ਲੋਕਤੰਤਰ ਵਿੱਚ ਵਿਚਾਰ ਵਟਾਂਦਰੇ ਦੇ ਗੁਣਾਂ ਬਾਰੇ ਸਲਾਹਾਂ ਮੱਤਾਂ ਦੇਣ ਤੋਂ ਕਦੇ ਗੁਰੇਜ਼ ਨਹੀਂ ਕਰਦੇ। ਸੁਆਲ ਉੱਠਦਾ ਹੈ ਕਿ ਉਹਨਾਂ ਨੇ ਖੁਦ ਦੀ ਰਿਆਇਆ ਨਾਲ ਕਿਸ ਗੱਲੋਂ ਸਖ਼ਤ ਰੁਖ ਅਪਨਾਇਆ ਹੈ? ਅੰਦੋਲਨਕਾਰੀਆਂ ਵਿੱਚ ਲੱਖ ਖਾਮੀਆਂ ਹਨ ਪਰ ਪ੍ਰਧਾਨ ਮੰਤਰੀ ਜੀ ਤਾਂ 'ਸੰਵਾਦ' ਨਾਲ ਮਸਲੇ ਹੱਲ ਕਰਨ ਦੇ ਹਾਮੀ ਹਨ। ਉਹ ਆਪਣੇ ਨਿੱਜ ਧਰਮ ਤੋਂ ਲਾਂਭੇ ਹੁੰਦੇ ਬਿਖਮ ਮਾਰਗ ਕਿਉਂ ਤੁਰ ਪਏ?

ਦੋ ਕੁ ਸ਼ਬਦ ਐਮਰਜੰਸੀ ਐਕਟ ਦੀਆਂ ਧਾਰਨਾਵਾਂ ਬਾਰੇ। ਇਸ ਐਕਟ ਦੇ ਅਮਲ ਵਿੱਚ ਆਉਣ ਤੋਂ ਬਾਅਦ ਕਿਸੇ ਕਿਸਮ ਦੇ ਧਰਨੇ ਜਾਂ ਵਿਖਾਵੇ ਵਿੱਚ ਸ਼ਾਮਲ ਹੋਣ ਵਾਲੇ ਨੂੰ ਪੰਜ ਸਾਲ ਤੱਕ ਦੀ ਕੈਦ ਅਤੇ ਪੰਜ ਹਜ਼ਾਰ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਆਰ ਸੀ ਐਮ ਪੀ ਨੂੰ ਸਥਾਨਕ ਅਤੇ ਪ੍ਰੋਵਿੰਸ਼ੀਅਲ ਹੱਦ ਦਾਇਰੇ ਵਿੱਚ ਦਖ਼ਲ ਅੰਦਾਜ਼ੀ ਦੇ ਅਧਿਕਾਰ, ਵਿੱਤੀ ਸੰਸਥਾਵਾਂ ਨੂੰ ਸ਼ੱਕ ਦੀ ਬਿਨਾ ਉੱਤੇ ਖਾਤੇ ਸੀਲ ਕਰਨ ਦੇ ਹੱਕ ਮਿਲਣਗੇ। ਇਹਨਾਂ ਧਾਰਨਾਵਾਂ ਦੇ ਖ਼ਤਰਨਾਕ ਸ਼ਿਕੰਜੇ ਤੋਂ ਸਿਰਫ਼ ਟਰੱਕਰਾਂ ਨੂੰ ਹੀ ਨਹੀਂ ਸਗੋਂ ਸਮੂਹ ਕੈਨੇਡੀਆਂ ਨੂੰ ਚੇਤੰਨ ਰਹਿਣ ਦੀ ਲੋੜ ਹੈ।

ਲੋੜ ਹੈ ਉਸ ਮਾਨਸਿਕਤਾ ਨੂੰ ਸਮਝਣ ਦੀ ਜੋ ਸਵੈ ਦੀ ਗਰਜ਼ ਕਾਰਣ ਲੋਕਾਂ ਨੂੰ ਸਬਕ ਸਿਖਾਉਣ ਲਈ 'ਕਿਸੇ ਵੀ ਹੱਦ ਤੱਕ' ਜਾ ਸਕਦੀ ਹੈ। ਕੈਨੇਡੀਅਨ ਸਿਵਲ ਲਿਬਰਟੀਜ਼ ਐਸੋਸੀਏਸ਼ਨ (CCLA) ਅਨੁਸਾਰ, "ਫੈਡਰਲ ਸਰਕਾਰ ਦੇ ਐਮਰਜੰਸੀ ਆਰਡਰ ਸਿਵਲ ਸੁਸਾਇਟੀ ਅਤੇ ਸਾਧਾਰਨ ਲੋਕਤਾਂਤਰਿਕ ਪ੍ਰਕਿਰਿਆਵਾਂ ਨੂੰ ਤਹਿਸ ਨਹਿਸ ਕਰਨ ਵਾਲੇ ਹਨ"। CCLA ਨੇ ਕੱਲ ਐਲਾਨ ਕੀਤਾ ਹੈ ਕਿ ਉਹ ਸਰਕਾਰ ਦੇ ਇਸ ਗੈਰ ਲੋਕਤਾਂਤਰਿਕ ਕਦਮ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਜਾ ਰਹੀ ਹੈ। CCLA ਮੁਤਾਬਕ ਐਮਰਜੰਸੀ ਐਕਟ ਨੂੰ ਉਸ ਵੇਲੇ ਹੀ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ ਜਦੋਂ ਮਨੁੱਖੀ ਜੀਵਨ, ਸਿਹਤ, ਜਾਨਮਾਲ ਨੂੰ ਬੇਹੱਦ ਖਤਰਾ ਹੋਵੇ, ਕੈਨੇਡਾ ਦੀ ਪ੍ਰਭੁਸੱਤਾ ਜੋਖ਼ਮ ਵਿੱਚ ਹੋਵੇ ਅਤੇ ਸਥਿਤੀ ਨਾਲ ਕੈਨੇਡਾ ਦੇ ਕਿਸੇ ਕਾਨੂੰਨ ਦੀ ਵਰਤੋਂ ਦੁਆਰਾ ਸਿੱਝਿਆ ਨਾ ਜਾ ਸਕਦਾ ਹੋਵੇ। ਚੇਤੇ ਰਹੇ ਕਿ ਉਂਟੇਰੀਓ ਸਰਕਾਰ ਅਤੇ ਸਿਟੀ ਆਫ਼ ਓਟਾਵਾ ਦੋਵਾਂ ਵੱਲੋਂ ਪਹਿਲਾਂ ਹੀ ਆਪੋ ਆਪਣੇ ਦਾਇਰੇ ਵਿੱਚ ਐਮਰਜੰਸੀ ਲਾਗੂ ਕੀਤੀ ਜਾ ਚੁੱਕੀ ਹੈ।

ਐਮਰਜੰਸੀ ਐਕਟ ਦਾ ਪਹਿਲਾ ਨਾਮ The War Measures Act ਹੁੰਦਾ ਸੀ ਜਿਸਨੂੰ ਹੁਣ ਤੋਂ ਪਹਿਲਾਂ ਕੈਨੇਡਾ ਦੇ ਪੂਰੇ ਇਤਿਹਾਸ ਵਿੱਚ ਸਿਰਫ਼ ਤਿੰਨ ਵਾਰ ਵਰਤਿਆ ਗਿਆ ਹੈ। ਇਸ ਵਿੱਚ ਦੋਵੇਂ ਵਿਸ਼ਵ ਜੰਗਾਂ ਅਤੇ ਤੀਜੀ ਵਾਰ ਅਕਤੂਬਰ 1970 ਵਿੱਚ ਕਿਉਬਿੱਕ ਵਿੱਚ ਵੱਖਵਾਦ ਨੂੰ ਖਤਮ ਕਰਨ ਵੇਲੇ ਲਾਗੂ ਕਰਨਾ ਸ਼ਾਮਲ ਹੈ। 1970 ਵਿੱਚ ਐਕਟ ਲਾਗੂ ਕਰਨ ਬਾਰੇ ਬੁੱਧੀਜੀਵੀਆਂ ਅਤੇ ਇਤਿਹਾਸਕਾਰਾਂ ਦਾ ਖਿਆਲ ਹੈ ਕਿ ਟਰੂਡੋ ਸਾਹਿਬ ਦੇ ਪਿਤਾ ਪੀਅਰੇ ਟਰੂਡੋ ਹੋਰਾਂ ਨੇ ਕਿਉਬਿੱਕ ਵਿੱਚ ਵੱਖਵਾਦ ਦੇ ਅਹਿਸਾਸ ਨੂੰ ਹੋਰ ਪੀਡਾ ਬਣਾ ਦਿੱਤਾ ਸੀ। ਚੇਤੇ ਰਹੇ ਕਿ 1970 ਵਿੱਚ ਕਿਉਬਿੱਕ ਦੀ ਪ੍ਰੋਵਿੰਸ਼ੀਅਲ ਸਰਕਾਰ ਨੇ ਐਮਰਜੰਸੀ ਲਾਉਣ ਲਈ ਬੇਨਤੀ ਕੀਤੀ ਸੀ। ਇਸ ਵਾਰ ਅਲੋਕਾਰੀ ਗੱਲ ਇਹ ਹੈ ਕਿ ਜਸਟਿਨ ਟਰੂਡੋ ਹੋਰਾਂ ਨੇ ਆਪਣੀ ਬੁੱਧੀਮੱਤਤਾ ਵਰਤਦੇ ਹੋਏ ਉਪਰੋਂ ਲਿਆ ਕੇ ਐਮਰਜੰਸੀ ਥੋਪੀ ਹੈ। ਟਰੂਡੋ ਹੋਰਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪੱਛਮੀ ਪ੍ਰੋਵਿੰਸਾਂ ਵਿੱਚ ਵੱਖਵਾਦ ਦੀ ਭਾਵਨਾ ਪਹਿਲਾਂ ਨਾਲੋਂ ਵਧੇਰੇ ਪ੍ਰਬਲ ਹੋਈ ਹੈ। ਸੁਆਲ ਪੁੱਛਿਆ ਜਾ ਰਿਹਾ ਹੈ ਕਿ ਕੀ ਇਹ ਨਵਾਂ ਐਕਟ ਇੱਕ ਅਖੰਡ ਕੈਨੇਡਾ ਨੂੰ ਜਨਮ ਦੇਵੇਗਾ ਜਾਂ ਕੈਨੇਡੀਅਨਾਂ ਵਿੱਚ ਦੁਫ਼ਾੜ ਪੈਦਾ ਕਰੇਗਾ?

# ਕੰਜ਼ਰਵੇਟਿਵਾਂ ਨੇ ਐਮਰਜੰਸੀ ਐਕਟ ਦਾ ਸਮਰਥਨ ਕਰਨ ਤੋਂ ਕੀਤਾ ਇਨਕਾਰ

...ਪੰਨਾ 1 ਦਾ ਬਾਕੀ

ਬਰਗਨ ਨੇ ਆਖਿਆ ਕਿ ਟਰੂਡੋ ਨੇ ਪਹਿਲੇ, ਦੂਜੇ, ਤੀਜੇ ਕਦਮ ਤੋਂ ਸ਼ੁਰੂਆਤ ਨਹੀਂ ਕੀਤੀ ਉਨ੍ਹਾਂ ਸਿੱਧਾ 100ਵੇਂ ਕਦਮ ਉੱਤੇ ਛਾਲ ਮਾਰੀ ਤੇ ਐਮਰਜੰਸੀ ਐਕਟ ਲਾਗੂ ਕਰ ਦਿੱਤਾ। ਉਨ੍ਹਾਂ ਆਖਿਆ ਕਿ ਅਸੀਂ ਇਸ ਐਕਟ ਦੀ ਹਮਾਇਤ ਨਹੀਂ ਕਰਾਂਗੇ। ਬਰਗਨ ਨੇ ਆਖਿਆ ਕਿ ਇਸ ਐਕਟ ਨੂੰ ਉਸ ਸਮੇਂ ਲਿਆਂਦਾ ਗਿਆ ਜਦੋਂ ਕਈ ਥਾਂਵਾਂ ਉੱਤੇ ਬਲਾਕੇਡ ਲੋਕਲ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਹਟਾਅ ਲਏ ਗਏ ਸਨ। ਸਵਾਲ ਇਹ ਪੈਦਾ ਹੁੰਦਾ ਹੈ ਕਿ ਟਰੂਡੋ ਨੂੰ ਐਨਾ ਵੱਡਾ ਕਦਮ ਚੁੱਕਣ ਦੀ ਲੋੜ ਕਿਉਂ ਪਈ?

ਬੁੱਧਵਾਰ ਸ਼ਾਮ ਨੂੰ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਹਾਊਸ ਆਫ ਕਾਮਨਜ਼ ਵਿੱਚ ਮਤਾ ਪੇਸ਼ ਕੀਤਾ। ਸਰਕਾਰ ਦੇ ਹਾਊਸ ਲੀਡਰ ਮਾਰਕੋ ਹੌਲੈਂਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਚੰਗੀ ਬਹਿਸ ਦੀ ਉਮੀਦ ਹੈ। ਉਨ੍ਹਾਂ ਆਖਿਆ ਕਿ ਹੁਣ ਲੋੜ ਹੈ ਕਿ ਹਾਲਾਤ ਦੀ ਨਜ਼ਾਕਤ ਨੂੰ ਸਮਝਦਿਆਂ ਇਸ ਮਾਮਲੇ ਉੱਤੇ ਪਹਿਲ ਦੇ ਆਧਾਰ ਉੱਤੇ ਬਹਿਸ ਹੋਵੇ। ਇਸ ਮਤੇ ਉੱਤੇ ਵੀਰਵਾਰ ਨੂੰ ਬਹਿਸ ਹੋਵੇਗੀ। ਜੇ ਇਸ ਮਤੇ ਨੂੰ ਅਪਣਾ ਲਿਆ ਜਾਂਦਾ ਹੈ ਤਾਂ ਐਮਰਜੰਸੀ ਸ਼ਕਤੀਆਂ ਲਾਗੂ ਰਹਿਣਗੀਆਂ। ਐਨਡੀਪੀ ਵੱਲੋਂ ਮਤੇ ਦਾ ਸਮਰਥਨ ਕਰਨ ਦੇ ਦਿੱਤੇ ਗਏ ਸੰਕੇਤ ਤੋਂ ਲੱਗਦਾ ਹੈ ਕਿ ਅਜਿਹਾ ਹੋਣ ਦੀ ਸੰਭਾਵਨਾ ਵਧੇਰੇ ਹੈ।

# ਮਨਮੋਹਨ ਸਿੰਘ ਦਾ ਭਾਜਪਾ ਉੱਤੇ ਹਮਲਾ: ਬਿਨਾਂ ਬੁਲਾਏ ਬਿਰਿਆਨੀ ਖਾਣ ਨਾਲ ਰਿਸ਼ਤੇ ਨਹੀਂ ਸੁਧਰਦੇ

...ਪੰਨਾ 1 ਦਾ ਬਾਕੀ

ਉਨ੍ਹਾ ਕਿਹਾ ਕਿ ਅੱਜਕੱਲ੍ਹ ਦੇਸ਼ ਵਿੱਚ ਅਮੀਰ ਹੋਰ ਅਮੀਰ ਹੁੰਦਾ ਜਾਂਦਾ ਹੈ ਅਤੇ ਗ਼ਰੀਬ ਹੋਰ ਗ਼ਰੀਬ ਹੁੰਦੇ ਜਾਂਦੇ ਹਨ। ਮਨਮੋਹਨ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰ ਨੂੰ ਆਰਥਿਕ ਨੀਤੀ ਦੀ ਸਮਝ ਨਹੀਂ ਤੇ ਇਹ ਸਰਕਾਰ ਵਿਦੇਸ਼ ਨੀਤੀ ਉੱਤੇ ਵੀ ਫ੍ਹੇਲ ਹੈ, ਚੀਨ ਸਾਡੀ ਸਰਹੱਦ ਉੱਤੇ ਬੈਠ ਕੇ ਇਸ ਮੁੱਦੇ ਨੂੰ ਦਬਾਉਣ ਦੇ ਯਤਨ ਕਰ ਰਿਹਾ ਹੈ।ਉਨ੍ਹਾ ਕਿਹਾ ਕਿ ਬਿਨਾਂ ਬੁਲਾਏ ਬਿਰਿਆਨੀ ਖਾਣ ਜਾਂ ਸਿਆਸਤਦਾਨਾਂ ਨੂੰ ਜੱਫ਼ੀ ਪਾਉਣ ਨਾਲ ਰਿਸ਼ਤੇ ਨਹੀਂ ਸੁਧਰਦੇ।ਉਨ੍ਹਾਂ ਕਿਹਾ ਕਿ ਭਾਜਪਾ ਦੀ ਮੋਦੀ ਸਰਕਾਰ ਦਾ ਰਾਸ਼ਟਰਵਾਦ ਅੰਗਰੇਜ਼ਾਂ ਦੀ ਪਾੜੋ ਅਤੇ ਰਾਜ ਕਰੋ ਦੀ ਨੀਤੀਵਾਲਾ ਹੈ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਿਹਾ ਕਿ ਭਾਜਪਾ 7 ਸਾਲਾਂ ਤੋਂ ਵਧ ਸਮੇਂ ਤੋਂ ਸਰਕਾਰ ਚਲਾ ਰਹੀ ਹੈ, ਪਰ ਲੋਕਾਂ ਦੀਆਂ ਸਮੱਸਿਆਵਾਂ ਲਈ ਹਾਲੇ ਤੱਕਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਦੋਸ਼ੀ ਠਹਿਰਾ ਰਹੀ ਹੈ।ਉਨ੍ਹਾ ਨੇ ਕਿਸਾਨ ਅੰਦੋਲਨ, ਵਿਦੇਸ਼ ਨੀਤੀ, ਮਹਿੰਗਾਈ ਤੇ ਬੇਰੁਜ਼ਗਾਰੀ ਆਦਿ ਬਾਰੇ ਮੋਦੀ ਸਰਕਾਰ ਉੱਤੇ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਕਾਂਗਰਸ ਨੇ ਸਿਆਸੀ ਲਾਭ ਲਈ ਕਦੇ ਦੇਸ਼ ਨੂੰ ਨਹੀਂ ਸੀ ਵੰਡਿਆ।

ਪੰਜਾਬ ਵਿਧਾਨ ਸਭਾ ਚੋਣਾਂ ਲਈ 20 ਫਰਵਰੀ ਨੂੰ ਹੋਣਰਹੀ ਵੋਟਿੰਗ ਤੋਂ ਪਹਿਲਾਂ ਡਾਕਟਰ ਮਨਮੋਹਨ ਸਿੰਘ ਨੇ ਪੰਜਾਬੀ ਵਿੱਚ ਜਾਰੀ ਕੀਤੇ ਵੀਡੀਓ ਸੰਦੇਸ਼ ਵਿੱਚ ਕਿਹਾ, 'ਦੇਸ਼ ਮਹਿੰਗਾਈ ਤੇ ਬੇਰੁਜ਼ਗਾਰੀ ਨਾਲ ਜੂਝ ਰਿਹਾ ਹੈ, ਦੂਸਰੇ ਪਾਸੇ ਪਿਛਲੇ ਸਾਢੇ 7 ਸਾਲਾਂ ਤੋਂ ਸੱਤਾ ਉੱਤੇ ਕਾਬਿਜ਼ ਸਰਕਾਰ ਆਪਣੀਆਂ ਗਲਤੀਆਂ ਮੰਨਣ ਤੇ ਸੁਧਾਰ ਕਰਨ ਦੀ ਥਾਂਸਭ ਸਮੱਸਿਆਵਾਂ ਲਈ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੂੰ ਦੋਸ਼ੀ ਕਹਿ ਰਹੀ ਹੈ।' ਉਨ੍ਹਾ ਕਿਹਾ ਕਿ ਚੋਣ ਮਾਹੌਲ ਵਿੱਚ ਪੰਜਾਬ ਦੀ ਜਨਤਾ ਮੂਹਰੇ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਦਾ ਮੁਕਾਬਲਾ ਠੀਕ ਤਰ੍ਹਾਂ ਕਰਨਾ ਜ਼ਰੂਰੀ ਹੈ। ਕਾਂਗਰਸ ਪੰਜਾਬ ਵਿੱਚ ਕਿਸਾਨਾਂ ਨੂੰ ਖੁਸ਼ਹਾਲ ਅਤੇ ਬੇਰੁਜ਼ਗਾਰੀ ਨੂੰ ਦੂਰ ਕਰ ਸਕਦੀ ਹੈ।ਉਨ੍ਹਾ ਕਿਹਾ ਕਿ ਮੇਰੀ ਇੱਛਾ ਸੀ ਕਿ ਮੈਂ ਪੰਜਾਬ, ਉਤਰਾਖੰਡ, ਉੱਤਰ ਪ੍ਰਦੇਸ਼, ਗੋਆ ਤੇ ਮਣੀਪੁਰ ਦੇ ਭਰਾ-ਭੈਣਾਂ ਨਾਲ ਦੇਸ਼ ਤੇ ਰਾਜ ਦੇ ਹਾਲਾਤ ਦੀ ਚਰਚਾ ਕਰਨ ਲਈ ਖੁਦ ਜਾਵਾਂ, ਪਰ ਡਾਕਟਰਾਂ ਦੀ ਸਲਾਹ ਕਾਰਨ ਇਸੇ ਤਰ੍ਹਾਂ ਲੋਕਾਂ ਨੂੰ ਸੰਬੋਧਨ ਕਰ ਰਿਹਾ ਹਾਂ।

# ਗੱਡੀ ਦੀ ਟੱਕਰ ਨਾਲ ਸਿਰ ਵਿੱਚ ਸੱਟ ਲੱਗਣ ਕਾਰਨ ਮੌਤ

ਕਪੂਰਥਲਾ, 17 ਫਰਵਰੀ (ਪੋਸਟ ਬਿਊਰੋ)- ਜਲੰਧਰ-ਅੰਮ੍ਰਿਤਸਰ ਨੈਸ਼ਨਲ ਹਾਈਵੇ ਉੱਤੇ ਢਿੱਲਵਾਂ ਟੋਲ ਪਲਾਜ਼ਾ ਦੇ ਧੁੱਸੀ ਬੰਨ੍ਹ ਦੇ ਨੇੜੇ ਪੈਦਲ ਸੜਕ ਉੱਤੇ ਜਾ ਰਹੇ ਬਜ਼ੁਰਗ ਨੂੰ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ। ਇਸ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ। ਰਾਹਗੀਰਾਂ ਨੇ ਉਸ ਨੂੰ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਿਊਟੀ ਡਾਕਟਰ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਉਸ ਦੀ ਪਛਾਣ ਸੱਤਰ ਸਾਲਾ ਕਰਨੈਲ ਸਿੰਘ ਪੁੱਤਰ ਤਾਰਾ ਸਿੰਘ ਪਿੰਡ ਧਾਲੀਵਾਲ ਬੇਟ ਦੇ ਰੂਪ ਵਿੱਚ ਹੋਈ ਹੈ ਅਤੇ ਪੁਲਸ ਇਸ ਬਾਰੇ ਕਾਰਵਾਈ ਕਰ ਰਹੀ ਹੈ। ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਡਿੱਗਣ ਕਾਰਨ ਬਜ਼ੁਰਗ ਦੇ ਸਿਰਵਿੱਚ ਗੰਭੀਰ ਸੱਟ ਲੱਗੀ। ਐਂਬੂਲੈਂਸ ਨੂੰ ਬੁਲਾਉਣ ਤਕ ਸਿਰ ਵਿੱਚੋਂ ਅਤੇ ਸਰੀਰ ਵਿੱਚੋਂ ਕਾਫੀ ਖ਼ੂਨ ਵਹਿ ਚੁੱਕਾ ਸੀ। ਜਦ ਬਜ਼ੁਰਗ ਨੂੰ ਕਪੂਰਥਲਾ ਦੇ ਸਿਵਲ ਹਸਪਤਾਲ ਪਹੁੰਚਾਇਆ ਤਾਂ ਡਿਊਟੀ ਡਾਕਟਰ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੇਂਦਰ ਸਰਕਾਰ ਨੇ 26,275 ਕਰੋੜ ਰੁਪਏ ਜੰਮੂ-ਕਸ਼ਮੀਰ ਤੇ ਨਕਸਲ ਪ੍ਰਭਾਵਤ ਇਲਾਕਿਆਂ 'ਚ ਖਰਚਣ ਲਈ ਦਿਤੇ

ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਵੱਡੇ ਪੱਧਰ ਉੱਤੇ ਪੁਲਸ ਦੀ ਸੁਧਾਰ ਯੋਜਨਾ ਜਾਰੀ ਰੱਖਣ ਲਈ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ 2025-26 ਤਕ ਦੇ ਅਗਲੇ ਪੰਜ ਸਾਲਾਂ ਲਈ 26,275 ਕਰੋੜ ਰੁਪਏ ਮਨਜ਼ੂਰ ਕੀਤੇ ਹਨ।ਕੇਂਦਰੀ ਗ੍ਰਹਿ ਮੰਤਰਾਲੇ ਨੇ ਦੱਸਿਆ ਕਿ ਇਕ ਯੋਜਨਾ ਵਿੱਚ ਜੰਮੂ-ਕਸ਼ਮੀਰ, ਉਤਰ ਪੂਰਬੀ ਰਾਜਾਂ ਤੇ ਨਕਸਲੀ ਇਲਾਕਿਆਂ ਵਿੱਚ ਸੁਰੱਖਿਆ,ਜਿਨ੍ਹਾਂ 'ਚ ਨਵੀਆਂ ਬਟਾਲੀਅਨਾਂ ਬਣਾਉਣਾ, ਹਾਈ-ਟੈਕ ਫੋਰੈਂਸਿਕ ਪ੍ਰਯੋਗਸ਼ਲਾਵਾਂ ਦਾ ਵਿਕਾਸ ਤੇ ਜਾਂਚ ਦੀਆਂ ਹੋਰ ਸਹੂਲਤਾਂ ਸ਼ਾਮਲ ਹਨ, ਲਈ ਜਾਰੀ ਕੀਤੇ ਗਏ ਹਨ।

ਇਸ ਬਿਆਨ ਮੁਤਾਬਕ ਜੰਮੂ-ਕਸ਼ਮੀਰ, ਅੱਤਵਾਦ ਪ੍ਰਭਾਵਤ ਉਤਰ ਪੂਰਬੀ ਰਾਜਾਂ ਅਤੇ ਨਕਸਲੀ ਪ੍ਰਭਾਵਤ ਇਲਾਕਿਆਂ ਵਿੱਚ ਸੁਰੱਖਿਆ ਨਾਲ ਜੁੜੇ ਖਰਚ ਲਈ 18,839 ਕਰੋੜ ਰੁਪਏ ਦੀ ਕੇਂਦਰੀ ਅਲਾਟਮੈਂਟ ਕੀਤੀ ਗਈ ਹੈ। ਰਾਜ ਪੁਲਸ ਦੇ ਆਧੁਨਿਕੀਕਰਨ ਲਈ ਕੇਂਦਰ ਸਰਕਾਰ 4,846 ਕਰੋੜ ਰੁਪਏ ਦੇਵੇਗੀ। ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵਿਗਿਆਨਕ ਤੇ ਸਮਾਂਬੱਧ ਜਾਂਚ ਵਿੱਚ ਮਦਦ ਲਈ ਆਜ਼ਾਦ ਉਚ ਗੁਣਵੱਤਾ ਵਾਲੀ ਫੋਰੈਂਸਿਕ ਵਿਗਿਆਨ ਪ੍ਰਯੋਗਸ਼ਾਲਾਵਾਂ ਦੇ ਵਿਕਾਸ ਲਈ 2,080.50 ਕਰੋੜ ਦਿੱਤੇ ਜਾਣਗੇ। ਭਾਰਤ ਦੇਸ਼ ਦੇ 257 ਥਾਣਿਆਂ ਕੋਲ ਵਾਹਨ ਹੀ ਨਹੀਂ ਅਤੇ 638 ਥਾਣੇ ਬਿਨਾਂ ਟੈਲੀਫੋਨ ਦੇ ਹਨ। ਗ੍ਰਹਿ ਮੰਤਰਾਲੇ ਨਾਲ ਜੁੜੀ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਨੇ ਰਿਪੋਰਟ ਵਿੱਚ ਕਿਹਾ ਹੈ ਕਿ ਇੱਕ ਜਨਵਰੀ 2020 ਤਕ 143 ਥਾਣੇ ਅਜਿਹੇ ਸਨ, ਜਿੱਥੇ ਵਾਇਰਲੈਸ ਜਾਂ ਮੋਬਾਈਲ ਦੀ ਸਹੂਲਤ ਨਹੀਂ ਸੀ। ਇਹ ਸਥਿਤੀ ਅਰੁਣਾਚਲ, ਉੜੀਸਾ ਅਤੇ ਪੰਜਾਬ ਵਰਗੇ ਸੰਵੇਦਨਸ਼ੀਲ ਸੂਬਿਆਂ ਦੀ ਹੈ।

# PM Modi has never declared a state of emergency to remove farmers - why Trudeau for truckers?

By: Surjit Singh Flora

Truckers from the Freedom Convoy have been descending on Ottawa for the last several weeks in protest of their government's heavy-handed COVID tactics; it's a mandatory vaccine — and PM Trudeau has just proven their point by using the country's Emergencies Act, which allows him to declare a state of emergency.

The most enormous problem Ottawa has had is a lack of manpower. When the protesters outnumber the police by a sizable number, that puts the police at risk. Thus, the reluctance of the police to ramp up enforcement is much beyond ticketing or dealing with isolated incidents of violence.

Now there's a slippery political slope. If Trudeau did implement the Act, he would have to back it up with manpower. There's only one source of manpower available, and that's the military, something Trudeau has resisted using. Note that Trudeau doesn't need the EMA to use the military; that's permitted under a section of the National Defence Act.

If somebody gets shot or killed, public opinion may very well turn against the government.

However, using the military against civilians is dangerous. Military members aren't polite; they're trained soldiers in the art of war. Some protesters are likely to risk a physical altercation with the police or the military if the latter attempt to forcibly remove them.

However, they are into the third week of protesters occupying Ottawa and border crossings. Make no mistake, that's what they're doing, occupying. To allow the protesters to continue to defy the government erodes confidence in the rule of law, one hallmark of a democratic society. It's time to lower the boom and call the protesters bluff; political consequences be damned.

The protesters have made their point and had their fifteen minutes of fame. It's long past time to go home.

While talking about The Emergency Act that was first enacted in the country in 1988 and has never been enforced since. Instead of acknowledging the truckers' legitimate demands, Trudeau's declaration of a state of emergency raises a number of questions.

'The Emergencies Act' can only be invoked when a situation 'seriously jeopardizes the government of Canada's ability to maintain the sovereignty, security, or territorial integrity of Canada,' and when the situation 'cannot be effectively dealt with under any other law of Canada,' according to the Canadian Civil Liberties Association.

But, When the farmers of India launched their nationwide agitation on November 26, 2020, A few days later, Justin Trudeau, speaking on behalf of the farmers, said that he was concerned about the matter and had expressed his concern about the farmers to the Government of India.

The Indian Foreign Ministry then immediately called Trudeau's remarks "unreasonable." Later, in February 2021, he lauded the efforts made by the Government of India in the case of farmers. It is very easy to comment on the movement of another country, but it is challenging to face it when such a time comes upon your own country.

In my perspective, the Indian Farm Law protests were even worse.

But PM Modi never declared an Emergency or called in the Army more than, Even 700 farmers were killed in a protest.

And Justin Trudeau gave the Indian Modi Government huge lectures and sermons. He encouraged them to examine the protestors' viewpoints. The West sees India as a colony, not an equal.

Call the cops, Army, navy, air force, and Mounties. Human Rights, Exploitation, Police State, Brute Force.

And what did Mr. Trudeau say about India's discussion of Foreign Funding? India is always seeing the Reactions and not the Causative Actions; these are his exact words.

And Trudeau is doing the literal same thing he advised India not to do. Trudeau was always an Effeminate Lackey. It's a tie! When it comes to his own people demonstrating for the flimsiest of grounds, he brings in the Cavalry and declares an emergency?

Protests grew, the "Freedom Convoy" began with Canadian truckers protesting required immunizations for crossing the US-Canada border.

But now it wants an end to all COVID-19 health policies and the fall of Trudeau's Liberal government, barely five months after he was re-elected.

Even while COVID-19 provisions are being pushed down in many locations, conservatives and vaccination mandate opponents worldwide have backed the truckers.

Over the weekend, police in Paris used tear gas and issued hundreds of penalties to disperse convoys from throughout France.

Belgian officials claimed Monday they had stopped 30 vehicles as police attempted to thwart a freight convoy.

Canadian police removed a blockage on the Ambassador Bridge over the weekend, disrupting operations in the world's biggest economy.

Canada is the second-largest country after Russia in terms of geographical area, but its population is only 38 million. Many people think that instead of declaring an emergency, Trudeau should have taken the initiative to solve truckers' problems.

In fact, they too had to declare an emergency because the movement of truck operators had caused traffic jams on the main roads. The supply of essential commodities by road was cut off, and the general public was in dire straits.


The problems that local and state administrations face in India due to the agitations are not the same as Canada's. Justin Trudeau declared a 30-day state of emergency in Ottawa's capital and said his government would not allow illegal and dangerous activities to continue. Following the announcement, police and other security forces have been given more power to disperse truckers on Ottawa's main roads and the border with the United States.

There is talk in the political corridors that Trudeau has taken such a drastic step under pressure from the US Joe Biden administration. As a result of the agitation, US trucks carrying millions of dollars worth of goods are parked in Ontario, British Columbia, Manitoba and Alberta.

In addition, accounts are also being frozen for individuals or organizations who are sending donations to these truck operators online.

In the aftermath of the Corona epidemic, Canadian and American traders will no longer be able to withstand such an obstacle under any circumstances.

# ਸੁਪਰੀਮ ਕੋਰਟ ਨੇ ਕਿਹਾ: ਜਿਸ ਦਾ ਨਾਂਅ ਸ਼ਿਕਾਇਤ ਵਿੱਚ ਨਹੀਂ, ਉਹ ਕਾਰਵਾਈ ਰੱਦ ਕਰਨ ਦੀ ਬੇਨਤੀ ਨਹੀਂ ਕਰ ਸਕਦਾ



ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਇੱਕ ਵਿਅਕਤੀ ਜਿਸ ਨੂੰ ਸ਼ਿਕਾਇਤ ਵਿੱਚ ਨਾਮਜ਼ਦ ਨਹੀਂ ਕੀਤਾ ਗਿਆ, ਉਹ ਕਿਸੇ ਅਪਰਾਧਿਕ ਕੇਸ ਵਿੱਚ ਕਿਸੇ ਹੋਰ ਵਿਅਕਤੀ ਨਾਲ ਸਬੰਧਤ ਕਾਰਵਾਈ ਨੂੰ ਰੱਦ ਕਰਨ ਦੀ ਬੇਨਤੀ ਨਹੀਂ ਕਰ ਸਕਦਾ।

ਅਦਾਲਤ ਨੇ ਯੂ ਪੀ ਪੀ ਸੀ ਐਲ ਪ੍ਰਾਵੀਡੈਂਟ ਫੰਡ ਨਿਵੇਸ਼ ਘਪਲੇ ਦੇ ਬਾਰੇ ਲਖਨਊ ਦੇ ਹਜਰਤਗੰਜ ਥਾਣੇ ਵਿੱਚ ਦਰਜ ਇੱਕ ਸ਼ਿਕਾਇਤ ਨੂੰ ਰੱਦ ਕਰਨ ਦੀ ਬੇਨਤੀ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਇਹ ਟਿੱਪਣੀ ਕੀਤੀ ਹੈ। ਇਸ ਕੇਸ ਦੀ ਜਾਂਚ ਸ਼ੁਰੂ ਵਿੱਚ ਉਤਰ ਪ੍ਰਦੇਸ਼ ਪੁਲਸ ਨੇ ਕੀਤੀ ਸੀ, ਪਰ ਬਾਅਦ ਵਿੱਚ ਇਸ ਨੂੰ ਸੀ ਬੀ ਆਈ ਨੂੰ ਟਰਾਂਸਫਰ ਕਰ ਦਿੱਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਇਹ ਵਿਵਾਦ ਨਹੀਂ ਕਿ ਪਟੀਸ਼ਨਰਾਂ ਨੂੰ ਉਸ ਅਪਰਾਧ ਵਿੱਚ ਦੋਸ਼ੀ ਨਾਮਜ਼ਦ ਨਹੀਂ ਕੀਤਾ ਗਿਆ, ਜੇ ਪਟੀਸ਼ਨਰਾਂ ਨੂੰ ਉਕਤ ਅਪਰਾਧ ਵਿੱਚ ਦੋਸ਼ੀ ਨਾਮਜ਼ਦ ਨਹੀਂ ਕੀਤਾ ਗਿਆ ਤਾਂ ਉਕਤ ਅਪਰਾਧ ਨਾਲ ਸਬੰਧਤ ਸ਼ਿਕਾਇਤ ਜਾਂ ਮਾਮਲੇ ਨੂੰ ਰੱਦ ਕਰਨ ਦਾ ਸਵਾਲ ਹੀ ਨਹੀਂ ਉਠਦਾ। ਬੈਂਚ ਨੇ ਕਿਹਾ ਕਿ ਅਦਾਲਤ ਹੁਕਮ ਚੰਦ ਗਰਗ ਅਤੇ ਹੋਰਨਾਂ ਵੱਲੋਂ ਮੰਗੀ ਰਾਹਤ ਦੀ ਬੇਨਤੀ ਦੀ ਜਾਂਚ ਕਰਨ ਦਾ ਇਰਾਦਾ ਨਹੀਂ ਰੱਖਦੀ ਅਤੇ ਉਹ ਯੋਗ ਉਪਾਅ ਦਾ ਸਹਾਰਾ ਲੈ ਸਕਦੇ ਹਨ। ਬੈਂਚ ਨੇ ਕਿਹਾ ਕਿ ਸੀ ਬੀ ਆਈ ਦੇ ਜਾਂਚ ਅਧਿਕਾਰੀ ਪਟੀਸ਼ਨਰਾਂ ਖ਼ਿਲਾਫ਼ ਕਾਰਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ 48 ਘੰਟੇ ਦਾ ਪੇਸ਼ਗੀ ਨੋਟਿਸ ਦੇਣਗੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਵਿਗੜ ਰਹੇ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਹੀ ਜ਼ਿੰਮੇਵਾਰ ਹੈ



-ਸੁਰਜੀਤ ਸਿੰਘ ਫਲੋਰਾ-

ਸਾਡੇ ਆਲੇ-ਦੁਆਲੇ ਕੁਦਰਤ ਦੀ ਵਿਗੜ ਰਹੇ ਹਾਲਾਤਾਂ ਲਈ ਮਨੁੱਖ ਸਿੱਧੇ ਜਾਂ ਅਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਜਦੋਂ ਅਸੀਂ ਕੁਦਰਤ ਦੀ ਅਣਦੇਖੀ ਕਰਦੇ ਹਾਂ, ਤਾਂ ਅਸੀਂ ਆਪਣੇ ਗ੍ਰਹਿ ਦੇ ਬਹੁਤ ਸਾਰੇ ਜੀਵਨਾਂ ਲਈ ਖ਼ਤਰਾ ਪੈਦਾ ਕਰਦੇ ਹਾਂ। ਕੁਦਰਤ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਨ ਵਾਲੀਆਂ ਕੁਝ ਆਮ ਮਨੁੱਖੀ ਗਤੀਵਿਧੀਆਂ ਹਨ ਜਿਵੇਂ ਕਿ :

ਉਪਯੋਗੀਕਰਨ - ਇਸ ਮੁਕਾਬਲੇ ਦੇ ਯੁੱਗ ਵਿੱਚ ਜਿੱਥੇ ਹਰ ਦੇਸ਼ ਵਧ ਫੁਲ ਰਿਹਾ ਹੈ, ਅਸੀਂ ਜ਼ਿਆਦਾਤਰ ਉਪਯੋਗੀਕਰਨ 'ਤੇ ਨਿਰਭਰ ਕਰਦੇ ਹਾਂ। ਅਸੀਂ ਵੱਡੀਆਂ ਫੈਕਟਰੀਆਂ ਬਣਾਉਂਦੇ ਹਾਂ ਜੋ ਬਦਲੇ ਵਿੱਚ ਸਾਡੇ ਸੁਭਾਅ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ: -

ਜ਼ਹਿਰੀਲੀਆਂ ਗੈਸਾਂ ਸਿੱਧੇ ਖੁੱਲ੍ਹੇ ਵਾਤਾਵਰਨ ਵਿੱਚ ਛੱਡੀਆਂ ਜਾ ਰਹੀਆਂ ਹਨ, ਹਾਨੀਕਾਰਕ ਠੋਸ ਰਹਿੰਦ-ਖੂੰਹਦ ਨੂੰ ਜ਼ਮੀਨ 'ਤੇ ਛੱਡਿਆ ਜਾਂਦਾ ਹੈ, ਜਲ-ਸਥਾਨਾਂ ਵਿੱਚ ਬਿਨਾਂ ਕਿਸੇ ਪ੍ਰਬੰਧ ਕੀਤੇ ਠੋਸ ਰਹਿੰਦ-ਖੂੰਹਦ ਨੂੰ ਛੱਡਿਆ ਜਾਂਦਾ ਹੈ, ਇਸ ਨਾਲ ਜਲ-ਜੀਵਨ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ ਅਤੇ ਮੱਛੀਆਂ ਅਤੇ ਜਲ-ਪੌਦਿਆਂ ਦੀ ਖਾਤਮੇ ਨਾਲ ਸਮੁੰਦਰੀ ਜੀਵਨ ਨਸ਼ਟ ਹੋ ਰਿਹਾ ਹੈ।

ਵਾਹਨਾਂ ਦੀ ਵਰਤੋਂ - ਅਸੀਂ ਅੱਜਕੱਲ੍ਹ ਈਂਧਨ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਾਂ ਪਰ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਇਹ ਵਾਹਨ ਵੱਡੀ ਮਾਤਰਾ ਵਿੱਚ ਹਾਨੀਕਾਰਕ ਗੈਸਾਂ ਦਾ ਨਿਕਾਸ ਕਰਦੇ ਹਨ ਜਿਸ ਵਿੱਚ ਮੁੱਖ ਤੌਰ 'ਤੇ ਹਾਈਡ੍ਰੋਕਾਰਬਨ, ਕਾਰਬਨ ਮੋਨੋਆਕਸਾਈਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਸ਼ਾਮਲ ਹਨ ਜੋ ਪ੍ਰਦੂਸ਼ਣ ਪੈਦਾ ਕਰਦੇ ਹਨ।

ਉਸਾਰੀ - ਭਾਰੀ ਉਸਾਰੀ ਲਈ ਜ਼ਮੀਨ ਦੀ ਲੋੜ ਹੁੰਦੀ ਹੈ ਅਤੇ ਇਸਦੇ ਲਈ ਅਸੀਂ ਕੁਦਰਤੀ ਖੇਤਰਾਂ ਦੀ ਵਰਤੋਂ ਕਰਦੇ ਹਾਂ ਅਤੇ ਉਹਨਾਂ ਨੂੰ ਆਪਣੀ ਲੋੜ ਅਨੁਸਾਰ ਕੱਟ ਵੱਢ ਕੇ ਆਪਣੀ ਸਹੂਲੀਅਤ ਮੁਤਾਬਿਕ ਆਪਣਾ ਵਾਸ ਬਣਾ ਲੈਂਦੇ ਹਾਂ।

ਜੰਗਲਾਂ ਦੀ ਕਟਾਈ - ਅਸੀਂ ਆਪਣੇ ਜੰਗਲਾਂ ਦਾ ਬਹੁਤ ਸਾਰੇ ਕਾਰਨਾਂ ਕਰਕੇ ਸ਼ੋਸ਼ਣ ਕਰਦੇ ਹਾਂ ਜਿਵੇਂ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਜਾਂ ਲੱਕੜ ਦੇ ਉਦਯੋਗ ਵਿੱਚ ਵਰਤੋਂ ਲਈ ਆਪਣੀ ਜਗ੍ਹਾ ਬਣਾਉਣ ਲਈ, ਇਸ ਨਾਲ ਬਹੁਤ ਸਾਰੇ ਜੰਗਲੀ ਜਾਨਵਰਾਂ ਅਤੇ ਪੰਛੀਆਂ ਦੇ ਕੁਦਰਤੀ ਨਿਵਾਸ ਸਥਾਨਾਂ ਨੂੰ ਵੀ ਤਬਾਹ ਕਰ ਦਿੰਦੇ ਹਾਂ।

ਪ੍ਰਮਾਣੂ ਪਰੀਖਣ - ਪ੍ਰਮਾਣੂ ਹਥਿਆਰਾਂ ਦੀ ਜਾਂਚ ਸਭ ਤੋਂ ਖ਼ਤਰਨਾਕ ਮਨੁੱਖੀ ਗਤੀਵਿਧੀ ਹੈ ਜੋ ਕੁਦਰਤ ਨੂੰ ਬਹੁਤ ਜ਼ਿਆਦਾ ਵਿਆਪਕ ਪੱਧਰ 'ਤੇ ਤਬਾਹ ਕਰਦੀ ਹੈ। ਇਹ ਟੈਸਟ ਜਾਂ ਤਾਂ ਸਤ੍ਹਾ 'ਤੇ ਜਾਂ ਜ਼ਮੀਨ ਦੇ ਹੇਠਾਂ ਜਾਂ ਕਈ ਵਾਰ ਪਾਣੀ ਦੇ ਹੇਠਾਂ ਕੀਤੇ ਜਾਂਦੇ ਹਨ। ਇਹਨਾਂ ਟੈਸਟਾਂ ਦੇ ਨਤੀਜੇ ਵਜੋਂ ਰੇਡੀਓਐਕਟਿਵ ਪਦਾਰਥ ਸਿਮਦੇ ਹਨ, ਜਿਸਦਾ ਮਨੁੱਖਾਂ, ਜਾਨਵਰਾਂ ਅਤੇ ਸਮੁੱਚੀ ਕੁਦਰਤ ਸਰੋਤਾਂ ਅਤੇ ਸਿਹਤ ਤੇ ਕਈ ਨੁਕਸਾਨਦੇਹ ਪ੍ਰਭਾਵ ਪੈਂਦੇ ਹਨ।

ਮਨੁੱਖ ਭੌਤਿਕ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਪ੍ਰਭਾਵਿਤ ਕਰਦੇ ਹਨ: ਵੱਧ ਆਬਾਦੀ, ਪ੍ਰਦੂਸ਼ਣ, ਜੈਵਿਕ ਇੰਧਨ ਸਾੜਨਾ, ਅਤੇ ਜੰਗਲਾਂ ਦੀ ਕਟਾਈ। ਇਹ ਸਾਰੀਆਂ ਗਤੀਵਿਧੀਆਂ ਮਨੁੱਖ ਦੁਆਰਾ ਕੀਤੀਆਂ ਜਾਂਦੀਆਂ ਹਨ। ਜੋ ਜਲਵਾਯੂ, ਵਾਯੂਮੰਡਲ ਅਤੇ ਸਾਡੇ ਈਕੋਸਿਸਟਮ ਨੂੰ ਪ੍ਰਭਾਵਿਤ ਕਰਦੇ ਹਨ।

ਜੰਗਲਾਂ ਦੀ ਕਟਾਈ ਗ੍ਰੀਨ ਹਾਊਸ ਗੈਸਾਂ ਵਿੱਚ ਵਾਧਾ ਕਰਦੀ ਹੈ। ਪਲਾਸਟਿਕ ਦੀ ਕਾਢ ਈਕੋਸਿਸਟਮ ਅਤੇ ਜਲ-ਜੀਵਨ ਲਈ ਵੱਡੀ ਸਮੱਸਿਆ ਹੈ। ਉਦਯੋਗ ਅਤੇ ਆਵਾਜਾਈ ਵਿੱਚ ਜੈਵਿਕ ਬਾਲਣ ਨੂੰ ਸਾੜ ਕੇ ਨੁਕਸਾਨਦੇਹ ਗ੍ਰੀਨ ਹਾਊਸ ਗੈਸਾਂ ਦਾ ਨਿਕਾਸ ਹੁੰਦਾ ਹੈ ।

ਜਦੋਂ ਮਨੁੱਖ ਵਾਤਾਵਰਣ 'ਤੇ ਕੁਝ ਕਿਰਿਆਵਾਂ ਕਰਦੇ ਹਨ, ਤਾਂ ਉਨ੍ਹਾਂ ਦਾ ਪ੍ਰਭਾਵ ਹੁੰਦਾ ਹੈ. ਇਹ ਪ੍ਰਭਾਵ ਨਕਾਰਾਤਮਕ ਜਾਂ ਸਕਾਰਾਤਮਕ ਹੋ ਸਕਦਾ ਹੈ, ਹਾਲਾਂਕਿ ਬਹੁਤ ਪ੍ਰਭਾਵਸ਼ਾਲੀ ਸ਼ਬਦ



"ਪ੍ਰਭਾਵ" ਇਸ ਨੂੰ ਪ੍ਰਗਟ ਕਰਦਾ ਹੈ ਕਿ ਇਹ ਕੁਝ ਨਕਾਰਾਤਮਕ ਹੈ। ਜੇ ਅਸੀਂ ਵਾਤਾਵਰਣ 'ਤੇ ਕੀਤੀ ਗਈ ਕਾਰਵਾਈ ਕੁਝ ਅਜਿਹਾ ਕਰਦੀ ਹੈ ਜੋ ਇਸਦਾ ਲਾਭ ਪਹੁੰਚਾਉਂਦੀ ਹੈ, ਤਾਂ ਇਹ ਸਕਾਰਾਤਮਕ ਹੋਵੇਗੀ। ਜੇ, ਇਸਦੇ ਉਲਟ, ਇਹ ਪ੍ਰਦੂਸ਼ਿਤ ਹੁੰਦਾ ਹੈ, ਇਸ ਨੂੰ ਘਟਾਉਂਦਾ ਹੈ ਅਤੇ ਆਮ ਤੌਰ ਤੇ, ਇਸ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਅਸੀਂ ਕਹਾਂਗੇ ਕਿ ਇਹ ਨਕਾਰਾਤਮਕ ਹੈ।ਇਸ ਤਰ੍ਹਾਂ ਅਸੀਂ ਸਬੰਧਤ ਹਰ ਚੀਜ਼ ਨਾਲ ਨਜਿੱਠਣ ਜਾ ਰਹੇ ਹਾਂ ਜੋ ਵਾਤਾਵਰਣ ਤੇ ਪ੍ਰਭਾਵ ਪਾਉਂਦਾ ਹੈ।

ਜੇ ਤੁਸੀਂ ਇਹ ਸਿੱਖਣਾ ਚਾਹੁੰਦੇ ਹੋ ਕਿ ਵਾਤਾਵਰਣ ਦੇ ਪ੍ਰਭਾਵ ਕੀ ਹਨ ਅਤੇ ਕਿਹੜੇ ਸਕਾਰਾਤਮਕ ਹਨ ਜਾਂ ਨਕਾਰਾਤਮਕ, ਜਿਸ ਵਾਰੇ ਅੱਗੇ ਆਪਾਂ ਗੱਲ ਕਰਦੇ ਹਾਂ।

ਅਸੀਂ ਵਾਤਾਵਰਣ ਦੇ ਪ੍ਰਭਾਵਾਂ ਬਾਰੇ ਦੱਸ ਕੇ ਅਰੰਭ ਕਰਨ ਜਾ ਰਹੇ ਹਾਂ ਜੋ ਵਾਤਾਵਰਣ ਅਤੇ ਮਨੁੱਖੀ ਸਿਹਤ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾਉਂਦੇ ਹਨ। ਇੱਥੇ ਅਸੀਂ ਸਿਰਫ਼ ਪੌਦਿਆਂ ਅਤੇ ਜਾਨਵਰਾਂ ਨੂੰ ਹੋਣ ਵਾਲੇ ਨੁਕਸਾਨ ਬਾਰੇ ਗੱਲ ਨਹੀਂ ਕਰ ਰਹੇ, ਪਰ ਇਨ੍ਹਾਂ ਪ੍ਰਭਾਵਾਂ ਦਾ ਮਨੁੱਖਾਂ ਉੱਤੇ ਵੀ ਅਸਰ ਪੈਂਦਾ ਹੈ। ਆਮ ਤੌਰ 'ਤੇ, ਫੈਸਲੇ ਜੋ ਕੀਤੇ ਜਾਂਦੇ ਹਨ ਕੁਦਰਤੀ ਵਾਤਾਵਰਣ ਨੂੰ ਬਚਾਉਣ ਦੀ ਬਜਾਏ ਮਨੁੱਖੀ ਸਿਹਤ ਦੀ ਰਾਖੀ ਲਈ ਵਾਤਾਵਰਣ ਦੇ ਮਾੜੇ ਪ੍ਰਭਾਵਾਂ ਨੂੰ ਘੱਟ ਕਰਨਾ ਵਧੇਰੇ ਹੁੰਦੇ ਹਨ।

ਇਨ੍ਹਾਂ ਪ੍ਰਭਾਵਾਂ ਦੇ ਮੁੱਖ ਨਤੀਜੇ ਆਮ ਤੌਰ ਤੇ ਗ੍ਰਹਿ ਦਾ ਪ੍ਰਦੂਸ਼ਣ ਹੈ, ਅਸੀਂ ਪਾਣੀ, ਮਿੱਟੀ, ਹਵਾ, ਵਾਤਾਵਰਣ ਪ੍ਰਣਾਲੀ ਦਾ ਵਿਨਾਸ਼, ਰਿਹਾਇਸ਼ੀ ਥਾਂਵਾਂ ਦੇ ਟੁੱਟਣ ਆਦਿ ਨੂੰ ਵੇਖ ਸਕਦੇ ਹਾਂ। ਇਹ ਸਭ ਬਿਮਾਰੀਆਂ, ਜੀਵ-ਵਿਵਿਧਤਾ ਦੇ ਨੁਕਸਾਨ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਅਤੇ ਬਨਸਪਤੀ ਅਤੇ ਜੀਵਾਂ ਦੋਵਾਂ ਵਿਚ ਵਾਧੇ ਦਾ ਕਾਰਨ ਬਣਦੇ ਹਨ। ਸਮੇਂ ਅਤੇ ਇਸ ਦੇ ਪ੍ਰਭਾਵ ਦੇ ਅਨੁਸਾਰ, ਇਨ੍ਹਾਂ ਨਕਾਰਾਤਮਕ ਵਾਤਾਵਰਣ ਪ੍ਰਭਾਵਾਂ ਨੂੰ ਸ਼੍ਰੇਣੀਬੱਧ ਕੀਤਾ ਗਿਆ ਹੈ:

ਅਸਥਾਈ ਉਹ ਪ੍ਰਭਾਵ ਹਨ ਜਿਨ੍ਹਾਂ ਦਾ ਥੋੜ੍ਹੇ ਸਮੇਂ ਦਾ ਪ੍ਰਭਾਵ ਹੁੰਦਾ ਹੈ. ਇਨ੍ਹਾਂ ਪ੍ਰਭਾਵਾਂ ਦਾ ਸਾਹਮਣਾ ਕਰਦਿਆਂ, ਮਾਧਿਅਮ ਆਪਣੇ ਆਪ ਠੀਕ ਹੋ ਸਕਦਾ ਹੈ।

ਨਿਰੰਤਰ ਇਸਦੇ ਉਲਟ, ਉਨ੍ਹਾਂ ਦਾ ਸਮੇਂ ਅਤੇ ਸਥਾਨ ਵਿੱਚ ਲੰਮੇ ਸਮੇਂ ਦਾ ਅਤੇ ਸਥਾਈ ਪ੍ਰਭਾਵ ਹੁੰਦਾ ਹੈ, ਉਨ੍ਹਾਂ ਦਾ ਇਲਾਜ ਕਰਨਾ ਵਧੇਰੇ ਮੁਸ਼ਕਲ ਹੁੰਦਾ ਹੈ।

ਅਟੱਲ. ਜਿਵੇਂ ਕਿ ਸ਼ਬਦ ਸੰਕੇਤ ਕਰਦਾ ਹੈ, ਉਨ੍ਹਾਂ ਦੀ ਏਨੀ ਵਿਸ਼ਾਲਤਾ ਹੈ ਕਿ ਉਹ ਵਾਤਾਵਰਣ ਅਤੇ ਇਸ ਵਿਚਲੇ ਜੀਵਨਾਂ 'ਤੇ ਸਥਾਈ ਪ੍ਰਭਾਵ ਪੈਦਾ ਕਰਦੇ ਹਨ।

ਨਕਾਰਾਤਮਕ ਗਤੀਵਿਧੀਆਂ ਜੋ ਵਾਤਾਵਰਣ ਨੂੰ ਪ੍ਰਭਾਵਤ ਕਰਦੀਆਂ ਹਨ ਜਿਵੇਂ ਕਿ ਗੰਦਗੀ, ਇਸ ਦੀਆਂ ਉਦਾਹਰਣਾਂ ਲੈਣ ਲਈ ਕਿ ਕਿਹੜੀਆਂ ਗਤੀਵਿਧੀਆਂ ਇਨ੍ਹਾਂ ਵਾਤਾਵਰਣਿਕ ਪ੍ਰਭਾਵਾਂ ਨੂੰ ਪ੍ਰਭਾਵਤ ਕਰ ਸਕਦੀਆਂ ਹਨ, ਅਸੀਂ ਵਿਸ਼ਲੇਸ਼ਣ ਕਰਨ ਜਾ ਰਹੇ ਹਾਂ ਕਿ ਉਹ ਕੀ ਹਨ:

*ਪ੍ਰਦੂਸ਼ਣ*

ਇਹ ਪਦਾਰਥਾਂ ਦੀ ਜਾਣ-ਪਛਾਣ ਹੈ ਜੋ ਵਾਤਾਵਰਣ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਿਥੇ ਇਹ ਪੇਸ਼ ਕੀਤਾ ਗਿਆ ਹੈ। ਆਮ ਤੌਰ 'ਤੇ, ਸਾਡੀ ਆਰਥਿਕ ਗਤੀਵਿਧੀਆਂ ਦੇ ਨਾਲ, ਅਸੀਂ ਵਾਤਾਵਰਣ ਵਿੱਚ ਬਹੁਤ ਸਾਰੇ ਡਿਸਚਾਰਜ ਪੈਦਾ ਕਰਦੇ ਹਾਂ।

ਇਹ ਡਿਸਚਾਰਜ ਬਦਲੇ ਵਿੱਚ, ਪਾਣੀ, ਮਿੱਟੀ ਅਤੇ ਹਵਾ ਨੂੰ ਦੂਸ਼ਿਤ ਕਰਨ ਦਾ ਕਾਰਨ ਬਣਦੇ ਹਨ. ਉਦਾਹਰਣ ਵਜੋਂ, ਗੰਦਾ ਪਾਣੀ ਗੰਦਾ ਪਾਣੀ ਦਰਿਆਵਾਂ, ਸਮੁੰਦਰਾਂ ਅਤੇ ਸਮੁੰਦਰਾਂ ਨੂੰ ਪ੍ਰਦੂਸ਼ਿਤ ਕਰਦਾ ਹੈ, ਬਦਲੇ ਵਿੱਚ ਉਨ੍ਹਾਂ ਵਿੱਚ ਰਹਿਣ ਵਾਲੀਆਂ ਪੌਦੇ ਅਤੇ ਜਾਨਵਰਾਂ ਦੀਆਂ ਕਿਸਮਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ।

*ਜੰਗਲਾਂ ਦੀ ਕਟਾਈ*

ਜੰਗਲਾਂ ਦੀ ਕਟਾਈ ਦੇ ਨਤੀਜੇ ਉਹ ਤੇਜ਼ੀ ਨਾਲ ਵਿਨਾਸ਼ਕਾਰੀ ਵੱਲ ਵੱਧ ਰਹੇ ਹਨ। ਕੁਦਰਤੀ ਅਨਮੋਲ ਦਾਤ ਬਨਸਪਤੀ ਨੂੰ ਹਟਾਉਣਾ ਕੋਈ ਸਕਾਰਾਤਮਕ ਨਹੀਂ ਹੁੰਦਾ। ਜੰਗਲ ਪੌਦਿਆਂ ਅਤੇ ਜੀਵ-ਜੰਤੂਆਂ ਦੀਆਂ ਹਜ਼ਾਰਾਂ ਕਿਸਮਾਂ ਦਾ ਰਹਿਣ ਵਾਲਾ ਘਰ ਹਨ।

ਸਕਾਰਾਤਮਕ ਵਾਤਾਵਰਣ ਪ੍ਰਭਾਵ

ਜਿਵੇਂ ਇਨਸਾਨ ਵਾਤਾਵਰਣ ਨੂੰ ਨਕਾਰਾਤਮਕ ਤੌਰ ਤੇ ਪ੍ਰਭਾਵਿਤ ਕਰ ਸਕਦਾ ਹੈ, ਉਸੇ ਤਰਾਂ ਉਹ ਸਕਾਰਾਤਮਕ ਵੀ ਕਰ ਸਕਦੇ ਹਨ। ਉਹ ਗਤੀਵਿਧੀਆਂ ਜਿਹੜੀਆਂ ਸਕਾਰਾਤਮਕ ਵਾਤਾਵਰਣ ਪ੍ਰਭਾਵ ਪਾਉਂਦੀਆਂ ਹਨ ਉਹ ਹਨ ਜੋ ਵਾਤਾਵਰਣ ਨੂੰ ਲਾਭ ਪਹੁੰਚਾਉਂਦੀਆਂ ਹਨ ਜਾਂ ਜੋ ਪਹਿਲਾਂ ਤੋਂ ਮੌਜੂਦ ਨਕਾਰਾਤਮਕ ਪ੍ਰਭਾਵਾਂ ਨੂੰ ਠੀਕ ਕਰਦੀਆਂ ਹਨ।

ਕੁਸ਼ਲ ਸਿੰਚਾਈ. ਜਿਵੇਂ ਕਿ ਅਸੀਂ ਵੇਖ ਸਕਦੇ ਹਾਂ, ਪਾਣੀ ਦੀ ਬਰਬਾਦੀ ਇਕ ਅਜਿਹੀ ਚੀਜ਼ ਹੈ ਜੋ ਸਾਡੇ ਏਜੰਡੇ ਵਿਚ ਹੈ. ਖੇਤੀਬਾੜੀ ਇੱਕ ਮਨੁੱਖੀ ਗਤੀਵਿਧੀ ਹੈ ਜੋ ਵੱਡੀ ਮਾਤਰਾ ਵਿੱਚ ਪਾਣੀ ਦੀ ਖਪਤ ਕਰਦੀ ਹੈ। ਇਸ ਕਾਰਨ ਕਰਕੇ, ਸਿੰਚਾਈ ਪ੍ਰਣਾਲੀਆਂ ਨੂੰ ਹੋਰ ਵਧੇਰੇ ਵਿਵਸਥਿਤ ਅਤੇ ਕੁਸ਼ਲ ਲੋਕਾਂ ਵਿਚ ਸੋਧ ਕਰਨਾ ਜਿਵੇਂ ਕਿ ਤੁਪਕਾ ਫਸਲਾਂ ਦੀ ਉਤਪਾਦਕਤਾ ਵਿਚ ਸੁਧਾਰ ਲਿਆਉਂਦਾ ਹੈ, ਬਲਕਿ ਵੱਡੀ ਮਾਤਰਾ ਵਿਚ ਪਾਣੀ ਦੀ ਬਚਤ ਵੀ ਕਰਦਾ ਹੈ।

ਸੀਵਰੇਜ ਦਾ ਇਲਾਜ. ਜੇ ਅਸੀਂ ਗੰਦੇ ਪਾਣੀ ਦੇ ਨਿਕਾਸ ਤੋਂ ਪਹਿਲਾਂ ਇਸ ਦਾ ਇਲਾਜ ਕਰਦੇ ਹਾਂ, ਤਾਂ ਪ੍ਰਭਾਵ ਘੱਟ ਹੁੰਦੇ ਹਨ. ਜਰਾਸੀਮ ਦੇ ਫੈਲਣ, ਸਰੀਰਕ ਅਤੇ ਰਸਾਇਣਕ ਮਾਪਦੰਡਾਂ ਵਿੱਚ ਤਬਦੀਲੀਆਂ ਨੂੰ ਰੋਕਿਆ ਜਾ ਸਕਦਾ ਹੈ ਜਿਸ ਨਾਲ ਪਾਣੀ ਜਾਂ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਰੀਸਾਈਕਲਿੰਗ, ਕਿਉਂਕਿ ਅਸੀਂ ਵੱਡੀ ਮਾਤਰਾ ਵਿਚ ਕੂੜੇਦਾਨ ਪੈਦਾ ਕਰਦੇ ਹਾਂ, ਇਸ ਨੂੰ ਉਤਪਾਦਾਂ ਦੇ ਜੀਵਨ ਚੱਕਰ ਵਿਚ ਮੁੜ ਜੋੜਨ ਲਈ ਇਸ ਨੂੰ ਦੁਬਾਰਾ ਸਾਇਕਲ ਕਰਨਾ ਇਸ ਦੇ ਉਤਪਾਦਨ ਵਿਚ ਪ੍ਰਦੂਸ਼ਿਤ ਹੋਣ ਜਾਂ ਇੰਨੇ ਕੱਚੇ ਪਦਾਰਥਾਂ ਨੂੰ ਬਰਬਾਦ ਕਰਨ ਜਾਂ ਬਰਬਾਦ ਕਰਨ ਤੋਂ ਬਚਾਉਣ ਲਈ ਇਕ ਯੋਜਨਾ ਦੀ ਅਤੇ ਸਕਾਰਤਮਿਤ ਸੋਚ ਦੀ ਲੋੜ ਹੈ। ਜਿਵੇਂ ਕਿ ਤੁਸੀਂ ਵੇਖ ਸਕਦੇ ਹੋ, ਦੋਵੇਂ ਸਕਾਰਾਤਮਕ ਅਤੇ ਨਕਾਰਾਤਮਕ ਵਾਤਾਵਰਣ ਪ੍ਰਭਾਵ ਹਨ। ਸਾਨੂੰ ਆਪਣੇ ਗ੍ਰਹਿ ਨੂੰ ਬਿਹਤਰ ਬਣਾਉਣ ਲਈ ਸਕਾਰਾਤਮਕ ਸੋਚ ਅਤੇ ਯੋਜਨਾਂ ਵਿਚ ਵਾਧਾ ਕਰਨਾ ਹੈ ਹੋਵੇਗਾ ਜਿਸ ਨਾਲ ਅਸੀਂ ਆਪਣਾ ਤੇ ਆਪਣੀ ਅਗਲੀ ਪੀੜ੍ਹੀ ਦਾ ਜੀਵਨ ਬਹੁਤ ਸੁਖਾਲਾਂ ਬਣਾ ਸਕਦੇ ਹਾਂ , ਇਹ ਸਭ ਤਾਂ ਹੋ ਹੋ ਸਕਦਾ ਹੈ , ਜਦ ਅਸੀਂ ਸਭ ਮਿਲ ਕੇ ਇਕ ਸੋਚ ਦੇ ਧਾਰਨੀ ਬਣ ਕੇ ਹਰ ਚੀਜ਼ ਦੀ ਸਹੀ ਸਹੀ ਵਰਤੋਂ ਕਰਾਗੇ।

# ਮੈਂ ਕੱਤਾਂ ਪ੍ਰੀਤਾਂ ਨਾਲ...

-ਅਮਰੀਕ ਹਮਰਾਜ਼-

ਹਰ ਖੋਜ ਦਾ ਕਾਰਨ ਮਨੁੱਖ ਦੀਆਂ ਲੋੜਾਂ ਹੀ ਬਣੀਆਂ ਸਨ। ਰੋਟੀ, ਕੱਪੜਾ ਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਸਨ। ਜਿੱਥੇ ਮਨੁੱਖ ਨੇ ਰੋਟੀ ਤੇ ਮਕਾਨ ਲਈ ਅਨੇਕਾਂ ਹੰਭਲੇ ਮਾਰੇ, ਉਥੇ ਕੱਪੜੇ ਦੀ ਲੋੜ ਪੂਰੀ ਕਰਨੀ ਵੀ ਬਹੁਤ ਜ਼ਰੂਰੀ ਸੀ। ਜਦੋਂ ਮਨੁੱਖ ਨੂੰ ਆਪਣੇ ਪੰਜ ਤੱਤ ਦੇ ਸਰੀਰ ਦੀ ਸੋਝੀ ਹੋਈ ਤਾਂ ਸ਼ਰਮ ਹਿਆ ਨੇ ਹਰ ਪ੍ਰਾਣੀ ਨੂੰ ਸਮਾਜਕ ਚੱਜ ਅਚਾਰ ਵਾਲਾ ਬਣਾ ਕੇ ਸਿਆਣਾ ਮਨੁੱਖ ਬਣਨ ਨੂੰ ਪ੍ਰੇਰਿਆ। ਰੁੱਖਾਂ ਦੇ ਛਿਲਕਿਆਂ ਨੂੰ ਕੁੱਟ-ਕੁੱਟ ਕੇ ਉਨ੍ਹਾਂ ਦੀਆਂ ਰੱਸੀਆਂ ਜਿਹੀਆਂ ਵੱਟ ਕੇ ਉਨ੍ਹਾਂ ਨਾਲ ਵੱਡੇ-ਵੱਡੇ ਪੱਤਿਆਂ ਨੂੰ ਬੰਨ੍ਹ ਕੇ ਮਨੁੱਖ ਨੇ ਤਨ ਢੱਕਣੇ ਸ਼ੁਰੂ ਕੀਤੇ। ਮੌਕੇ ਦੀ ਲੋੜ ਮੁਤਾਬਕ ਛਿਲਕਿਆਂ ਨੂੰ ਵੱਟਣ ਲਈ ਇੱਕ ਗੋਲ ਚੱਕਰ ਹੋਂਦ ਵਿੱਚ ਆਇਆ। ਰੱਸੀਆਂ ਨੇ ਹੌਲੀ-ਹੌਲੀ ਬਰੀਕ ਧਾਗਿਆਂ ਦਾ ਰੂਪ ਲੈ ਲਿਆ ਅਤੇ ਗੋਲ ਚੱਕਰ ਨੇ ਚਰਖੇ ਦਾ ਰੂਪ ਧਾਰਿਆ। ਕਿਹਾ ਜਾਂਦਾ ਹੈ ਕਿ ਚਰਖਾ ਮੱਧ ਏਸ਼ੀਆ ਰਾਹੀਂ ਭਾਰਤ ਵਿੱਚ ਆਇਆ। ਆਰੀਆ ਲੋਕਾਂ ਨੇ ਇਸ ਦਾ ਮੁੱਢ ਬੰਨ੍ਹਿਆ। ਅਸਲ ਵਿੱਚ ਚਰਖਾ ਸ਼ਬਦ ਫਾਰਸੀ ਦੇ 'ਚਰਖਾਹ' ਦਾ ਰੂਪ ਹੈ, ਜਿਸ ਦਾ ਅਰਥ ਹੈ ਗੋਲਾਕਾਰ ਚੱਕਰ ਉੱਤੇ ਸੂਤ ਕੱਤਣਾ। ਲੋਕ ਧਾਰਨਾ ਇਹ ਵੀ ਹੈ ਕਿ ਚਰਖਾ ਵਿਸ਼ਵਕਰਮਾ ਜੀ ਨੇ ਲੋਕਾਂ ਦੀਆਂ ਲੋੜਾਂ ਨੂੰ ਦੇਖ ਕੇ ਬਣਾਇਆ ਸੀ। ਪੰਜਾਬੀ ਲੋਕ ਗੀਤਾਂ ਵਿੱਚ ਜ਼ਿਕਰ ਹੈ :

ਪਹਿਲਾ ਚਰਖਾ ਰੱਬ ਬਣਾਇਆ<br>
ਮਾਂ ਮੇਰੀ ਨੇ ਵਿਹੜੇ ਡਾਹਿਆ।

ਇਸ ਦੀ ਖੋਜ ਦਾ ਸਿਹਰਾ ਕਿਸੇ ਦੇ ਮੱਥੇ ਵੀ ਬੱਝੇ, ਹਕੀਕਤ ਇਹ ਹੈ ਕਿ ਸਮਾਜ ਦੀ ਤਨ ਢੱਕਣ ਵਾਲੀ ਖਾਸ ਲੋੜ ਦਾ ਇਹ ਧੁਰਾ ਸਿੱਧ ਹੋਇਆ। ਪੰਜਾਬੀ ਮੁਟਿਆਰ ਨੇ ਚਰਖੇ ਨੂੰ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਲਿਆ। ਪੰਜਾਬੀ ਸਭਿਆਚਾਰ ਵਿੱਚ ਚਰਖੇ ਦੀ ਵੱਡੀ ਭੂਮਿਕਾ ਰਹੀ ਹੈ। ਰੰਗਲਾ ਚਰਖਾ, ਸ਼ੀਸ਼ਿਆਂ ਵਾਲਾ ਚਰਖਾ, ਚੰਦਨ ਦਾ ਚਰਖਾ, ਲਾਲ ਟਾਹਲੀ ਦਾ ਚਰਖਾ ਤੇ ਕਿੱਕਰ ਦਾ ਚਰਖਾ ਸਾਡੇ ਸਭਿਆਚਾਰ ਦੀ ਜਿੰਦ-ਜਾਨ ਹੋ ਨਿੱਬੜਿਆ। ਚੰਦਨ ਦੇ ਚਰਖੇ ਨੂੰ ਪ੍ਰੀਤਾਂ ਨਾਲ ਕੱਤਣਾ ਤੇ ਰੰਗਲੇ ਚਰਖੇ ਵਿੱਚ ਸੋਨੇ ਦੀਆਂ ਮੇਖਾਂ ਲਵਾ ਕੇ ਗਲੀ ਵਿੱਚ ਡਾਹ ਕੇ ਕੱਤਣ ਦੇ ਸ਼ੌਕ ਸਾਡੀ ਵਿਰਾਸਤ ਦੀਆਂ ਰਗਾਂ ਵਿੱਚ ਸਮਾਇਆ ਹੋਇਆ ਹੈ। ਚਰਖਾ ਕੱਤਦੀ ਮੁਟਿਆਰ ਕੋਲੋਂ ਗੱਭਰੂਆਂ ਦੇ ਗੇੜੇ ਅਤੇ ਕੱਤਣ ਵਾਲੀ ਦਾ ਮੁਸਕਣੀ ਹੱਸਣਾ ਸਾਡੀ ਲੋਕ-ਧਾਰਾ ਵਿੱਚ ਮਾਣਮੱਤੇ ਰੰਗ ਭਰਦਾ ਹੈ :

ਪੂਣੀਆਂ ਮੈਂ ਦੋ ਕੱਤੀਆਂ<br>
ਤੇਰਾ ਚੌਥਾ ਵੇ ਗਲੀ ਦੇ ਵਿੱਚ ਗੇੜਾ।

ਪੰਜਾਬੀ ਮੁਟਿਆਰ ਪੂਣੀਆਂ ਨਾਲ ਅਠਖੇਲੀਆਂ ਕਰਦੀ ਹੈ, ਗੋਹੜਿਆਂ (ਗਲੋਟਿਆਂ) ਨਾਲ ਗੱਲਾਂ ਕਰਦੀ ਹੈ, ਯਾਦਾਂ ਦੇ ਤੰਦ ਪਾਉਂਦੀ ਗੋਰਿਆਂ ਹੱਥਾਂ ਨਾਲ ਖਾਹਿਸ਼ਾਂ ਦਾ ਗੇੜਾ ਦਿੰਦੀ ਹੈ ਤੇ ਚਰਖੇ ਦੀ ਘੂਕ ਉਸ ਨੂੰ ਜਵਾਨ ਦਿਲ ਦੀ ਧੜਕਣ ਵਾਲੀ ਸੁਰ ਜਾਪਦੀ ਹੈ। ਸਜੀਆਂ-ਧਜੀਆਂ ਮੁਟਿਆਰਾਂ ਚਰਖੇ ਨੂੰ ਤ੍ਰਿੰਞਣ ਦਾ ਲੰਗਾਰ ਬਣਾ ਕੇ ਇੱਕ ਦੂਜੀ ਨੂੰ ਮਸ਼ਕਰੀਆਂ ਕਰਦੀਆਂ ਸਨ। ਕਦੇ ਕਦੇ ਦਿਲ ਦੇ ਗੁੱਝੇ ਅਹਿਸਾਸ ਵਿੱਚ ਵੱਸਦੇ ਕਿਸੇ ਪਿਆਰੇ ਨੂੰ ਮਨ ਦੀ ਕੈਨਵਸ ਉੱਤੇ ਚਿਤਰ ਕੇ ਜਦੋਂ ਗਾਉਂਦੀਆਂ ਹਨ ਤਾਂ ਅੱਖੀਆਂ ਵਿੱਚ ਵੈਰਾਗ ਦੇ ਪਾਣੀ ਦੀ ਚਮਕ ਵੀ ਦਿਸ ਪੈਂਦੀ ਸੀ :

ਚਰਖਾ ਮੈਂ ਆਪਣਾ ਕੱਤਾਂ<br>
ਤੰਦ ਤੇਰਿਆਂ ਦੁੱਖਾਂ ਦੇ ਪਾਵਾਂ

ਜਾਂ

ਮਾਹੀਆ ਤੈਨੂੰ ਯਾਦ ਕਰਾਂ<br>
ਵੇ ਮੈਂ ਜਦ ਚਰਖੇ ਵੱਲ ਦੇਖਾਂ

ਸਾਡੀ ਲੋਕ-ਧਾਰਾ ਇਸ ਗੱਲ ਦੀ ਗਵਾਹ ਹੈ ਕਿ ਵਿਆਹ ਵਿੱਚ ਆਪਣੀ ਧੀ ਨੂੰ ਦਾਜ ਵਿੱਚ ਚਰਖਾ ਦੇਣਾ ਬੜੀ ਮਾਣ ਵਾਲੀ ਗੱਲ ਹੁੰਦੀ ਸੀ। ਵਿਆਹ ਦੇ ਮਗਰੋਂ ਸਹੁਰੇ ਘਰ ਵਿੱਚ ਨਵੀਂ ਵਿਆਂਹਦੜ ਕੁੜੀ ਦੇ ਹੱਥੋਂ ਚਰਖੇ-ਮਰੋੜੀ ਜਾਂ ਚਰਖੇ ਗੰਡ ਦੀ ਰਸਮ ਕੀਤੀ ਜਾਂਦੀ ਸੀ। ਸਾਡੇ ਵਿਰਸੇ ਨੇ ਚਰਖਾ ਕੱਤਦੀ ਔਰਤ ਨੂੰ ਸਦਾ ਅਸ਼ੀਰਵਾਦ ਹੀ ਦਿੱਤਾ ਹੈ :

ਘੁੰਮ ਚਰਖੜਿਆ ਸੋਹਣਿਆਂ ਵੇ ਤੇਰੀ ਕੱਤਣ ਵਾਲੀ ਜੀਵੇ<br>
ਕੱਤਣ ਵਾਲੀ ਜੀਵੇ ਲੜੀਆਂ ਵੱਟਣ ਵਾਲੀ ਜੀਵੇ।

ਧਾਰਮਿਕ ਪਰੰਪਰਾ ਵਿੱਚ ਚਰਖੇ ਨੂੰ ਪ੍ਰਤੀਕਾਂ ਵਜੋਂ ਵਰਤਦੇ ਹੋਏ ਚਰਖੇ ਨੂੰ ਜਿਸਮ, ਗੋਹੜਾ ਜਾਂ ਗਲੋਟੇ ਨੂੰ ਪਿਆਰ, ਪੂਣੀ ਨੂੰ ਸਾਹ, ਤਕਲੇ ਨੂੰ ਸਿਦਕ, ਮਾਹਲ ਨੂੰ ਵਿਸ਼ਵਾਸ, ਕੱਤਣਾ ਨੂੰ ਬੰਦਗੀ ਆਦਿ ਰੂਪਾਂ ਵਿੱਚ ਦਰਸਾਇਆ ਹੈ। ਸੂਫੀਆਂ ਨੇ ਚਰਖੇ ਨੂੰ ਕਲਬੂਤ ਜਾਂ ਮਨ ਦੇ ਪ੍ਰਤੀਬਿੰਬਾਂ ਵਜੋਂ ਵਰਤਿਆ :

ਭਲਾ ਹੋਇਆ ਮੇਰਾ ਚਰਖਾ ਟੁੱਟਾ<br>
ਜਿੰਦ ਅਜਾਬੋਂ ਛੁੱਟੀ

ਜਾਂ

ਚਰਖਾ ਬੋਲੇ ਸਾਈਂ ਸਾਈਂ, ਬਾਇੜ ਬੋਲੇ ਤੂੰ<br>
ਕਹੇ ਹੁਸੈਨ ਫਕੀਰ ਸਾਈਂ ਦਾ, ਮੈਂ ਨਾਹੀਂ ਸਭ ਤੂੰ

ਸਾਰੇ ਸੂਫੀ ਕਵੀਆਂ ਨੇ ਚਰਖੇ ਨੂੰ ਜ਼ਰੀਆ ਬਣਾ ਕੇ ਜੀਵਨ ਨੰ ਸਾਧਣ ਦੀ ਗੱਲ ਦ੍ਰਿੜ ਕਰਵਾਈ ਹੈ। ਚਰਖਾ ਅਰਥਾਤ ਸਰੀਰ ਘੁੰਮਦਾ-ਘੁੰਮਦਾ ਪੁਰਾਣਾ ਹੋ ਗਿਆ, ਪਰ ਮਨੁੱਖ ਨੇ ਪਿਆਰ ਅਤੇ ਸਾਧਨਾ ਦੀ ਇੱਕ ਵੀ ਪੂਣੀ ਨਹੀਂ ਕੱਤੀ। ਇਸ ਝੋਰੇ ਨੂੰ ਸਾਈਂ ਬੁੱਲੇ ਸ਼ਾਹ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ :

ਤੂੰ ਸੁੱਤਿਆਂ ਉਮਰ ਵੰਜਾਈ ਏ<br>
ਤੂੰ ਚਰਖੇ ਤੰਦ ਨਾ ਪਾਈ ਏ<br>
ਕੀ ਕਰਸੇਂ ਦਾਜ ਤਿਆਰ ਨਹੀਂ<br>
ਉਠ ਜਾਗ ਘੁਰਾੜੇ ਮਾਰ ਨਹੀਂ

ਪੰਜਾਬੀ ਸਭਿਆਚਾਰ ਅਤੇ ਸਾਹਿਤ ਵਿੱਚ ਚਰਖੇ ਦੇ ਗੀਤਾਂ, ਅਖੌਤਾਂ, ਬੋਲੀਆਂ, ਬੁਝਾਰਤਾਂ ਅਤੇ ਉਦਾਹਰਣਾਂ-ਤਸ਼ਬੀਹਾਂ ਨਾਲ ਲਬਰੇਜ਼ ਹੈ। ਚਰਖਾ ਸਾਡੀ ਅਰਥਵਿਵਸਥਾ ਦਾ ਆਧਾਰ ਰਿਹਾ ਹੈ। ਸਾਡੇ ਜੀਵਨ ਦੀਆਂ ਘਰੇਲੂ ਲੋੜਾਂ ਦੀ ਪੂਰਤੀ ਦਾ ਜਿੱਥੇ ਇਹ ਮਹੱਤਵ ਪੂਰਨ ਹਿੱਸਾ ਰਿਹਾ ਹੈ, ਉਥੇ ਵਿਅਕਤੀ ਦੀ ਮਨੋਭਾਵਨਾ ਦਾ ਵੀ ਅਹਿਮ ਤੇ ਗੂੜ੍ਹਾ ਪ੍ਰਤੀਕ ਰਿਹਾ। ਵਕਤ ਨੇ ਅੰਗੜਾਈ ਲਈ ਤੇ ਮਾਡਰਨ ਜ਼ਮਾਨੇ ਦੀ ਭੁੱਖ ਨੇ ਇਸ ਨੂੰ ਡਕਾਰ ਲਿਆ। ਨਵੀਂ ਪੀੜ੍ਹੀ ਨੂੰ ਨਾ ਇਸ ਦੀ ਜ਼ਰੂਰਤ ਰਹੀ ਤੇ ਨਾ ਸ਼ੌਕ। ਜਿਨ੍ਹਾਂ ਨੇ ਆਪਣੇ ਵਿਹੜੇ ਵਿੱਚ ਇਸ ਦੀ ਘੂਕ ਨੂੰ ਸੁਣਿਆ ਹੈ ਤੇ ਇਸ ਦੀ ਗੂੰਜ ਨਾਲ ਇਕਸੁਰ ਹੋਏ ਹਨ, ਉਹ ਅੱਜ ਘਰ ਵਿੱਚ ਪਏ ਖੱਦਰ ਦੇ ਟੁਕੜੇ ਨੂੰ ਦੇਖ ਕੇ ਹਉਕਾ ਜ਼ਰੂਰ ਭਰਦੇ ਹਨ। ਉਨ੍ਹਾਂ ਨੂੰ ਬਜ਼ੁਰਗ ਦਾਦੀਆਂ-ਨਾਨੀਆਂ ਨੇ ਝੁਰੜੀਆਂ ਭਰੇ ਹੱਥ ਪੂਣੀਆਂ ਕੱਤਦੇ ਨਜ਼ਰ ਆਉਂਦੇ ਹਨ। ਜਦੋਂ ਖੱਦਰ ਦੇ ਖੇਸ ਵਿੱਚੋਂ ਇੱਕ ਪੁਰਾਤਨ ਵਿਰਸੇ ਦੀ ਖੁਸ਼ਬੂ ਆਉਂਦੀ ਹੈ ਤਾਂ ਮਨ ਉਦਾਸ ਜਿਹਾ ਹੋ ਜਾਂਦਾ ਹੈ :

ਚਰਖਾ ਇਸ ਕਲਬੂਤ ਦਾ ਭੱਜ ਜਾਣਾ<br>
ਟੁੱਟ ਜਾਣੇ ਦਮਾਂ ਦੇ ਤੰਦ ਬੰਦੇ।



# ਮਿੰਨੀ ਕਹਾਣੀ

## ਸਿਪਾਹੀ

-ਸ਼ਾਲਿਨੀ ਬੜੋਲੇ

ਅੱਜ ਰਾਮਪੁਰ ਪਿੰਡ ਦੇ ਲਾਡਲੇ ਸ਼ਹੀਦ ਕੈਪਟਨ ਤਰੁਣ ਸਿੰਘ ਦੀ ਪਹਿਲੀ ਬਰਸੀ ਹੈ। ਇਸ ਮੌਕੇ ਉੱਤੇ ਪਿੰਡ ਤੋਂ ਤਰੁਣ ਸਿੰਘ ਦੀ ਮੂਰਤੀ ਦਾ ਉਦਘਾਟਨ ਕਰਨ ਲਈ ਡਿਪਟੀ ਕਮਿਸ਼ਨਰ ਅਤੇ ਗ੍ਰਹਿ ਰਾਜ ਮੰਤਰੀ ਆਉਣ ਵਾਲੇ ਹਨ। ਇੱਕ ਹਫਤੇ ਤੋਂ ਪੂਰਾ ਪ੍ਰਸ਼ਾਸਨਿਕ ਅਮਲਾ ਤਿਆਰੀਆਂ ਵਿੱਚ ਰੁੱਝਿਆ ਹੋਇਆ ਹੈ। ਪਿੰਡ ਵਿੱਚ ਸਵੇਰ ਤੋਂ ਹੀ ਲੋਕ ਪਿੰਡ ਦੇ ਸਭਾ ਸਥਾਨ ਉੱਤੇ ਇਕੱਠੇ ਹੋਏ ਹਨ। ਤੈਅ ਸਮੇਂ ਉੱਤੇ ਆ ਕੇ ਮਹਿਮਾਨਾਂ ਨੇ ਮੂਰਤੀ ਦਾ ਉਦਘਾਟਨ ਕੀਤਾ। ਫਿਰ ਸਭਾ ਸ਼ੁਰੂ ਹੋਈ। ਡਿਪਟੀ ਕਮਿਸ਼ਨਰ ਅਤੇ ਮੰਤਰੀ ਜੀ ਦੇ ਨਾਲ ਮੰਚ ਉੱਤੇ ਬੈਠੀ ਹੈ ਸ਼ਹੀਦ ਦੀ ਵਿਧਵਾ ਅਨਾਮਿਕਾ ਆਪਣੇ ਡੇਢ ਸਾਲ ਦੇ ਬੱਚੇ ਦੇ ਨਾਲ।

ਮੰਤਰੀ ਜੀ ਨੇ ਪਿੰਡ ਵਿੱਚ ਤਰੁਣ ਸਿੰਘ ਦੇ ਨਾਂਅ ਉੱਤੇ ਹਾਇਰ ਸੈਕੰਡਰੀ ਸਕੂਲ ਬਣਾਉਣ ਦਾ ਐਲਾਨ ਕੀਤਾ। ਪੰਡਾਲ ਵਿੱਚ ਤਾੜੀਆਂ ਗੂੰਜ ਉਠੀਆਂ। ਵਾਰੀ ਡਿਪਟੀ ਕਮਿਸ਼ਨਰ ਦੀ ਸੀ। ਉਨ੍ਹਾਂ ਨੇ ਆਪਣੇ ਭਾਸ਼ਣ ਵਿੱਚ ਤਰੁਣ ਸਿੰਘ ਦੀ ਵੀਰਤਾ ਦਾ ਵਰਣਨ ਕੀਤਾ ਅਤੇ ਅਖੀਰ ਵਿੱਚ ਕਿਹਾ, ''ਸ਼ਹੀਦ ਤਰੁਣ ਸਿੰਘ ਨੂੰ ਅਸਲੀ ਸ਼ਰਧਾਂਜਲੀ ਤਦ ਹੋਵੇਗੀ, ਜਦ ਕੋਈ ਤਰੁਣ ਦੀ ਵਿਧਵਾ ਨਾਲ ਵਿਆਹ ਕਰੇ, ਉਸ ਦੇ ਬੱਚੇ ਨੂੰ ਅਪਣਾਏ ਤਾਂ ਕਿ ਉਸ ਦਾ ਪਰਵਾਰ ਫਿਰ ਤੋਂ ਵਸ ਜਾਏ।'' ਸਭਾ ਵਿੱਚ ਸੰਨਾਟਾ ਪਸਰ ਗਿਆ। ਉਨ੍ਹਾਂ ਨੇ ਆਪਣੀ ਗੱਲ ਨੂੰ ਜ਼ੋਰ ਦਿੰਦੇ ਹੋਏ ਕਿਹਾ, ''ਇਹ ਪਹਿਲ ਕੋਈ ਨੌਜਵਾਨ ਕਰ ਸਕਦਾ ਹੈ...।''

ਇਹ ਸੁਣਦੇ ਹੀ ਲੋਕ ਸ਼ਹੀਦ ਤੇ ਪਰਵਾਰ ਦੇ ਕੰਨਾਂ ਵਿੱਚ ਫੁਸਫੁਸਾਉਣ ਲੱਗੇ: ''ਇਸ ਨੇ ਵਿਆਹ ਕਰ ਲਿਆ ਤਾਂ ਸਾਰੀਆਂ ਸਹੂਲਤਾਂ ਆਪਣੇ ਨਾਲ ਲੈ ਜਾਏਗੀ, ਤਦ ਤੁਹਾਡਾ ਕੀ ਹੋਵੇਗਾ।'' ਤਦ ਅਨਾਮਿਕਾ ਖੜ੍ਹੀ ਹੋਈ।

ਉਸ ਨੇ ਕਿਹਾ, ''ਤੁਹਾਡਾ ਧੰਨਵਾਦ, ਜੋ ਤੁਸੀਂ ਮੇਰੇ ਤੇ ਮੇਰੇ ਬੱਚੇ ਬਾਰੇ ਸੋਚਿਆ, ਪਰ ਤੁਸੀਂ ਸ਼ਾਇਦ ਜਾਣਦੇ ਨਹੀਂ ਹੋ, ਮੈਂ ਫੌਜ ਵਿੱਚ ਆਪਣੀ ਅਰਜ਼ੀ ਦਿੱਤੀ ਸੀ ਅਤੇ ਮੇਰੀ ਚੋਣ ਹੋ ਗਈ ਹੈ। ਮੈਂ ਸਕੂਲ-ਕਾਲਜ ਵਿੱਚ ਐਨ ਸੀ ਸੀ ਦੀ ਵਿਦਿਆਰਥਣ ਰਹੀ ਹਾਂ। ਤਰੁਣ ਅਤੇ ਮੇਰਾ ਜਾਣ-ਪਛਾਣ ਇੱਕ ਐਨ ਸੀ ਸੀ ਕੈਂਪ ਵਿੱਚ ਹੋਈ ਸੀ। ਮੈਂ ਤਰੁਣ ਦੇ ਨਾਲ ਛੋਟੀ ਸਹੀ, ਪ੍ਰੰਤੂ ਖ਼ੂਬਸੂਰਤ ਜ਼ਿੰਦਗੀ ਜੀਵੀ ਹੈ। ਮੈਨੂੰ ਉਸ ਦੀਆਂ ਯਾਦਾਂ ਦੇ ਨਾਲ ਹੀ ਜੀਉਣ ਦਿਓ। ਅੱਜ ਇੱਕ ਗੱਲ ਹੋਰ ਕਹਿਣਾ ਚਾਹੁੰਦੀ ਹਾਂ ਕਿ ਸਿਪਾਹੀ ਦੀ ਵਿਧਵਾ ਕਦੇ ਮਜ਼ਬੂਰ ਜਾਂ ਲਾਚਾਰ ਨਹੀਂ ਹੁੰਦੀ। ਜਿਸ ਤਰ੍ਹਾਂ ਫੌਜੀ ਸਿਰ ਉੱਤੇ ਕਫਨ ਬੰਨ੍ਹ ਕੇ ਸਰਹੱਦ ਉੱਤੇ ਜਾਂਦਾ ਹੈ, ਉਸੇ ਤਰ੍ਹਾਂ ਫੌਜੀ ਦੀ ਦੁਲਹਨ ਤਿਰੰਗੇ ਦੀ ਬੁੱਕਲ ਮਾਰ ਕੇ ਵਿਆਹ ਮੰਡਪ ਵਿੱਚ ਆਉਂਦੀ ਹੈ।'' ਸਭਾ ਤਾੜੀਆਂ ਨਾਲ ਗੂੰਜ ਰਹੀ ਸੀ ਅਤੇ ਅਨਾਮਿਕਾ ਆਪਣੇ ਬੱਚੇ ਨੂੰ ਗੋਦ ਵਿੱਚ ਲਈ ਤਰੁਣ ਸਿੰਘ ਦੀ ਮੂਰਤੀ ਨੂੰ ਨਿਹਾਰ ਰਹੀ ਸੀ।

# ਹਲਕਾ ਫੁਲਕਾ

ਪਤੀ ਨੇ ਪਤਨੀ ਨੂੰ ਮੈਸੇਜ ਕੀਤਾ, ''ਅੱਜ ਰਾਤ ਡਿਨਰ ਉੱਤੇ ਮੇਰੇ ਕੁਝ ਦੋਸਤ ਆ ਰਹੇ ਹਨ, ਚੰਗਾ ਜਿਹਾ ਖਾਣਾ ਤਿਆਰ ਕਰੀਂ।''

ਪਤਨੀ ਦਾ ਕੋਈ ਜੁਆਬ ਨਹੀਂ ਆਇਆ। ਫਿਰ ਪਤੀ ਨੇ ਦੂਸਰਾ ਮੈਸੇਜ ਕੀਤਾ, ''ਮੇਰੀ ਸੈਲਰੀ ਵਧ ਗਈ ਹੈ, ਅਗਲੇ ਮਹੀਨੇ ਤੈਨੂੰ ਸੋਨੇ ਦੀ ਮੁੰਦਰੀ ਲਿਆ ਕੇ ਦੇਵਾਂਗਾ।''

ਉਸੇ ਵੇਲੇ ਪਤਨੀ ਦਾ ਜੁਆਬ ਆਇਆ, ''ਓ ਮਾਈ ਗੌਡ, ਸੱਚੀਂ।''

ਪਤੀ, ''ਨਹੀਂ, ਮੈਂ ਚੈੱਕ ਕਰ ਰਿਹਾ ਸੀ ਕਿ ਤੈਨੂੰ ਮੇਰਾ ਪਹਿਲਾ ਮੈਸੇਜ ਮਿਲਿਆ ਕਿ ਨਹੀਂ।''

*******


ਗੱਪੂ, ''ਜੇ, ਮੈਂ ਨਾਰੀਅਲ ਦੇ ਰੁੱਖ ਉੱਤੇ ਚੜ੍ਹ ਜਾਵਾਂ ਤਾਂ ਕਾਲਜ ਦੀਆਂ ਲੜਕੀਆਂ ਦਿੱਸ ਜਾਣਗੀਆਂ?''

ਪੱਪੂ, ''ਜ਼ਰੂਰ, ਤੇ ਜੇ ਤੂੰ ਹੱਥ ਛੱਡ ਦੇਵੇਂ ਤਾਂ ਮੈਡੀਕਲ ਕਾਲਜ ਦੀਆਂ ਵੀ ਨਜ਼ਰ ਆ ਜਾਣਗੀਆਂ।''


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM<br>
Ishwar : 10:00 Am- 11:00 AM<br>
MH One: 4:30 AM- 5:30 AM

Lok Shahi: 8:25 AM - 9:25 AM<br>
Nepal 1: 8:30 PM -9:30 PM<br>
Subharti : 10:30 AM- 11:30 AM<br>
जन तंत्र: 7:30 PM - 8:30 PM<br>
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com<br>
satsahibusa@gmail.com

647-739-4641<br>
346-714-0224

# ਸੰਕੇਤ ਕੀ ਮਿਲਦੇ ਨੇ ਅਸਲੋਂ ਬਦਲੀ ਹੋਈ ਪੰਜਾਬ ਦੀ ਚੋਣ ਮੁਹਿੰਮ ਦੇ!


ਪੰਜਾਬ ਦੀ ਪਹਿਲੀ ਚੋਣ ਮੁਹਿੰਮ ਅਸੀਂ ਉਸ ਵੇਲੇ ਵੇਖੀ ਸੀ, ਜਦੋਂ ਸਕੂਲ ਪੜ੍ਹਦੇ ਸਾਂ ਅਤੇ ਪੜ੍ਹਾਉਣ ਵਾਲਿਆਂ ਦੀ ਅੱਖ ਬਚਾ ਕੇ ਉਸ 'ਕੁਰਬਾਨੀ ਵਾਲੇ' ਸੰਤ ਫਤਹਿ ਸਿੰਘ ਦੇ 'ਦਰਸ਼ਨ' ਕਰਨ ਗਏ ਸਾਂ, ਜਿਸ ਬਾਰੇ ਸੁਣਦੇ ਸਾਂ ਕਿ ਉਹ ਸਿੱਖ ਪੰਥ ਲਈ ਤਿੰਨ ਵਾਰੀ ਮਰਨ-ਵਰਤ ਰੱਖ ਚੁੱਕਾ ਹੈ। ਇਹ ਗੱਲ ਚੋਖਾ ਚਿਰ ਬਾਅਦ ਸਾਨੂੰ ਸਮਝ ਪਈ ਕਿ ਮਰਨਾ ਹੋਵੇ ਤਾਂ 'ਤਿੰਨ ਮਰਨ-ਵਰਤ' ਨਹੀਂ ਰੱਖਣੇ ਪੈਂਦੇ, ਜਿਹੜਾ ਬੰਦਾ ਇਸ ਤਰ੍ਹਾਂ ਮੁੜ-ਮੁੜ 'ਮਰਨ-ਵਰਤ' ਰੱਖਦਾ ਰਹਿੰਦਾ ਹੋਵੇ, ਉਹ ਮਰਦਾ ਨਹੀਂ ਹੁੰਦਾ, ਐਵੇਂ ਫੋਕੇ ਖੇਖਣ ਕਰਦਾ ਹੁੰਦਾ ਹੈ। ਇਹ ਗੱਲ ਆਪਣੀ ਥਾਂ, ਪਰ ਉਸ ਦੇ 'ਦਰਸ਼ਨ' ਦੇ ਬਹਾਨੇ ਉਸ ਪਹਿਲੀ ਚੋਣ ਮੁਹਿੰਮ ਤੋਂ ਬਾਅਦ ਇਸ ਵਕਤ ਅਸੀਂ ਬਾਰਵੀਂ ਚੋਣ ਮੁਹਿੰਮ ਚੱਲਦੀ ਵੇਖ ਰਹੇ ਹਾਂ। ਏਨੇ ਸਮੇਂ ਵਿੱਚ ਚੋਣਾਂ ਦੀਆਂ ਮੁਹਿੰਮਾਂ ਦਾ ਸਿਆਸੀ ਰੰਗ ਵੀ ਚੋਖਾ ਬਦਲ ਗਿਆ, ਚੋਣ ਮੁਹਿੰਮ ਚਲਾਉਂਦੀਆਂ ਰਾਜਸੀ ਪਾਰਟੀਆਂ ਵੀ ਬਦਲ ਗਈਆਂ ਅਤੇ ਮੁੱਦੇ ਵੀ ਏਨੇ ਬਦਲ ਗਏ ਕਿ ਯਕੀਨ ਕਰਨਾ ਔਖਾ ਜਾਪਦਾ ਹੈ।

ਉਸ ਵਕਤ ਚੋਣ ਲੜਦੀਆਂ ਸਿਆਸੀ ਧਿਰਾਂ ਵਿੱਚ ਰਿਪਬਲੀਕਨ ਪਾਰਟੀ ਵੀ ਹੁੰਦੀ ਸੀ, ਜਿਹੜੀ ਚੋਣ ਮੈਦਾਨ ਤੋਂ ਛੇਤੀ ਬਾਹਰ ਹੋ ਗਈ ਤੇ ਕਮਿਊਨਿਸਟਾਂ ਦੀਆਂ ਦੋ ਵੱਡੀਆਂ ਧਿਰਾਂ ਵੀ ਚੋਖਾ ਪ੍ਰਭਾਵ ਰੱਖਦੀਆਂ ਸਨ। ਇੱਕ ਮੌਕੇ ਜਦੋਂ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੀ ਕਮਾਨ ਸਾਂਭੀ ਸੀ, ਓਦੋਂ ਇੱਕ ਕਮਿਊਨਿਸਟ ਪਾਰਟੀ ਦੇ ਦਸ ਵਿਧਾਇਕ ਅਤੇ ਦੂਸਰੀ ਦਾ ਇੱਕ ਭਾਵੇਂ ਵੱਖੋ-ਵੱਖ ਬੈਠਦੇ ਸਨ, ਮਿਲਾ ਕੇ ਗਿਆਰਾਂ ਹੁੰਦੇ ਸਨ। ਜਿਹੜੀ ਧਿਰ ਦੇ ਦਸ ਵਿਧਾਇਕ ਸਨ, ਉਸ ਨੂੰ ਇਹ ਮਿਹਣਾ ਮਾਰਿਆ ਜਾਂਦਾ ਸੀ ਕਿ ਇਹ ਕਾਂਗਰਸ ਦੀ ਮਦਦ ਨਾਲ ਜਿੱਤਾਏ ਹਨ, ਆਪਣੇ ਸਿਰ ਜਿੱਤਣ ਜੋਗੀ ਨਹੀਂ। ਅਗਲੀ ਵਾਰੀ ਫਿਰ ਕਾਂਗਰਸ ਨਾਲ ਜੁੜ ਕੇ ਉਸ ਪਾਰਟੀ ਦੇ ਸੱਤ ਜਿੱਤ ਗਏ ਤੇ ਦੂਸਰੀ ਦੇ ਅਕਾਲੀਆਂ ਨਾਲ ਮਿਲ ਕੇ ਅੱਠ ਜਿੱਤਣ ਨਾਲ ਪੰਦਰਾਂ ਹੋ ਗਏ, ਪਰ ਮਿਹਣਾ ਉਹੋ ਵੱਜਦਾ ਰਿਹਾ। ਉਸ ਤੋਂ ਅਗਲੀ ਵਾਰੀ ਦੋਵਾਂ ਦੀ ਅਕਾਲੀ ਦਲ ਨਾਲ ਚੋਣ ਸਾਂਝ ਵਿੱਚ ਪਹਿਲੀ ਧਿਰ ਦੇ ਨੌਂ ਤੇ ਦੂਸਰੀ ਦੇ ਪੰਜ ਜਿੱਤਣ ਵਿੱਚ ਕਾਮਯਾਬ ਹੋ ਗਏ, ਪਰ ਪੰਜ ਸਾਲ ਪਿੱਛੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੋਂ ਹੋਈਆਂ ਚੋਣਾਂ ਵਿੱਚ ਪਹਿਲੀ ਪਾਰਟੀ ਦਾ ਇੱਕ ਵਿਧਾਇਕ ਰਹਿ ਗਿਆ ਤੇ ਦੂਸਰੀ ਇੱਕ ਤੋਂ ਵੀ ਵਾਂਝੀ ਹੋ ਗਈ। ਉਸ ਤੋਂ ਬਾਅਦ ਇਨ੍ਹਾਂ ਦੋਵਾਂ ਕਮਿਊਨਿਸਟ ਧਿਰਾਂ ਦੀ ਹਾਲਤ ਵਿਗੜਦੀ ਗਈ ਅਤੇ ਹੌਲੀ-ਹੌਲੀ ਇਹ ਹਾਲ ਹੋ ਗਿਆ ਕਿ ਅੱਜਕੱਲ੍ਹ ਦੋਵਾਂ ਦਾ ਪੰਜਾਬ ਦੀ ਵਿਧਾਨ ਸਭਾ ਵਿੱਚ ਖਾਤਾ ਖਾਲੀ ਹੈ। ਉਨ੍ਹਾਂ ਦੀ ਥਾਂ ਨਵੀਂਆਂ ਸਿਆਸੀ ਧਿਰਾਂ ਉੱਠਣ ਲੱਗ ਪਈਆਂ ਹਨ।

ਨਵੀਂਆਂ ਧਿਰਾਂ ਵਿੱਚੋਂ ਦਸ ਸਾਲ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਪੀਪਲਜ਼ ਪਾਰਟੀ ਵੀ ਬਣੀ ਸੀ, ਜਿਹੜੀ ਸੌ ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ ਤੋਂ ਤੁਰੀ ਅਤੇ ਨਤੀਜੇ ਵਿੱਚ ਇੱਕ ਵੀ ਸੀਟ ਜਿੱਤਣ ਜੋਗੀ ਨਹੀਂ ਸੀ ਨਿਕਲੀ। ਉਸ ਪਾਰਟੀ ਦਾ ਮੁਖੀ ਬਾਅਦ ਵਿੱਚ ਕਾਂਗਰਸ ਵਿੱਚ ਜਾ ਰਲਿਆ ਤੇ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਖਜ਼ਾਨਾ ਮੰਤਰੀ ਰਹਿ ਚੁੱਕਾ ਉਹੀ ਆਗੂ ਫਿਰ ਕਾਂਗਰਸ ਦਾ ਖਜ਼ਾਨਾ ਮੰਤਰੀ ਵੀ ਬਣ ਗਿਆ। ਪੰਜ ਸਾਲ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਦੀ ਪਹਿਲੀ ਚੋਣ ਲੜੀ ਤਾਂ ਉਸ ਦੇ ਆਗੂ ਵੀ ਮਨਪ੍ਰੀਤ ਸਿੰਘ ਬਾਦਲ ਵਾਂਗ ਸੌ ਤੋਂ ਵੱਧ ਸੀਟਾਂ ਜਿੱਤਣ ਦੇ ਦਾਅਵੇ ਕਰਦੇ ਸਨ ਤੇ ਉਨ੍ਹਾਂ ਦੇ ਵਿਰੋਧੀ ਆਗੂ ਵੀ ਉਨ੍ਹਾਂ ਦੀ ਸਰਕਾਰ ਬਣ ਜਾਣ ਜਾਂ ਅੱਧੇ ਸੈਂਕੜੇ ਦੇ ਨੇੜੇ ਸੀਟਾਂ ਜਿੱਤ ਜਾਣ ਤੱਕ ਮੰਨੀ ਬੈਠੇ ਸਨ। ਨਤੀਜੇ ਵਿੱਚ ਉਹ ਮਸਾਂ ਵੀਹ ਸੀਟਾਂ ਤੀਕਰ ਸਿਮਟ ਗਈ ਤੇ ਫਿਰ ਪਾਟਕ ਦਾ ਸ਼ਿਕਾਰ ਹੋ ਗਈ ਸੀ। ਕਾਂਗਰਸ ਵਿੱਚੋਂ ਆਏ ਇੱਕ ਬੰਦੇ ਦਾ ਪਾਇਆ ਪਾਟਕ ਇਸ ਪਾਰਟੀ ਦੀ ਹਾਲਤ ਵਿਗਾੜਨ ਲਈ ਰਾਜਸੀ ਸਦਾਚਾਰ ਦੀ ਨੀਵਾਣ ਦੀਆਂ ਆਖਰੀ ਹੱਦਾਂ ਛੋਹਣ ਤੱਕ ਗਿਆ, ਪਰ ਕਿਸੇ ਤਰ੍ਹਾਂ ਇਹ ਪਾਰਟੀ ਆਪਣਾ ਭੋਗ ਪੈਣ ਤੋਂ ਬਚਾ ਕੇ ਅੱਜ ਇੱਕ ਵਾਰੀ ਫਿਰ ਚੋਣ ਮੈਦਾਨ ਵਿੱਚ ਖੜੀ ਹੈ।



ਏਥੇ ਆ ਕੇ ਅਸੀਂ ਇਸ ਵਕਤ ਹੋ ਰਹੀਆਂ ਚੋਣਾਂ ਦੀ ਚਰਚਾ ਕਰਨਾ ਚਾਹੁੰਦੇ ਹਾਂ। ਅਸੀਂ ਕਦੇ ਵੀ ਸਿਆ-ਸਤ ਦੇ ਜੋਤਸ਼ੀ ਬਣਨ ਦਾ ਭਰਮ ਨਹੀਂ ਰੱਖਿਆ, ਪਰ ਹਾਲਾਤ ਕਈ ਵਾਰੀ ਕੁਝ ਏਦਾਂ ਦੇ ਮੋੜ ਕੱਟਣ ਲੱਗਦੇ ਹਨ ਕਿ ਤਜਰਬੇ ਦੇ ਆਧਾਰ



ਜਤਿੰਦਰ ਪੰਨੂ

ਉੱਤੇ ਕੁਝ ਸੰਕੇਤ ਸਮਝ ਆਉਣ ਲੱਗਦੇ ਹਨ। ਏਦਾਂ ਦੇ ਸੰਕੇਤ ਇਸ ਵਕਤ ਵੀ ਚੋਣ ਮੁਹਿੰਮ ਦੀ ਗਰਮਾ-ਗਰਮੀ ਦੇ ਵਿਚਾਲਿਉਂ ਉੱਠਦੇ ਮਹਿਸੂਸ ਹੁੰਦੇ ਹਨ। ਇਸ ਵਾਰੀ ਜਦੋਂ ਚੋਣਾਂ ਦੀ ਮੁਹਿੰਮ ਸ਼ੁਰੂ ਹੋਈ ਸੀ ਤਾਂ ਉਸ ਵਕਤ ਜਿਹੜਾ ਰੌਂਅ ਭਾਸ਼ਣਾਂ ਦੀ ਕੁੜੱਤਣ ਦਾ ਨਜ਼ਰ ਪੈਂਦਾ ਸੀ, ਉਸ ਦੀ ਕੁੜੱਤਣ ਤਾਂ ਅਜੇ ਵੀ ਹੈ ਅਤੇ ਪਹਿਲਾਂ ਨਾਲੋਂ ਸਗੋਂ ਵਧ ਗਈ ਹੈ, ਪਰ ਉਸ ਦਾ ਰੁਖ ਬਦਲਿਆ ਜਾਪਣ ਲੱਗ ਪਿਆ ਹੈ। ਕਾਂਗਰਸ ਪਾਰਟੀ ਦੇ ਆਗੂਆਂ ਵਿੱਚ 'ਮੈਂ ਵੱਡਾ ਆਗੂ' ਵਾਲੀ ਜੰਗ ਇਸ ਹੱਦ ਤੱਕ ਚਲੀ ਗਈ ਹੈ ਕਿ ਉਹ ਆਪਣੇ ਇਸ ਕੁਪੱਤ ਕਾਰਨ ਹੋਰ ਕੁਝ ਵੇਖਣਾ ਹੀ ਨਹੀਂ ਚਾਹੁੰਦੇ। ਹਾਲਤ ਇਹ ਹੈ ਕਿ ਵੱਡੇ ਲੀਡਰਾਂ ਵਿੱਚ ਮੁੱਖ ਮੰਤਰੀ ਦੇ ਉਮੀਦਵਾਰ ਲਈ ਛਿੜੀ ਜੰਗ ਵਿੱਚ ਉਨ੍ਹਾਂ ਲੀਡਰਾਂ ਦੇ ਪਰਵਾਰ ਦੇ ਜੀਅ ਵੀ ਆਪੋ-ਆਪਣਾ ਰਾਗ ਅਲਾਪਣ ਲੱਗੇ ਹਨ ਅਤੇ ਚੋਣਾਂ ਜਿੱਤਣ ਵੱਲ ਧਿਆਨ ਘੱਟ ਤੇ ਆਪਸੀ ਖਹਿਬੜ ਵਿੱਚ ਵੱਧ ਲੱਗਾ ਪਿਆ ਹੈ। ਇਸ ਦੇ ਲੀਡਰ ਜਿੱਤਣਾ ਹੀਂ ਨਹੀਂ ਚਾਹੁੰਦੇ ਤਾਂ ਲੋਕ ਕਿਉਂ ਜਿਤਾਉਣਗੇ!

ਆਮ ਆਦਮੀ ਪਾਰਟੀ ਸਾਰਾ ਤਾਣ ਲਾਈ ਜਾਂਦੀ ਹੈ, ਉਸ ਦੇ ਹੱਕ ਦੀ ਲਹਿਰ ਚੱਲਣ ਦੇ ਚਰਚੇ ਵੀ ਕਈ ਲੋਕ ਕਰਦੇ ਹਨ ਅਤੇ ਲੋਕਾਂ ਵਿੱਚ ਇਹ ਪ੍ਰਭਾਵ ਵੀ ਮਿਲਦਾ ਹੈ, ਪਰ ਕਿਰਿਆ ਦੇ ਉਲਟ ਪ੍ਰਤੀਕਿਰਿਆ ਦੀ ਧਾਰਨਾ ਕਿਸੇ ਨੂੰ ਯਾਦ ਨਹੀਂ। ਮੁਹਿੰਮ ਵਿੱਚ ਰੁੱਝੀ ਹੋਈ ਆਮ ਆਦਮੀ ਪਾਰਟੀ ਆਸੇ-ਪਾਸੇ ਦੇ ਉਨ੍ਹਾਂ ਵਰਤਾਰਿਆਂ ਬਾਰੇ ਸੋਚਣ ਦੀ ਵਿਹਲ ਨਹੀਂ ਕੱਢਦੀ, ਜਾਂ ਉਸ ਨੂੰ ਸਮਝ ਨਹੀਂ ਪੈਂਦੀ, ਜਿਹੜੇ ਅੰਦਰੋ-ਅੰਦਰ ਆਪਣੀ ਛਾਪ ਛੱਡਣ ਲੱਗੇ ਹਨ।

ਪਿਛਲੇਰੇ ਹਫਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਬਿਮਾਰ ਪਏ ਤਾਂ ਉਨ੍ਹਾਂ ਨੂੰ ਹਸਪਤਾਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੋਨ ਕੀਤਾ ਸੀ। ਉਸ ਫੋਨ ਤੋਂ ਪਹਿਲੇ ਦਿਨ ਤੱਕ ਭਾਜਪਾ ਵਿਰੁੱਧ ਅਕਾਲੀ ਲੀਡਰਾਂ ਦੇ ਬੋਲ ਬਹੁਤ ਕੁੜੱਤਣ ਵਾਲੇ ਸਨ, ਪਰ ਉਸ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ ਦੀ ਬੋਲੀ ਵਿੱਚ ਵਾਹਵਾ ਫਰਕ ਕਈ ਲੋਕਾਂ ਨੇ ਨੋਟ ਕੀਤਾ ਹੈ। ਦੂਸਰੀ ਗੱਲ ਕਿ ਪਹਿਲੇ ਸਮੇਂ ਵਿੱਚ ਭਾਰਤੀ ਜਨ ਸੰਘ ਅਤੇ ਫਿਰ ਉਹੀ ਆਗੂ ਭਾਰਤੀ ਜਨਤਾ ਪਾਰਟੀ ਬਣਨ ਦੇ ਬਾਅਦ ਵੀ ਪੰਜਾਬ ਅਤੇ ਸਿੱਖਾਂ ਦੇ ਮਸਲਿਆਂ ਨੂੰ ਟਾਲਣ ਜਾਂ ਹਿੰਦੂਤੱਵ ਦੀ ਝੰਡਾ-ਬਰਦਾਰੀ ਕਰਦਿਆਂ ਘੱਟ-ਗਿਣਤੀਆਂ ਵੱਲ ਸੰਭਲ ਕੇ ਨਹੀਂ ਸਨ ਬੋਲਿਆ ਕਰਦੇ, ਉਹੀ ਭਾਜਪਾ ਲੀਡਰ ਇਸ ਵਾਰੀ ਸਾਰਾ ਜ਼ੋਰ ਇਹ ਦੱਸਣ ਉੱਤੇ ਲਾ ਰਹੇ ਹਨ ਕਿ ਉਹ ਸਿੱਖੀ ਅਤੇ ਸਿੱਖਾਂ ਦਾ ਬਹੁਤ ਸਤਿਕਾਰ ਕਰਦੇ ਹਨ। ਭਾਜਪਾ ਦੀ ਅਗਵਾਈ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਦੇ ਹਿੱਤਾਂ ਦੇ ਪਹਿਰੇਦਾਰ ਵਜੋਂ ਪੇਸ਼ ਕਰਨ ਲਈ ਉਚੇਚੀ ਲਿਖੀ ਇੱਕ ਕਿਤਾਬ ਵੀ ਉਹ ਵੰਡਦੇ ਹਨ ਅਤੇ ਭਾਸ਼ਣਾਂ ਵਿੱਚ ਵੀ ਦੱਸਣਾ ਨਹੀਂ ਭੁੱਲਦੇ ਕਿ ਕਾਂਗਰਸ ਰਾਜ ਵਿੱਚ ਸਿੱਖਾਂ ਨਾਲ ਧੱਕੇ ਹੋਏ ਸਨ, ਨਰਿੰਦਰ ਮੋਦੀ ਨੇ ਇਨਸਾਫ ਦਿਵਾਉਣ ਲਈ ਕਦਮ ਚੁੱਕੇ ਹਨ। ਪਿਛਲੇ ਸਾਲ ਵਿੱਚ ਕਈ ਸਿੱਖ ਆਗੂ ਅੱਗੜ-ਪਿੱਛੜ ਜਦੋਂ ਭਾਜਪਾ ਦੇ ਨਾਲ ਜੁੜਨ ਲੱਗੇ ਤਾਂ ਕਈ ਲੋਕਾਂ ਨੂੰ ਇਹ ਹਾਸੋਹੀਣੀ ਜਿਹੀ ਗੱਲ ਜਾਪਦੀ ਸੀ, ਅਸੀਂ ਓਦੋਂ ਵੀ ਕਿਹਾ ਸੀ ਕਿ ਭਾਜਪਾ ਵੱਲ ਸਿੱਖ ਚਿਹਰਿਆਂ ਦੀ ਦੌੜ ਅਗਲੀਆਂ ਵਿਧਾਨ ਸਭਾ ਚੋਣਾਂ ਦਾ ਨਕਸ਼ਾ ਬਦਲਣ ਤੱਕ ਜਾ ਸਕਦੀ ਹੈ। ਉਸ ਦਾ ਅਸਰ ਅੱਜ ਦਿਖਾਈ ਦੇਂਦਾ ਹੈ ਅਤੇ ਇਹੋ ਅਸਰ ਚੋਣਾਂ ਪਿੱਛੋਂ ਓਹੋ ਜਿਹੇ ਨਤੀਜੇ ਪੇਸ਼ ਕਰ ਸਕਦਾ ਹੈ, ਜਿਨ੍ਹਾਂ ਦੀ ਇਸ ਵਕਤ ਗੱਲ ਵੀ ਕਰੀਏ ਤਾਂ ਬਹੁਤ ਸਾਰੇ ਸੱਜਣ ਮਜ਼ਾਕ ਉਡਾਉਂਦੇ ਹਨ। ਇਹ ਨਤੀਜੇ ਵੋਟ ਮਸ਼ੀਨਾਂ ਵਿੱਚੋਂ ਵੀ ਨਿਕਲ ਸਕਦੇ ਹਨ ਅਤੇ ਮਸ਼ੀਨਾਂ ਦੇ ਫਤਵੇ ਤੋਂ ਬਾਅਦ ਸਰਕਾਰ ਬਣਾਉਣ ਦੀ ਪ੍ਰਕਿਰਿਆ ਦੇ ਰੂਪ ਵਿੱਚ ਵੀ ਸਾਹਮਣੇ ਆ ਸਕਦੇ ਹਨ, ਜਿਸ ਦੇ ਸਾਫ ਸੰਕੇਤ ਦਿੱਸਣ ਲੱਗੇ ਹਨ।

ਅਸੀਂ ਇਹ ਨਹੀਂ ਕਹਿੰਦੇ ਕਿ ਏਹੀ ਹੋਵੇਗਾ, ਜਿੱਦਾਂ ਸੰਕੇਤ ਅਸੀਂ ਕੀਤਾ ਹੈ, ਪਰ ਪੱਤਰਕਾਰੀ ਜਗਤ ਦੇ ਕਈ ਧਨੰਤਰਾਂ ਨਾਲ ਹੋਈ ਸਾਡੀ ਨਿੱਜੀ ਪੱਧਰ ਦੀ ਗੱਲਬਾਤ ਦਾ ਨਿਚੋੜ ਇਹੋ ਹੈ, ਜੋ ਅਸੀਂ ਪਾਠਕਾਂ ਦੇ ਸਾਹਮਣੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੰਭਾਵਨਾ ਵਿੱਚ ਵਾਧਾ ਕਰਨ ਵਾਲਾ ਇੱਕ ਹੋਰ ਪੱਖ ਸਿਰਸੇ ਦੇ ਡੇਰੇ ਵਾਲਾ ਵੀ ਹੈ, ਜਿਸ ਦੀ ਚਰਚਾ ਅਸੀਂ ਨਹੀਂ ਕਰ ਰਹੇ, ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਉਨ੍ਹਾਂ ਨੇ ਕਿਸ ਪਾਸੇ ਵਗਣਾ ਹੈ।

# ਸਿੱਖਿਆ ਦਾ ਨਿੱਜੀਕਰਨ

ਕਿਸੇ ਵੀ ਸਰਕਾਰ ਲਈ ਸਿੱਖਿਆ ਇੱਕ ਮਹੱਤਵਪੂਰਨ ਖੇਤਰ ਹੋਣਾ ਚਾਹੀਦਾ ਹੈ। ਸਗੋਂ ਹਰ ਸਰਕਾਰ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦਿੰਦੀ ਹੈ। ਸਾਲਾਨਾ ਬਜਟ ਭਾਵ ਆਮ ਬਜਟ ਵਿੱਚ ਸਰਕਾਰਾਂ ਇਸ ਮਦ ਵਿੱਚ ਵਿਸ਼ੇਸ਼ ਉਪਬੰਧ ਜਾਂ ਰਕਮ ਅਲਾਟ ਕਰਦੀਆਂ ਹਨ। ਹਾਲਾਂਕਿ ਇਸ ਵਾਰ ਭਾਰਤ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਸਿੱਖਿਆ ਦੇ ਸਬੰਧ ਵਿੱਚ ਇਸ ਖੇਤਰ ਪ੍ਰਤੀ ਸਰਕਾਰ ਦਾ ਨਾਂਹਪੱਖੀ ਰਵੱਈਆ ਸਾਫ਼ ਦੇਖਿਆ ਜਾ ਸਕਦਾ ਹੈ। ਰਾਈਟ ਟੂ ਐਜੂਕੇਸ਼ਨ (ਆਰ.ਟੀ.ਈ.) ਫੋਰਮ ਨੇ 2022-23 ਲਈ ਪੇਸ਼ ਕੀਤੇ ਗਏ ਆਮ ਬਜਟ 'ਤੇ ਕਿਹਾ ਹੈ ਕਿ ਇਹ ਅਜਿਹਾ ਬਜਟ ਹੈ ਜੋ ਆਰਟੀਈ ਐਕਟ ਦੀ ਅਣਦੇਖੀ ਕਰਦਾ ਹੈ, ਸਿੱਖਿਆ 'ਚ ਅਸਮਾਨਤਾ ਵਧਾਉਂਦਾ ਹੈ ਅਤੇ ਨਿੱਜੀਕਰਨ 'ਤੇ ਜ਼ੋਰ ਦਿੰਦਾ ਹੈ। ਇਸ ਫੋਰਮ ਨੇ ਬਜਟ ਵਿੱਚ ਡਿਜੀਟਲ ਲਰਨਿੰਗ ਅਤੇ ਈ-ਵਿਦਿਆ ਨਾਲ ਸਬੰਧਤ ਪ੍ਰਸਤਾਵ ਨੂੰ ਨਿਰਾਸ਼ਾਜਨਕ ਦੱਸਿਆ ਹੈ। ਵਾਂਝੇ ਵਰਗਾਂ ਸਮੇਤ ਅੱਸੀ ਫੀਸਦੀ ਬੱਚਿਆਂ ਦੇ ਸਕੂਲੋਂ ਬਾਹਰ ਹੋਣ ਦਾ ਖਤਰਾ ਦੱਸਿਆ ਜਾਂਦਾ ਹੈ। ਦਰਅਸਲ ਪਿਛਲੇ ਡੇਢ ਸਾਲ ਤੋਂ ਸਕੂਲ ਬੰਦ ਪਏ ਹਨ, ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਕਾਫੀ ਨੁਕਸਾਨ ਹੋਇਆ ਹੈ। ਪੇਸ਼ ਕੀਤੇ ਬਜਟ ਵਿੱਚ, ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮਹਾਂਮਾਰੀ ਦੇ ਗੰਭੀਰ ਪ੍ਰਭਾਵਾਂ ਨੂੰ ਸਵੀਕਾਰ ਕੀਤਾ, ਪਰ ਸਕੂਲਾਂ ਦੇ ਸੁਰੱਖਿਅਤ ਸੰਚਾਲਨ, ਉਨ੍ਹਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਅਤੇ ਕੋਵਿਡ ਮਹਾਂਮਾਰੀ ਜਾਂ ਹੋਰ ਐਮਰਜੈਂਸੀ ਦੀ ਸਥਿਤੀ ਵਿੱਚ ਸਰਕਾਰੀ ਤਿਆਰੀ ਦੀ ਕੋਈ ਝਲਕ ਨਹੀਂ ਦਿੱਤੀ। ਅਸਲ ਵਿੱਚ ਬਜਟ ਦੀਆਂ ਅੱਧ-ਪਚੱਧੀਆਂ ਅਤੇ ਦੂਰ ਅੰਦੇਸ਼ੀ ਵਿਵਸਥਾਵਾਂ ਨੂੰ ਪੜ੍ਹ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਸਰਕਾਰ ਸਕੂਲੀ ਸਿੱਖਿਆ ਪ੍ਰਤੀ ਬਿਲਕੁਲ ਵੀ ਗੰਭੀਰ ਨਹੀਂ ਹੈ। ਬੱਜਟ ਵਿੱਚ ਬੱਚਿਆਂ ਦੇ ਬੁਨਿਆਦੀ ਹੱਕਾਂ ਦੀ ਅਣਦੇਖੀ ਕੀਤੀ ਗਈ ਹੈ। ਇਸ ਸਬੰਧੀ ਆਰਟੀਈ ਫੋਰਮ ਦੇ ਕੋਆਰਡੀਨੇਟਰ ਮਿੱਤਰਰੰਜਨ ਦਾ ਕਹਿਣਾ ਹੈ ਕਿ ਸਮਗਰ ਸਿੱਖਿਆ ਅਭਿਆਨ ਦੀ ਵੰਡ ਵਿੱਚ 6,333 ਕਰੋੜ ਰੁਪਏ ਦੇ ਵਾਧੇ ਦਾ ਐਲਾਨ



ਕੀਤਾ ਗਿਆ ਹੈ। ਵਿੱਤੀ ਸਾਲ 2021-22 ਵਿੱਚ 31,050 ਕਰੋੜ ਰੁਪਏ ਦੀ ਅਲਾਟਮੈਂਟ ਦੇ ਮੁਕਾਬਲੇ ਇਸ ਵਾਰ 37,383 ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਪਰ ਇਹ ਰਕਮ ਮਹਾਂਮਾਰੀ ਤੋਂ ਪਹਿਲਾਂ 2020-21 ਵਿੱਚ ਅਲਾਟ ਕੀਤੇ ਗਏ ਬਜਟ (38,860 ਕਰੋੜ ਰੁਪਏ) ਤੋਂ ਘੱਟ ਹੈ। ਮਿਡ-ਡੇ-ਮੀਲ ਸਕੀਮ ਲਈ ਅਲਾਟ ਕੀਤੀ ਰਾਸ਼ੀ ਵੀ ਘਟਾ ਦਿੱਤੀ ਗਈ ਹੈ। ਅਜਿਹੀ ਸਥਿਤੀ ਉਦੋਂ ਹੈ ਜਦੋਂ ਦੇਸ਼ ਬਾਲ ਕੁਪੋਸ਼ਣ ਦੀ ਸਮੱਸਿਆ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਹੁਣ ਮਿਡ ਡੇ ਮੀਲ ਸਕੀਮ ਦਾ ਨਾਂ ਬਦਲ ਕੇ ਪ੍ਰਧਾਨ ਮੰਤਰੀ ਪੋਸ਼ਣ ਸ਼ਕਤੀ ਨਿਰਮਾਣ ਯੋਜਨਾ ਕਰ ਦਿੱਤਾ ਗਿਆ ਹੈ। ਵਿੱਤੀ ਸਾਲ 2020-21 ਯਾਨੀ ਪਿਛਲੇ ਸਾਲ ਦੇ ਬਜਟ ਵਿੱਚ, ਇਸ ਯੋਜਨਾ ਵਿੱਚ 11,500 ਕਰੋੜ ਰੁਪਏ ਦੀ ਅਲਾਟਮੈਂਟ ਕੀਤੀ ਗਈ ਸੀ, ਜਿਸ ਨੂੰ ਇਸ ਬਜਟ ਵਿੱਚ ਘਟਾ ਕੇ 10,233.75 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਕੋਵਿਡ-19 ਮਹਾਂਮਾਰੀ ਨੇ ਹਾਸ਼ੀਏ 'ਤੇ ਰਹਿ ਗਏ ਭਾਈਚਾਰਿਆਂ ਦੇ ਬੱਚਿਆਂ, ਖਾਸ ਤੌਰ 'ਤੇ ਲੜਕੀਆਂ ਦੀ ਸਿੱਖਿਆ 'ਤੇ ਮਾੜਾ ਪ੍ਰਭਾਵ ਪਾਇਆ ਹੈ ਅਤੇ ਦੇਸ਼ ਦੀਆਂ ਲਗਭਗ ਇਕ ਕਰੋੜ ਲੜਕੀਆਂ ਦੇ ਸਕੂਲ ਛੱਡਣ ਦਾ ਖਤਰਾ ਹੈ, ਪਰ ਇਸ ਸਬੰਧ ਵਿਚ ਬਣਾਈ ਗਈ ਯੋਜਨਾ (ਪ੍ਰੇਰਨਾ ਲਈ ਰਾਸ਼ਟਰੀ ਯੋਜਨਾ) ਗਰਲਜ਼ ਫਾਰ ਸੈਕੰਡਰੀ ਐਜੂਕੇਸ਼ਨ) ਨੂੰ ਸਰਕਾਰ ਨੇ ਖਤਮ ਕਰ ਦਿੱਤਾ ਹੈ। ਪਿਛਲੇ ਬਜਟ ਵਿੱਚ ਇਸ ਸਕੀਮ ਦੀ ਰਾਸ਼ੀ 110 ਕਰੋੜ ਰੁਪਏ ਤੋਂ ਵਧਾ ਕੇ 1 ਕਰੋੜ ਰੁਪਏ ਕੀਤੀ ਗਈ ਸੀ, ਇਸ ਵਾਰ ਇਸ ਨੂੰ ਰੱਦ ਕਰ ਦਿੱਤਾ ਗਿਆ ਹੈ। ਇੱਕ ਹੋਰ ਖੋਜ ਦੱਸਦੀ ਹੈ ਕਿ ਮਹਾਂਮਾਰੀ ਦੇ ਦੌਰਾਨ, ਪੇਂਡੂ ਖੇਤਰਾਂ ਵਿੱਚ ਸਿਰਫ 8 ਪ੍ਰਤੀਸ਼ਤ ਬੱਚੇ ਆਨਲਾਈਨ ਪੜ੍ਹਾਈ ਕਰਨ ਦੇ ਯੋਗ ਸਨ, ਜਦੋਂ ਕਿ 14-18 ਉਮਰ ਵਰਗ ਦੇ 80 ਪ੍ਰਤੀਸ਼ਤ ਪੇਂਡੂ ਬੱਚੇ ਅਤੇ ਸ਼ਹਿਰੀ ਗਰੀਬ ਬੱਚੇ (ਜਿਨ੍ਹਾਂ ਵਿੱਚ ਵੱਡੀ ਗਿਣਤੀ ਲੜਕੀਆਂ ਸਨ)। ਸਰੋਤਾਂ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਸਨ। ਸਿੱਖਿਆ ਦੀ ਅਣਹੋਂਦ ਵਿੱਚ ਸਿੱਖਿਆ ਦੇ ਖੇਤਰ ਤੋਂ ਬਾਹਰ ਹੋਣ ਦਾ ਖ਼ਤਰਾ ਹੈ। ਫੋਰਮ ਦਾ ਕਹਿਣਾ ਹੈ ਕਿ ਸਿੱਖਿਆ ਮੰਤਰਾਲੇ ਇਨ੍ਹਾਂ ਸਥਿਤੀਆਂ ਵਿੱਚ ਸਿੱਖਣ ਦੇ ਨੁਕਸਾਨ ਦੀ ਭਰਪਾਈ ਲਈ ਡਿਜੀਟਲ ਹੱਲ ਲੱਭ ਰਿਹਾ ਹੈ। ਡਿਜੀਟਲ ਸਿੱਖਿਆ ਨੂੰ ਉਤਸ਼ਾਹਿਤ ਕਰਨ ਦਾ ਮਤਲਬ ਹੈ ਕਿ ਸਰਕਾਰ ਨਿੱਜੀ ਨਿਵੇਸ਼ ਯਾਨੀ ਪੀਪੀਪੀ ਰਾਹੀਂ ਸਿੱਖਿਆ ਨੂੰ ਮੰਡੀ ਦੇ ਹਵਾਲੇ ਕਰਨ 'ਤੇ ਜ਼ੋਰ ਦੇ ਰਹੀ ਹੈ। ਦੂਜੇ ਪਾਸੇ ਮਹੱਤਵਪੂਰਨ ਕਾਨੂੰਨ ਆਰਟੀਈ ਦੀ ਪਾਲਣਾ ਦੇ ਸਬੰਧ ਵਿੱਚ ਫੋਰਮ ਨੇ ਕਿਹਾ ਹੈ ਕਿ ਦੇਸ਼ ਵਿੱਚ ਆਰਟੀਈ ਐਕਟ ਲਾਗੂ ਹੋਣ ਦੇ 11 ਸਾਲ ਬਾਅਦ ਵੀ ਸੰਸਦ ਵਿੱਚ ਸਰਕਾਰ ਦੇ ਜਵਾਬ ਅਨੁਸਾਰ ਇਸ ਦੀ ਪਾਲਣਾ ਕੀਤੀ ਗਈ ਹੈ। ਸਿਰਫ 25.5 ਫੀਸਦੀ। ਸਥਿਤੀ ਇਹ ਹੈ ਕਿ ਸਕੂਲਾਂ ਵਿੱਚ 11,09,486 ਅਧਿਆਪਕਾਂ ਦੀ ਘਾਟ ਹੈ। ਫਿਰ ਵੀ ਸਰਕਾਰ ਨੇ ਬਜਟ ਵਿੱਚ ਇਸ ਵਿਸ਼ੇ 'ਤੇ ਕੋਈ ਖਾਸ ਚਿੰਤਾ ਨਹੀਂ ਦਿਖਾਈ। ਹਾਲਾਂਕਿ, ਉਮੀਦ ਕੀਤੀ ਜਾਂਦੀ ਹੈ ਕਿ ਸਰਕਾਰ ਦੇਸ਼ ਦੇ ਭਵਿੱਖ ਯਾਨੀ ਬੱਚਿਆਂ ਦੀ ਸਿੱਖਿਆ 'ਤੇ ਧਿਆਨ ਕੇਂਦਰਿਤ ਕਰੇਗੀ ਅਤੇ ਇਸ ਆਈਟਮ ਲਈ ਵਿੱਤੀ ਫੰਡਾਂ ਦੀ ਵੰਡ ਨੂੰ ਵਧਾਏਗੀ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ।*

# ਕੀ ਰਾਜਸੀ ਅਨਿਸ਼ਚਿਤਤਾ ਵੱਲ ਵੱਧ ਰਿਹੈ ਪੰਜਾਬ ?

ਕਹਿੰਦੇ ਨੇ ਕਿ ਬਦਲਾਅ ਕੁਦਰਤ ਦਾ ਨਿਯਮ ਹੈ, ਪਰ ਭਾਰਤ ਦੇ ਰਾਜਨੀਤਕ ਮਾਹੌਲ ਉਪਰ ਨਜ਼ਰ ਮਾਰਿਆਂ, ਸੱਤਾ ਉਪਰ ਕਾਬਜ਼ ਸਰਕਾਰਾਂ/ਪਾਰਟੀਆਂ ਦਾ ਬਦਲਾਵ ਹਮੇਸ਼ਾ ਹੀ ਲੋੜੀਂਦਾ ਲਗਦਾ ਹੈ। ਹਾਲਾਂਕਿ ਕੇਂਦਰ ਵਿਚ ਲੰਮੇ ਅਰਸੇ ਤੋਂ ਕਾਬਜ਼ ਕਾਂਗਰਸ ਅਤੇ ਇਸ ਦੇ ਭਾਈਵਾਲੀਆਂ ਦੇ ਬਦਲ ਵਜੋਂ ਲੋਕਾਂ ਨੇ 2014 ਵਿਚ ਬੀ.ਜੇ.ਪੀ. ਨੂੰ ਸੱਤਾ ਵਿਚ ਲਿਆਂਦਾ, ਪਰ ਲੋਕਾਈ ਦੇ ਬੁਨਿਆਦੀ ਮਸਲਿਆਂ ਦਾ ਕੋਈ ਹਲ ਨਾ ਹੋਇਆ। ਬਲਕਿ ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ, ਸਮਾਜਿਕ ਨਾ-ਬਰਾਬਰੀ, ਫਿਰਕਾਪ੍ਰੱਸਤੀ, ਮਹਿੰਗਾਈ ਵਰਗੀਆਂ ਸਮਸਿਆਵਾਂ ਹੋਰ ਵੀ ਜੱਟਿਲ ਹੋ ਗਈਆਂ। ਕਾਂਗਰਸ ਦੇ ਰਾਜ ਕਾਲ ਤੋਂ ਸ਼ੁਰੂ ਹੋਈਆਂ ਨਿੱਜੀਕਰਨ ਦੀਆਂ ਨੀਤੀਆਂ ਹੋਰ ਭਿਆਨਕ ਰੂਪ ਧਾਰਨ ਕਰ ਗਈਆਂ। ਮੁਨਾਫ਼ੇ ਵਾਲੇ ਜਨਤਕ ਅਦਾਰੇ ਧੜਾ-ਧੜ ਨਿੱਜੀ ਹੱਥਾਂ ਵਿਚ ਦਿਤੇ ਜਾਣ ਲੱਗੇ। ਐਸੇ ਨਿਰਾਸ਼ਾਜਨਕ ਮਹੌਲ ਵਿਚੋਂ ਉਪਜਦਾ ਹੈ ਬੌਧਿਕ ਨਿਕਾਸੀ (ਨਗ਼ਜਅ ਣਗ਼ਜਅ) ਅਤੇ ਅਰਾਜਕਤਾ ਦਾ ਵਰਤਾਰਾ ਅਤੇ ਫਿਰ ਤੋਂ ਸੱਤਾ ਪਰਿਵਰਤਨ ਦੀ ਤਾਂਘ। ਪਰ 'ਸੱਤਾ ਪਰਿਵਰਤਨ' ਮਗਰੋਂ ਵੀ ਲੋਕਾਂ ਦੇ ਪਲੇ ਕੁੱਝ ਨਹੀਂ ਪੈਂਦਾ ਅਤੇ ਫੇਰ ਲੋੜ ਮਹਿਸੂਸ ਹੁੰਦੀ ਹੈ ਇਕ ਹੋਰ ਬਦਲ ਦੀ, ਇਕ ਹੋਰ ਪਰਿਵਰਤਨ ਦੀ। ਪਰ ਬਦਲਿਆ ਜਾਂਦਾ ਹੈ ਸਿਰਫ਼ ਮਖ਼ੌਟਾ। ਮਖ਼ੌਟੇ ਪਿਛਲੇ ਚਿਹਰਿਆਂ, ਕਿਰਦਾਰਾਂ ਅਤੇ ਰਾਜਨੀਤਿਕ ਖ਼ਾਸੇ ਵਿਚ ਕੋਈ ਤਬਦੀਲੀ ਨਹੀਂ ਹੁੰਦੀ।

ਪੰਜਾਬੀ ਆਪਣੇ ਜੁਝਾਰੂ ਸੁਭਾਅ ਅਤੇ ਪਹਿਲ ਕਦਮੀਆਂ ਕਰਕੇ ਪੂਰੀ ਦੁਨੀਆਂ ਵਿਚ ਜਾਣੇ ਜਾਂਦੇ ਹਨ। ਪੰਜਾਬ ਦੀ 2017 ਤੋਂ ਪਹਿਲੋਂ ਅਕਾਲੀਆਂ ਅਤੇ ਕਾਂਗਰਸੀਆਂ ਦੀ ਉਤਰ ਕਾਟੋ ਮੈਂ ਚੜ੍ਹਾਂ ... ਦੀ ਲੂੰਬੜ ਚਾਲ ਨੂੰ ਪਲਟਾ ਦਿੰਦਿਆਂ ਦਿੱਲੀ ਵਿਚ ਜਨਮੀ ਆਮ ਆਦਮੀ ਪਾਰਟੀ (ਆਪ) ਨੂੰ ਲੋਕ ਪੱਖੀ ਰਾਜਨੀਤਕ ਬਦਲਾਅ ਸਮਝਦਿਆਂ, ਪੰਜਾਬੀਆਂ ਨੇ ਸਿਰ ਮੱਥੇ ਰੱਖਿਆ ਅਤੇ ਆਪ ਨੂੰ ਪੰਜਾਬ ਦੀ ਇਕ ਪ੍ਰਮੁੱਖ ਰਾਜਨੀਤਕ ਧਿਰ ਵਜੋਂ ਸਥਾਪਿਤ ਕਰ ਦਿਤਾ। ਭਾਵੇਂ ਕਿ ਆਪ ਸਰਕਾਰ ਨਹੀਂ ਬਣਾ ਸਕੀ ਜਿਸਦਾ ਸ਼ਾਇਦ ਇਕ ਕਾਰਨ ਅੰਦਰ ਖਾਤੇ ਕਾਂਗਰਸੀਆਂ ਅਤੇ ਅਕਾਲੀਆਂ ਦਾ ਆਪ ਦੇ ਵਿਰੁੱਧ ਇਕ ਹੋ ਜਾਣਾ ਵੀ ਸੀ ਅਤੇ ਦੂਜਾ ਕਾਰਨ ਆਪ ਦੇ ਦਿੱਲੀ ਬੈਠੇ ਆਕਾਵਾਂ ਦਾ ਸੂਬਾਈ ਲੀਡਰਸ਼ਿਪ ਉੱਤੇ ਨਾ-ਵਿਸਵਾਸ਼ੀ ਵੀ ਸੀ। ਇਸ ਸਥਿੱਤੀ ਵਿਚ 2017 ਵਿਚ ਕਾਂਗਰਸ ਦੀ ਸਰਕਾਰ ਬਣਦੀ ਹੈ ਜੋ ਲਗਭੱਗ ਚਾਰ ਸਾਲ ਤੋਂ ਉਪਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਚਲਦੀ ਹੈ। ਪਰ ਕਾਂਗਰਸ ਦੀ ਹਾਈ ਕਮਾਨ ਕਿਸੇ 'ਗੁੱਝੀ' ਰਾਜਨੀਤਕ ਸਮਝ ਤਹਿਤ ਕੈਪਟਨ ਨੂੰ ਬਦਲ ਚੰਨੀ ਨੂੰ ਮੁੱਖ ਮੰਤਰੀ ਥਾਪ ਦਿੰਦੀ ਹੈ। ਭਾਵ ਕਾਂਗਰਸ ਵਲੋਂ ਆਪ ਹੀ ਕੈਪਟਨ ਨੂੰ ਇਕ ਨਾਕਾਮ ਮੁੱਖ ਮੰਤਰੀ ਗਰਦਾਨਿਆ ਜਾਂਦਾ ਹੈ।2017 ਤੋਂ ਮਗਰੋਂ ਹੁਣ ਆਮ ਆਦਮੀ ਪਾਰਟੀ ਵੀ ਰਵਾਇਤੀ ਪਾਰਟੀਆਂ ਦੀ ਕਤਾਰ ਵਿਚ ਸ਼ਾਮਿਲ ਹੋ ਗਈ ਹੈ। ਖ਼ਾਸਕਰ, ਇਸ ਵਾਰ ਟਿਕਟ ਵੰਡ ਦੌਰਾਨ ਦੂਜੀਆਂ ਰਵਾਇਤੀ ਪਾਰਟੀਆਂ ਦੇ 'ਬਾਗੀ' ਨੇਤਾਵਾਂ ਨੂੰ ਆਪਣੇ ਕਲਾਵੇ ਵਿਚ ਲਿਆਉਣਾ। ਜ਼ਮੀਨੀ ਪੱਧਰ ਦੇ ਵਰਕਰਾਂ/ਲੀਡਰਾਂ ਨੂੰ ਭੁੱਲ, ਧਨਾਢਾਂ ਅਤੇ ਇਕ ਦਿਨ ਪਹਿਲਾਂ ਹੀ ਪਾਰਟੀ ਦਾ ਪੱਲਾ ਫੜ੍ਹਨ ਵਾਲਿਆਂ ਨੂੰ ਟਿਕਟਾਂ ਵੰਡਣ ਜਾਂ ਦੰਦ-ਕਥਾਵਾਂ ਮੁਤਾਬਿਕ ਵੇਚਣ ਕਾਰਨ। ਅਜਿਹੇ ਲੋਕ ਕੇਜਰੀਵਾਲ ਲਈ ਕਦੇ 'ਕਚਰਾ' ਹੋਇਆ ਕਰਦੇ ਸਨ।

ਇਸੇ ਪਿੱਠਭੂਮੀ ਵਿਚ ਪੰਜਾਬ ਦੇ ਕਿਸਾਨਾਂ ਵਲੋਂ ਮੁੱਢ ਬਝਦਾ ਹੈ ਕੇਂਦਰ ਵਲੋਂ ਲਿਆਂਦੇ ਗਏ ਤਿੰਨ ਮਾਰੂ ਖੇਤੀ ਕਾਨੂੰਨਾਂ ਵਿਰੁੱਧ ਇਕ ਲੋਕ-ਸੰਘਰਸ਼ ਦਾ। ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ, ਜੋ ਪੂਰੇ ਇਕ ਵਰ੍ਹੇ ਦਿੱਲੀ ਦੀਆਂ ਬਰੂਹਾਂ ਉੱਤੇ ਦੂਰ-ਅੰਦੇਸ਼ੀਆਂ ਅਤੇ ਪਹਿਲ-ਕਦਮੀਆਂ ਸਦਕਾ ਜੋਸ਼ ਅਤੇ ਹੋਸ਼ ਨਾਲ ਡਟੀਆ ਰਹੀਆਂ। ਇਹ ਜੱਥੇਬੰਦੀਆਂ ਹਿੰਦੋਸਤਾਨ ਹੀ ਨਹੀਂ, ਬਲਕਿ ਕੁੱਲ ਸੰਸਾਰ ਦੀ ਕਿਰਤੀ ਜਮਾਤ ਲਈ ਇਕ ਚਾਨਣ ਮੁਨਾਰਾ ਬਣਦੀਆਂ ਹਨ। ਹਰ ਤਬਕੇ ਦੇ ਸਹਿਯੋਗ ਸਕਦਾ ਇਹ ਕਿਸਾਨੀ ਸੰਘਰਸ਼ ਕੇਂਦਰ ਵਿਚ ਕਾਬਜ਼ ਭਾਜਪਾ ਸਰਕਾਰ ਦੀਆਂ ਗੋਡਨੀਆਂ ਲਵਾ ਦਿੰਦਾ ਹੈ। ਕੁਦਰਤੀ ਹੀ, ਇਹ ਲਾਮਿਸਾਲ ਮੁਕਾਮ ਵੱਖ-ਵੱਖ ਥਾਵਾਂ ਉਪਰ ਸੰਘਰਸ਼ਸ਼ੀਲ ਲੋਕਾਂ ਇਕ ਆਸ ਦੀ ਕਿਰਨ ਅਤੇ ਰਾਹ ਦਸੇਰਾ ਬਣਦਾ ਹੈ। ਕਿਉਂ ਜੋ 2022 ਦੀਆਂ ਚੋਣਾਂ ਸਾਹਮਣੇ ਸਨ, ਸਮੁੱਚੇ ਪੰਜਾਬੀ ਕਿਸਾਨ ਆਗੂਆਂ ਅਤੇ ਜੱਥੇਬੰਦੀਆਂ ਤੋਂ ਇਹ ਤਵੱਕੋ ਕੀਤੀ ਕਿ ਉਹ ਚੁਣਾਵੀ ਮੈਦਾਨ ਵਿਚ ਨਿਤਰਣ ਅਤੇ ਸੱਤਾ ਹਾਸਿਲ ਕਰਕੇ ਲੋਕਾਈ ਦੇ ਬੁਨਿਆਦੀ ਦੁੱਖਾਂ ਤਕਲੀਫ਼ਾਂ ਦਾ ਨਿਵਾਰਣ ਕਰਨ। ਇਸੇ ਲੋਕ-ਭਾਵਨਾ ਵਿਚੋਂ ਜਨਮਦਾ ਹੈ ਸੰਯੁਕਤ ਸਮਾਜ ਮੋਰਚਾ। ਪਰ ਇਹ ਮੋਰਚਾ, ਕਿਸਾਨ ਮੋਰਚੇ ਦੀਆਂ ਸਾਰੀਆਂ ਭਾਈਵਾਲ ਜੱਥੇਬੰਦੀਆਂ ਨਾਲ ਚੁਣਾਵੀ ਪਿੜ ਵਿਚ ਉਤਰਨ ਲਈ ਸਹਿਮਤੀ ਨਹੀਂ ਬਣਾ ਸਕਿਆ। ਸਗੋਂ ਸੰਯੁਕਤ ਕਿਸਾਨ ਮੋਰਚੇ ਦੀ ਲੀਡਰਸ਼ਿਪ ਵਲੋਂ ਚੋਣਾਂ ਵਿਚ ਹਿੱਸਾ ਲੈਣ ਵਾਲੀਆਂ ਕਿਸਾਨ ਜੱਥੇਬੰਦੀਆਂ ਨੂੰ ਮੁਅਤਲ ਕਰਨ ਤਕ ਦਾ ਗ਼ੈਰ-ਵਾਜਿਬ ਅਤੇ ਮੰਦਭਾਗਾ ਫ਼ੈਸਲਾ ਲਿਆ ਜਾਂਦਾ ਹੈ ਜੋ ਮੇਰੀ ਜਾਚੇ ਆਉਂਦੇ ਸਮੇਂ ਵਿਚ ਕਿਸਾਨੀ ਸੰਘਰਸ਼ ਦੌਰਾਨ ਉੱਭਰੀ ਅਤੇ ਉੱਸਰੀ ਕਿਸਾਨ-ਮਜ਼ਦੂਰ ਏਕਤਾ ਨੂੰ ਢਾਹ ਲਾ ਸਕਦਾ ਹੈ। ਇਸ ਪਾਟੋਧਾੜ ਦੀ ਸਥਿੱਤੀ ਵਿਚ ਸੰਯੁਕਤ ਸਮਾਜ ਮੋਰਚਾ ਐਲਾਨ ਕਰਦਾ ਹੈ ਸਾਰੀਆਂ 117 ਸੀਟਾਂ ਉਪਰ ਚੋਣ ਲੜਨ ਦਾ। ਹਰਿਆਣੇ ਦੇ ਕਿਸਾਨ ਨੇਤਾ ਚੜੂਨੀ ਦੀ ਜੱਥੇਬੰਦੀ ਅਤੇ ਪੰਜਾਬ ਦੀਆਂ ਕੁੱਝ ਕਮਿਊਨਿਸਟ ਪਾਰਟੀਆਂ ਵੀ ਸੰਯੁਕਤ ਸਮਾਜ ਮੋਰਚਾ ਦਾ ਹਿੱਸਾ ਬਣਦੀਆਂ ਹਨ।

ਆਪਣੀਆਂ ਗੈਰ-ਸਿਧਾਂਤਕ ਚੁਣਾਵੀ ਜੁਗਾੜਬਾਜੀਆਂ ਲਈ ਜਾਣੀ ਜਾਂਦੀ ਬੀ.ਜੇ.ਪੀ. ਵਲੋਂ, ਕਿਸਾਨੀ ਸੰਘਰਸ਼ ਦੇ ਦਬਾਅ ਅਧੀਨ ਤਿੰਨ ਕਾਲੇ ਕਾਨੂੰਨਾਂ ਨੂੰ 'ਵਾਪਿਸ' ਕਰ ਲੈਣ ਮਗਰੋਂ, ਕੈਪਟਨ ਅਮਰਿੰਦਰ ਸਿੰਘ ਦੀ 'ਪੰਜਾਬ ਲੋਕ ਕਾਂਗਰਸ' ਅਤੇ ਸੁਖਦੇਵ ਸਿੰਘ ਢੀਂਡਸਾ ਦੇ 'ਸੰਯੁਕਤ ਅਕਾਲੀ ਦਲ' ਨਾਲ ਹੱਥ ਮਿਲ-ਾਇਆ ਜਾਂਦਾ ਹੈ। ਜ਼ਮੀਨੀ ਪੱਧਰ ਉਪਰ ਪ੍ਰਭਾਵਸ਼ਾਲੀ ਜਨ-ਆਧਾਰ ਰੱਖਣ ਵਾਲੀਆਂ ਕਿਸਾਨ ਜੱਥੇਬੰਦੀਆਂ ਐਲਾਨੀਆਂ ਤੌਰ ਉਪਰ ਚੁਣਾਵੀ ਪਿੜ ਦਾ ਹਿਸਾ ਨਹੀਂ ਬਣਦੀਆਂ ਅਤੇ ਚੋਣਾਂ ਨੂੰ ਲੋਕ ਸੰਘਰਸ਼ ਦਾ ਹਿਸਾ ਹੀ ਨਹੀਂ ਮੰਨਦੀਆਂ ਪਰ ਨਾਲ ਹੀ ਜੱਥੇਬੰਦੀ ਨਾਲ ਜੁੜੇ ਜਨ-ਸਮੂਹ ਨੂੰ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਰਾਜਨੀਤਕ ਧਿਰ/ਪਾਰਟੀ ਨੂੰ ਵੋਟਾਂ ਪਾਉਣ ਦੀ ਖੁਲ੍ਹ ਵੀ ਦਿੰਦੀ ਹੈ। ਇਹ ਪਹੁੰਚ ਮੇਰੀ ਸਮਝ ਤੋਂ ਪਰੇ ਹੈ। ਜੇ ਸੰਘਰਸ਼ਸ਼ੀਲ ਜੱਥੇਬੰਦੀਆਂ/ਧਿਰਾਂ ਦੀਆਂ ਸਾਰੀਆਂ ਹੀ ਮੰਗਾਂ ਸਰਕਾਰਾਂ ਵੱਲ ਸੇਧਿਤ ਹਨ ਤਾਂ ਸੱਤਾ ਹਾਸਲ ਕਰ, ਇਹ ਕਾਰਜ ਆਪ ਕਰ ਲੈਣ ਵਿਚ ਕੀ ਸੰਕੋਚ ਹੈ?

ਇਸ ਸਮੂਚੇ ਮਾਹੌਲ ਵਿਚ ਚਿਹਰਿਆਂ ਦੀ ਰਾਜਨੀਤੀ ਵੀ ਸਰਗਰਮ ਹੈ ਅਤੇ ਬੇਅਸੂਲੀਆਂ ਦਲ-ਬਦਲੀਆਂ ਦਾ ਦੌਰ ਵੀ। ਵੱਖ-ਵੱਖ ਪਾਰਟੀਆਂ ਵਲੋਂ ਆਪੋ-ਆਪਣੇ ਮੁੱਖ ਮੰਤਰੀ ਦੇ ਚਿਹਰੇ ਐਲਾਨੇ ਜਾ ਰਹੇ ਹਨ। ਪਰ ਕੀ ਨਿਜ਼ਾਮ ਦੀ ਸਿਫ਼ਤੀ ਤਬਦੀਲੀ ਤੋਂ ਬਿਨਾਂ ਕੇਵਲ ਚਿਹਰਿਆਂ ਦਾ ਕੋਈ ਮਹੱਤਵ ਹੈ? ਯਕੀਨਣ, ਨਹੀਂ।

ਪੰਜਾਬ ਦੇ ਰਾਜਸੀ ਪਿੜ ਵਿਚ ਇਸ ਵੇਲੇ ਜੇ ਕੋਈ ਘੱਟੋ-ਘੱਟ ਸਿਧਾਂਤਿਕ ਧਿਰ ਉਭਰਦੀ ਨਜ਼ਰ ਆਉਂਦੀ ਹੈ ਤਾਂ ਉਹ ਮੇਰੀ ਜਾਚੇ ਸੰਯੁਕਤ ਸਮਾਜ ਮੋਰਚਾ ਹੀ ਹੈ। ਸ਼ਾਇਦ ਇਸ ਲਈ ਵੀ ਕਿ ਸੰਯੁਕਤ ਸਮਾਜ ਮੋਰਚੇ ਦਾ ਰਾਜਨੀਤਕ ਸਫ਼ਰ ਹਾਲੇ ਸ਼ੁਰੂ ਹੀ ਹੋਇਆ ਹੈ। ਪਰ ਕਿਥੇ ਹੈ ਉਹ ਜਨ-ਉਤਸ਼ਾਹ ਇਸ ਮੋਰਚੇ ਦੇ ਹੱਕ ਵਿਚ, ਜੋ ਕਿਸਾਨੀ ਸੰਘਰਸ਼ ਦੌਰਾਨ ਹਰ ਚੌਂਕ, ਹਰ ਸ਼ਹਿਰ, ਹਰ ਪਿੰਡ, ਹਰ ਗੱਡੀ, ਹਰ ਘਰ ਸਾਨੂੰ ਨਜ਼ਰ ਆਉਂਦਾ ਸੀ? ਕਿਥੇ ਹੈ ਉਹ ਜਨ-ਹਮਾਇਤ, ਜੋ ਕਿਸਾਨ ਜੱਥੇਬੰਦੀਆਂ ਨੂੰ ਚੁਣਾਵੀ ਪਿੜ ਵਿਚ ਨਿਤਾਰਣ ਲਈ ਉਤਾਵਲੀ ਸੀ? ਇਸ ਵਾਰ ਇਸ ਬਹੁ-ਕੋਣੀ ਚੁਣਾਵੀ ਪਿੜ ਵਿਚ ਕੀ ਸੰਯੁਕਤ ਸਮਾਜ ਮੋਰਚਾ ਇਕ ਸਿਆਸੀ ਧਿਰ ਵਜੋਂ ਉਭਰ ਸਕੇਗਾ ਜਾਂ ਫੇਰ ਪੰਜਾਬ ਇਕ ਅਨਿਸ਼ਚਿਤਤਾ ਵਾਲੇ ਸਿਆਸੀ ਭਵਿੱਖ ਵਲ ਵਧੇਗਾ? ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ।

ਪਰ ਜੇ ਲੋਕ-ਪੱਖੀ ਰਾਜਨੀਤਕ ਧਿਰਾਂ ਅਤੇ ਲੋਕ-ਸੰਘਰਸ਼ਾਂ ਨੂੰ ਪ੍ਰਣਾਈਆਂ ਹੋਈਆਂ ਜੱਥੇਬੰਦੀਆਂ ਸਿਆਸੀ ਪਿੜ ਵਿਚ ਇਕਜੁੱਟਤਾ ਅਤੇ ਇਕਮੁੱਠਤਾ ਨਾਲ ਨਿਤਰਣ ਤਾਂ ਯਕੀਨਣ ਪੰਜਾਬ ਅਤੇ ਹਿੰਦੋਸਤਾਨ ਦੇ ਰਾਜਸੀ ਦ੍ਰਿਸ਼ ਵਿਚ ਲੋਕ-ਪੱਖੀ ਅਤੇ ਸਿਫ਼ਤੀ ਤਬਦੀਲੀ ਆ ਸਕਦੀ ਹੈ।

*-ਰੰਜੀਵਨ ਸਿੰਘ, ਐਡਵੋਕੇਟ*
*ਪੰਜਾਬ ਅਤੇ ਹਰਿਆਣਾ ਹਾਈ ਕੋਰਟ*
*2249, ਫੇਜ਼-10, ਮੁਹਾਲੀ (ਪੰਜਾਬ)*
*ਮੁਬਾ: 98150-68816*

# ਬਾਲ ਮਨਾਂ ਦੀ ਘਾੜਤ

ਛੋਟੇ ਬੱਚਿਆਂ ਦਾ ਹਿਰਦਾ ਬਹੁਤ ਕੋਮਲ ਹੁੰਦਾ ਹੈ। ਨੰਨ੍ਹੇ ਮੁੰਨੇ ਬੱਚਿਆਂ ਦੇ ਮਨ ਫੁੱਲਾਂ ਵਾਂਗ ਕੋਮਲ ਤੇ ਪਿਆਰੇ ਹੁੰਦੇ ਹਨ। ਬਾਲ ਅਵਸਥਾ ਇੱਕ ਅਜਿਹੀ ਅਵਸਥਾ ਹੈ ਜਿਸ ਵਿੱਚ ਬੱਚੇ ਦੀ ਮਾਨਸਿਕਤਾ ਹਾਲੇ ਪੂਰੀ ਤਰ੍ਹਾਂ ਮਜ਼ਬੂਤ ਨਹੀਂ ਹੋਈ ਹੁੰਦੀ, ਉਸਦੀ ਚੇਤਨਤਾ ਹਾਲੇ ਬਣ ਰਹੀ ਹੁੰਦੀ ਹੈ ਅਤੇ ਫਿਰ ਉਸਦਾ ਵਿਕਾਸ ਹੋਵੇਗਾ। ਬੱਚਿਆਂ ਵਿੱਚ ਕਿਸੇ ਵੀ ਆਦਤ ਨੂੰ ਗ੍ਰਿਹਣ ਕਰਨ ਦੀ ਸ਼ਮਤਾ ਵਿਕਸਿਤ ਮਨੁੱਖ ਦੇ ਮੁਕਾਬਲੇ ਜਿਆਦਾ ਹੁੰਦੀ ਹੈ। ਉਸਦੀ ਚੀਜ਼ਾਂ ਨੂੰ ਵਰਤਣ ਪ੍ਰਤੀ ਖਿੱਚ, ਜਿਸ ਕੰਮ ਤੋਂ ਰੋਕਿਆ ਜਾਣਾ.... ਉਸੇ ਕੰਮ ਨੂੰ ਕਰਨ ਪ੍ਰਤੀ ਉਤਸੁਕਤਾ ਕਈ ਗੁਣਾ ਤੀਬਰ ਹੁੰਦੀ ਹੈ।

ਮਾਪਿਆਂ ਲਈ ਉਹਨਾਂ ਦੇ ਬੱਚਿਆਂ ਦਾ ਬਚਪਨ ਸਭ ਤੋਂ ਵੱਡੀ ਜਿੰਮੇਵਾਰੀ ਹੁੰਦੀ ਹੈ। ਇਸ ਵਿੱਚ ਘਰ ਦਾ ਮਾਹੌਲ, ਪਰਿਵਾਰ ਦੇ ਜੀਆਂ ਦਾ ਵਿਵਹਾਰ, ਮਾਪਿਆਂ ਦੀਆਂ ਰੁਚੀਆਂ, ਮਾਪਿਆਂ ਦੀਆਂ ਕ੍ਰਿਆਵਾਂ ਬਹੁਤ ਅਹਿਮ ਹੁੰਦੀਆਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਇਸ ਅਵਸਥਾ ਵਿੱਚ ਬੱਚੇ ਗੱਲਾਂ ਦੇ ਅਰਥ ਭਾਵੇਂ ਘੱਟ ਸਮਝਦੇ ਹਨ ਪਰ ਉਹਨਾਂ ਨੂੰ ਸਿੱਖਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ। ਕਿਸੇ ਵੀ ਵਿਅਕਤੀ ਦੀ ਸ਼ਖਸੀਅਤ ਦੀ ਉਸਾਰੀ ਵਿੱਚ ਬਚਪਨ ਦੀਆਂ ਆਦਤਾਂ ਬਹੁਤ ਵੱਡੀ ਭੂਮਿਕਾ ਨਿਭਾਉਂਦੀਆਂ ਹਨ। ਇਸ ਅਵਸਥਾ ਵਿੱਚ ਪਰਿਵਾਰ ਦੇ ਜੀਆਂ ਨੂੰ ਬਹੁਤ ਸਾਰੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਜਿਵੇਂ ਕਿ ਬੱਚਿਆਂ ਸਾਹਮਣੇ ਕਦੇ ਵੀ ਲੜਾਈ ਝਗੜਾ ਨਾ ਕਰਨਾ, ਗਲਤ ਸ਼ਬਦਾਵਲੀ ਦੀ ਵਰਤੋਂ ਨਾ ਕਰਨਾ, ਬੱਚਿਆਂ ਨੂੰ ਗੁਰਬਾਣੀ ਸਰਵਣ ਕਰਾਉਣੀ। ਘਰ ਪਰਿਵਾਰ ਵਿੱਚ ਸੁਚੱਜੇ ਤਰੀਕੇ ਨਾਲ ਵਿਚਰਿਆ ਜਾਵੇ, ਹਰ ਕੰਮ ਯੋਜਨਾਬੱਧ ਤਰੀਕੇ ਨਾਲ ਕੀਤਾ ਜਾਵੇ ਤਾਂ ਜੋ ਬੱਚੇ ਦੇ ਮਨ ਦਾ ਵਿਕਾਸ ਉਸੇ ਤਰ੍ਹਾਂ ਕੀਤਾ ਜਾ ਸਕੇ। ਮੈਂ ਅਜਿਹੇ ਬਹੁਤ ਸਾਰੇ ਮਾਪੇ ਦੇਖੇ ਹਨ ਜੋ ਬਿਨਾ ਕੁਝ ਸੋਚੇ ਸਮਝੇ ਬੱਚਿਆਂ ਦੇ ਸਾਹਮਣੇ ਬਹਿਸਦੇ ਰਹਿੰਦੇ ਹਨ ਫਿਰ ਜਦੋਂ ਬੱਚੇ ਦੀ ਕੋਈ ਮੰਗ ਜਾਂ ਜਰੂਰਤ ਪੂਰੀ ਨਹੀਂ ਕੀਤੀ ਜਾਂਦੀ ਤਾਂ ਬੱਚੇ ਦੇ ਦਿਮਾਗ ਵੱਲੋਂ ਹੂਬਹੂ ਉਸੇ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਹੈ ਜਿਵੇਂ ਉਸਨੇ ਆਪਣੇ ਪਰਿਵਾਰ ਦੇ ਜੀਆਂ ਦਾ ਦੇਖਿਆ ਹੁੰਦਾ ਹੈ। ਕਈ ਘਰਾਂ ਵਿੱਚ ਗਾਲ੍ਹਾਂ ਕੱਢਣ ਦਾ ਰਿਵਾਜ਼ ਹੁੰਦਾ ਹੈ, ਜਿਸ ਦਾ ਬੱਚੇ ਦੀ ਸ਼ਖਸੀਅਤ ਉੱਪਰ ਬਹੁਤ ਨਕਾਰਾਤਮਕ ਪ੍ਰਭਾਵ ਪੈਂਦਾ ਹੈ।

ਬਾਲ ਅਵਸਥਾ ਵਿੱਚ ਬੱਚਾ ਬਹੁਤ ਗੰਭੀਰਤਾ ਨਾਲ ਆਪਣੇ ਆਲੇ ਦੁਆਲੇ ਹੋਣ ਵਾਲੀਆਂ ਕ੍ਰਿਆਵਾਂ ਨੂੰ ਗ੍ਰਹਿਣ ਕਰਦਾ ਹੈ। ਕਈ ਵਾਰ ਬੱਚਿਆਂ ਨੂੰ ਸਹੀ ਅਗਵਾਈ ਅਤੇ ਧਿਆਨ ਨਾ ਮਿਲਣ ਕਾਰਣ ਬੱਚੇ ਅਣਆਗਿਆਕਾਰੀ ਹੋ ਜਾਂਦੇ ਹਨ। ਅਜਿਹੇ ਵਿੱਚ ਮਾਪਿਆਂ ਨੂੰ ਬੱਚਿਆਂ ਨਾਲ ਸਿੱਝਣ ਲਈ ਸੂਹਜਤਾ ਦੀ ਵਰਤੋਂ ਕਰਨੀ ਚਾਹੀਦੀ ਹੈ, ਕਦੇ ਵੀ ਬੱਚਿਆਂ ਨੂੰ ਜਰੂਰਤ ਤੋਂ ਵੱਧ ਡਾਂਟਣਾ ਨਹੀ ਚਾਹੀਦਾ, ਅਜਿਹਾ ਕਰਨ ਨਾਲ ਕਈ ਕਮਜ਼ੋਰ ਦਿਲ ਬੱਚੇ ਮਾਪਿਆਂ ਦਾ ਅਜਿਹਾ ਭੈਅ ਦਿਲ ਵਿੱਚ ਬਿਠਾ ਲੈਂਦੇ



ਹਰਕੀਰਤ ਕੌਰ
9779118066

ਹਨ ਕਿ ਉਹ ਉਮਰ ਭਰ ਆਪਣੇ ਮਾਪਿਆਂ ਨਾਲ ਖੁਲ੍ਹ ਨਹੀਂ ਪਾਉਂਦੇ ਅਤੇ ਹਮੇਸ਼ਾ ਉਹਨਾਂ ਤੋਂ ਝਿਜਕਦੇ ਰਹਿੰਦੇ ਹਨ।

ਮਾਪਿਆਂ ਨੂੰ ਬੱਚਿਆਂ ਦੇ ਸਾਹਮਣੇ ਗੁਰਬਾਣੀ, ਕਿਤਾਬਾਂ ਜਰੂਰ ਪੜ੍ਹਨੀਆਂ ਚਾਹੀਦੀ ਹੈ ਤਾਂ ਜੋ ਬੱਚਿਆਂ ਦੀ ਮਾਨਸਿਕਤਾ ਇਸ ਤਰ੍ਹਾਂ ਵਿਕਸਿਤ ਹੋਵੇ ਕਿ ਉਹਨਾਂ ਨੂੰ ਕਿਤਾਬਾਂ ਪੜ੍ਹਨਾ ਜਰੂਰੀ ਲੱਗਣ ਲੱਗੇ । ਮਾਪੇ ਬੱਚਿਆਂ ਦੇ ਸਾਮ੍ਹਣੇ ਘੱਟ ਤੋਂ ਘੱਟ ਮੋਬਾਇਲ ਦੀ ਵਰਤੋਂ ਕਰਨ। ਉਹਨਾਂ ਦਾ ਮਨ ਗੁਰਬਾਣੀ, ਕਿਤਾਬਾਂ ਤੇ ਕੁਦਰਤ ਵਿੱਚ ਲਗਾ ਕੇ ਰੱਖੋ ।

ਇਹਨਾਂ ਕੁਝ ਤਰੀਕਿਆਂ ਨਾਲ ਅਸੀਂ ਬਾਲ ਮਨਾਂ ਦੀ ਇੱਕ ਸੁਚੱਜੀ ਘਾੜਤ ਘੜ ਸਕਦੇ ਹਾਂ । ਇੱਕ ਬੱਚੇ ਦਾ ਵਿਵਹਾਰ ਵੱਡੇ ਹੋਕੇ ਕਿਵੇਂ ਦਾ ਹੋਵੇਗਾ ਇਸ ਵਿੱਚ ਉਸ ਦਾ ਬਚਪਨ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਦੇ ਮੈਂਬਰਾਂ ਦਾ ਵਿਵਹਾਰ ਬੱਚਿਆਂ ਦੇ ਮਨ ਦੀ ਘਾੜਤ ਵਿੱਚ ਮੂਹਰਲੇ ਵਿੱਚ ਆਉਦਾ ਹੈ ਕਿਉਂਕਿ ਬੱਚੇ ਅਸੀਂ ਕੀ ਕਹਿੰਦੇ ਹਾਂ ਨਾਲੋਂ ਅਸੀਂ ਕੀ ਕਰਦੇ ਹਾਂ ਬਾਰੇ ਵਧੇਰੇ ਜਾਨਣਾ ਚਾਹੁੰਦੇ ਹਨ। ਬੱਚਿਆਂ ਨੂੰ ਉਹਨੇ ਦੇ ਮਨ ਦੀ ਸੁਚੱਜੀ ਘਾੜਤ ਲਈ ਮਾਪਿਆਂ ਦੇ ਸਮਰਥਨ ਦੀ ਭਰਪੂਰ ਜਰੂਰਤ ਹੁੰਦੀ ਹੈ।

# ਹਾਦਸੇ ਵਿੱਚ ਮਾਰੇ ਗਏ ਅਦਾਕਾਰ ਦੀਪ ਸਿੱਧੂ ਨੂੰ ਅੰਤਿਮ ਵਿਦਾਈ



ਲੁਧਿਆਣਾ, 17 ਫਰਵਰੀ (ਪੋਸਟ ਬਿਊਰੋ)- ਕਿਸਾਨੀ ਅੰਦੋਲਨ ਨਾਲ ਜੁੜੇ ਪੰਜਾਬੀ ਅਦਾਕਾਰ ਦੀਪ ਸਿੱਧੂ ਦੀ ਬੀਤੇ ਮੰਗਲਵਾਰ ਰਾਤ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਕੱਲ੍ਹ ਲੁਧਿਆਣੇ ਦੇ ਪਿੰਡ ਥਰੀਕੇ ਵਿੱਚ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਇਸ ਮੌਕੇ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਇਮਾਨ ਸਿੰਘ ਮਾਨ, ਲੱਖਾ ਸਿਧਾਣਾ ਤੇਕਿਸਾਨ ਅੰਦੋਲਨ ਦੌਰਾਨ ਪਾਣੀ ਦੀਆਂ ਤੋਪਾਂ ਦਾ ਮੂੰਹ ਮੋੜਨ ਵਾਲੇ ਨਵਦੀਪ ਸਿੰਘ ਸਮੇਤ ਕਿਸਾਨ ਅੰਦੋਲਨ ਨਾਲ ਜੁੜੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਸਕਾਰ ਮੌਕੇ ਪ੍ਰਸ਼ੰਸਕਾਂ ਨੇ ਦੀਪ ਦੀ ਤਸਵੀਰ ਵਾਲੇ ਪੋਸਟਰ ਹੱਥਾਂ ਵਿੱਚ ਫੜੇ ਹੋਏ ਸਨ ਤੇ ਦੀਪ ਸਿੱਧੂ ਜ਼ਿੰਦਾਬਾਦ, ਦੀਪ ਬਾਈ ਜ਼ਿੰਦਾਬਾਦ ਅਤੇ ਦੀਪ ਬਾਈ ਅਮਰ ਰਹੇ ਦੇ ਨਾਅਰੇ ਲਾ ਰਹੇ ਸਨ।ਪਿੰਡ ਵਾਸੀਆਂ ਵਿੱਚ ਚਰਚਾ ਸੀ ਕਿ ਦੀਪ ਸਿੱਧੂ ਦੀ ਮੌਤ ਹਾਦਸਾ ਨਹੀਂ ਲੱਗਦੀ, ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਹੋ ਸਕੇ।

ਪੰਚਾਇਤ ਮੈਂਬਰ ਤੇ ਗੁਰਦੁਆਰਾ ਅਤਰ ਸਾਹਿਬ ਦੇ ਪ੍ਰਧਾਨ ਰਘਬੀਰ ਸਿੰਘ ਨੇ ਦੱਸਿਆ ਕਿ ਬੇਸ਼ੱਕ ਦੀਪ ਸਿੱਧੂ ਦਾ ਜੱਦੀ ਪਿੰਡ ਮੁਕਤਸਰ ਵੱਲ ਹੈ, ਪਰ ਉਹ ਲੰਬੇ ਸਮੇਂ ਤੋਂ ਥਰੀਕੇ ਵਿਖੇ ਰਹਿ ਰਹੇ ਸਨ। ਜਥੇਦਾਰ ਰਘਬੀਰ ਸਿੰਘ ਨੇ ਕਿਹਾ ਕਿ ਪਿੰਡ ਵਾਸੀ ਇੱਕ ਅਦਾਕਾਰ ਦੇ ਨਾਲ ਇਮਾਨਦਾਰ ਸ਼ਖਸੀਅਤ ਤੋਂ ਵਾਂਝੇ ਹੋ ਗਏ ਹਨ। ਇਸ ਮੌਕੇ ਲਗਪਗ ਹਰ ਪਾਰਟੀ ਦੇ ਆਗੂ ਤੇ ਅੰਦੋਲਨ ਨਾਲ ਜੁੜੇ ਲੋਕ ਅਤੇ ਦਮਦਮੀ ਟਕਸਾਲ ਦੇ ਆਗੂ ਵੀ ਹਾਜ਼ਰ ਸਨ।

# ਦੇਸ਼ ਦੀ ਵੰਡ ਸਮੇਂ ਮੋਦੀ ਪ੍ਰਧਾਨ ਮੰਤਰੀ ਹੁੰਦੇ ਤਾਂ ਨਨਕਾਣਾ ਸਾਹਿਬ ਵੀ ਭਾਰਤ ਵਿੱਚ ਹੁੰਦਾ: ਅਮਿਤ ਸ਼ਾਹ

ਫਿਰੋਜ਼ਪੁਰ, 17 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੱਲ੍ਹ ਸਰਹੱਦੀ ਸ਼ਹਿਰ ਫਿਰੋਜ਼ਪੁਰ ਵਿੱਚ ਰੈਲੀ ਵਿੱਚ ਬੋਲਦੇ ਵਕਤ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੇ ਉਮੀਦਵਾਰਾਂ ਨੂੰ ਜਿਤਾਉਣ, ਕੇਂਦਰ ਸਰਕਾਰ ਪੂਰੇ ਪੰਜਾਬ ਸਣੇ ਇਸ ਇਲਾਕੇ ਦੀ ਨੁਹਾਰ ਬਦਲ ਦੇਵੇਗੀ।



ਅਮਿਤ ਸ਼ਾਹ ਨੇ ਕਿਹਾ ਕਿ ਉਹ ਚੋਣਾਂ ਲਈ ਦੂਜੀ ਵਾਰ ਪੰਜਾਬ ਆਏ ਹਨ ਤੇ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਕਿ ਉਹ ਮਹਾਨ ਸ਼ਹੀਦਾਂ ਅਤੇ ਫੌਜੀ ਬਲਿਦਾਨੀਆਂ ਦੀ ਧਰਤੀ ਉੱਤੇਆਏ ਹਨ। ਉਨ੍ਹਾ ਕਿਹਾ ਕਿ ਕੇਂਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣੀ ਤਾਂ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਉਤਸਵ ਉਨ੍ਹਾਂ ਦੇ ਜਨਮ ਅਸਥਾਨ ਪਟਨਾ ਵਿਖੇ ਮਨਾਇਆ ਗਿਆ। ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ’ਤੇ 130 ਕਰੋੜ ਰੁਪਏ ਖਰਚ ਕੇ ਕੁਝ ਮਹੀਨਿਆਂ ਵਿੱਚ ਇਸ ਨੂੰ ਤਿਆਰ ਕਰਵਾ ਕੇ ਸੰਗਤ ਦੇ ਦਰਸ਼ਨਾਂ ਲਈ ਖੁੱਲਵਾਇਆ। ਅਮਿਤ ਸ਼ਾਹ ਨੇ ਦਾਅਵਾ ਕੀਤਾ ਕਿ ਦੇਸ਼ ਦੀ ਵੰਡ ਸਮੇਂ ਜੇ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਹੁੰਦੇ ਤਾਂ ਸ੍ਰੀ ਕਰਤਾਰਪੁਰ ਸਾਹਿਬ ਦੇ ਨਾਲ-ਨਾਲ ਸ੍ਰੀ ਨਨਕਾਣਾ ਸਾਹਿਬ ਵੀ ਹਿੰਦੁਸਤਾਨ ਵਿੱਚ ਹੀ ਹੁੰਦਾ।

ਇਸ ਮੌਕੇ ਰਾਣਾ ਗੁਰਮੀਤ ਸਿੰਘ ਸੋਢੀ ਨੇ ਅਮਿਤ ਸ਼ਾਹ ਕੋਲ ਅੰਤਰਰਾਸ਼ਟਰੀ ਹੁਸੈਨੀਵਾਲਾ ਬਾਰਡਰ ਨੂੰ ਵਪਾਰ ਲਈ ਖੁੱਲਵਾਉਣ, ਫਿਰੋਜ਼ਪੁਰ ਸਿਟੀ ਨੂੰ ਮਾਡਲ ਸਿਟੀ ਬਣਾਉਣ, ਮੱਲਾਂਵਾਲਾ-ਪੱਟੀ ਰੇਲ ਲਿੰਕ ਦੀ ਛੇਤੀ ਉਸਾਰੀ ਤੇ ਕੈਂਟ ਦੇ ਸਿਵਲ ਏਰੀਏ ਵਿੱਚ ਫੌਜ ਦਾ ਦਖਲਬੰਦ ਕਰਵਾਉਣ ਦੀਆਂ ਮੰਗਾਂ ਰੱਖੀਆਂ। ਇਸ ਉੱਤੇ ਅਮਿਤ ਸ਼ਾਹ ਨੇ ਕਿਹਾ ਕਿ ਰਾਣਾ ਸੋਢੀ ਨੇਜੋ ਮੰਗਾਂ ਰੱਖੀਆਂ ਹਨ, ਉਨ੍ਹਾਂ ਨੂੰ ਪੂਰਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਵਿਸਾਖੀ ਤੋਂ ਪਹਿਲਾਂ ਪੀ ਜੀ ਆਈ ਸੈਟੇਲਾਈਟ ਸੈਂਟਰ ਦਾ ਨੀਂਹ ਪੱਥਰ ਰੱਖਿਆ ਜਾਵੇਗਾ।

# ਸੁਰਜੇਵਾਲਾ ਨੇ ਭਾਜਪਾ ਤੇ ਆਪ ਪਾਰਟੀ ਦੀ ਅੰਦਰਖਾਤੇ ਮਿਲੀਭੁਗਤ ਦੇ ਦੋਸ਼ ਲਾਏ

ਚੰਡੀਗੜ੍ਹ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਚੋਣ ਮੁਹਿੰਮ ਲਈ ਕੱਲ੍ਹ ਇੱਥੇ ਕਾਂਗਰਸ ਭਵਨ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਲ ਇੰਡੀਆ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੁਰਜੇਵਾਲਾ ਤੇ ਪੰਜਾਬ ਦੇ ਇੰਚਾਰਜ ਹਰੀਸ਼ ਚੌਧਰੀ ਨੇ ਆਮ ਆਦਮੀ ਪਾਰਟੀ ਤੇ ਇਸ ਦੇ ਮੁਖੀ ਅਰਵਿੰਦ ਕੇਜਰੀਵਾਲ ਉੱਤੇ ਤਿੱਖੇ ਹਮਲੇ ਕੀਤੇ ਅਤੇ ਕਈ ਸਵਾਲ ਚੁੱਕੇ ਹਨ। ਸੁਰਜੇਵਾਲਾ ਨੇ ਆਮ ਆਦਮੀ ਪਾਰਟੀ ਤੇ ਭਾਜਪਾ ਦੀ ਅੰਦਰਖਾਤੇ ਮਿਲੀਭੁਗਤ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਜਰੀਵਾਲ ਆਪਸ ਵਿੱਚ ਭਰਾ-ਭਰਾ ਸਨ ਅਤੇ ਇਨ੍ਹਾਂ ਵਿੱਚ ਸਮਝੌਤਾ ਇਸ ਵਾਰ ਜ਼ਮੀਨ ਉੱਤੇ ਵੀ ਦਿੱਸਣ ਲੱਗਾ ਹੈ।

ਇਸ ਮੌਕੇ ਸੁਰਜੇਵਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਦੇ ਅਰਵਿੰਦ ਕੇਜਰੀਵਾਲ ਵਿਰੁੱਧ ਕੁਝ ਨਹੀਂ ਬੋਲਦੇ ਤੇ ਸਿਰਫ਼ ਕਾਂਗਰਸ ਨੂੰ ਨਿਸ਼ਾਨਾ ਬਣਾਉਂਦੇ ਹਨ। ਦੂਜੇ ਪਾਸੇ ਕੇਜਰੀਵਾਲ ਵੀ ਮੋਦੀ ਵਿਰੁੱਧ ਨਹੀਂ ਬੋਲਦੇ ਤੇ ਉਲਟਾ ਪੰਜਾਬ ਵਿਰੁੱਧ ਰੁਖ਼ ਅਪਣਾ ਕੇ ਕੇਂਦਰ ਦੀ ਹਾਂ ਵਿੱਚ ਹਾਂ ਮਿਲਾਉਂਦੇ ਤੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਉੱਤੇ ਚਿੰਤਾ ਪ੍ਰਗਟ ਕਰਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਵਿੱਚੋਂ ਇੱਕ ਕਾਨੂੰਨ ਵੀ ਸਭ ਤੋਂ ਪਹਿਲਾਂ ਕੇਜਰੀਵਾਲ ਨੇ ਨੋਟੀਫ਼ਾਈ ਕੀਤਾ ਸੀ। ਉਨ੍ਹਾਂ ਕਿਹਾ ਕਿ ਸੀ ਬੀ ਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੀ ਚੋਣਾਂ ਸਮੇਂ ਕਾਰਵਾਈ ਵਿਰੁੱਧ ਵੀ ਉਹ ਨਹੀਂ ਬੋਲਦੇ। ਸੁਰਜੇਵਾਲਾ ਨੇ ਕਿਹਾ ਕਿ ਅੰਦਰਖਾਤੇ ਦੇ ਸਮਝੌਤੇ ਤਹਿਤ ਭਾਜਪਾ ਅਤੇ ਆਮ ਆਦਮੀ ਪਾਰਟੀ ਦਾ ਮੁੱਖ ਮਕਸਦ ਕਾਂਗਰਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਸੱਤਾ ਵਿੱਚੋਂ ਬਾਹਰ ਰੱਖਣ ਦਾ ਹੈ। ਸੁਰਜੇਵਾਲਾ ਨੇ ਦੀ ਫ਼ੰਡਿੰਗ ਉਪਰ ਵੀ ਗੰਭੀਰ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਸ ਦੱਸਣ ਕਿ ਇੰਨਾ ਫ਼ੰਡ ਕਿੱਥੋਂ ਆ ਰਿਹਾ ਹੈ? ਇਹ ਸਵਾਲ ਕਾਂਗਰਸ ਨੇਤਾ ਸੁਖਪਾਲ ਖਹਿਰਾ ਉਠਾ ਚੁੱਕੇ ਹਨ। ਹਰੀਸ਼ ਚੌਧਰੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੇ ਚਿਹਰੇ ਉੱਤੇ ਧੁੰਦਲਾਪਣ ਹੈ। ਲੋਕਾਂ ਨੂੰ ਵੰਡ ਕੇ ਅਤੇ ਸੁਰੱਖਿਆ ਖ਼ਤਰੇ ਦਾ ਡਰ ਦਿਖਾ ਕੇ ਉਹ ਆਪਣੀ ਰਾਜਨੀਤਕ ਤਾਕਤ ਵਧਾਉਣਾ ਚਾਹੁੰਦੇ ਹਨ।

# ਸੌਦਾ ਸਾਧ ਦੀ ਫਰਲੋ ਨੂੰ ਹਾਈ ਕੋਰਟ ਵਿੱਚ ਚੁਣੌਤੀ

ਚੰਡੀਗੜ੍ਹ, 17 ਫਰਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਹਰਿਆਣਾ ਸਰਕਾਰ ਵੱਲੋਂ ਜੇਲ੍ਹ ਤੋਂ ਕੱਢਣ ਲਈ 21 ਦਿਨਾਂ ਦੀ ਫਰਲੋ ਦੇਣ ਨੂੰ ਪੰਜਾਬ ਦੇ ਹਲਕਾ ਸਮਾਣਾ ਤੋਂ ਅਕਾਲੀ ਦਲ ਸਵਤੰਤਰ ਦੇ ਪ੍ਰਧਾਨ ਪਰਮਜੀਤ ਸਿੰਘ ਸਹੋਲੀ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਪਰਮਜੀਤ ਸਿੰਘ ਸਹੋਲੀ ਨੇ ਦੋਸ਼ ਲਾਇਆ ਕਿ ਮੌੜ ਬੰਬ ਕਾਂਡ ਤੇ ਬੇਅਦਬੀਆਂ ਦੇ ਕੇਸਾਂ ਵਿੱਚ ਡੇਰਾ ਮੁੱਖੀ ਉੱਤੇ ਦੋਸ਼ ਲੱਗ ਚੁੱਕੇ ਹਨ ਅਤੇ ਚੋਣਾਂ ਮੌਕੇ ਉਨ੍ਹਾਂ ਨੂੰ ਫਰਲੋ ਉੱਤੇ ਬਾਹਰ ਲਿਆਏ ਜਾਣ ਕਾਰਨ ਸੂਬੇ ਦੇ ਹਾਲਾਤ ਖ਼ਰਾਬ ਹੋ ਸਕਦੇ ਹਨ ਅਤੇ ਇਸ ਫ਼ੈਸਲੇ ਦਾ ਚੋਣਾਂ ਉੱਤੇ ਅਸਰ ਪੈ ਸਕਦਾ ਹੈ। ਪਟੀਸ਼ਨ ਵਿੱਚ ਹਰਿਆਣਾ ਦੇ ਜੇਲ੍ਹ ਨਿਯਮਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਅਨੁਸਾਰ ਅਜਿਹੀ ਫਰਲੋ ਸੰਭਵ ਨਹੀਂ ਦੱਸੀ ਗਈ ਹੈ। ਹਾਈ ਕੋਰਟ ਵੱਲੋਂ ਇਸ ਪਟੀਸ਼ਨ ਉੱਤੇਅਗਲੇ ਦਿਨਾਂ ਵਿੱਚ ਸੁਣਵਾਈ ਕੀਤੀ ਜਾਵੇਗੀ।

# ਬਾਦਲ ਅਕਾਲੀ ਦਲ ਵੱਲੋਂ ਚੋਣ ਮੈਨੀਫੈਸਟੋ ਵਿੱਚ ਸਾਰਿਆਂ ਵਰਗਾਂ ਨੂੰ ਪਤਿਆਉਣ ਦੇ ਯਤਨ

ਚੰਡੀਗੜ੍ਹ, 17 ਫਰਵਰੀ (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਵਿਧਾਨ ਸਭਾ ਚੋਣਾਂ ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰਦਿਆਂ ਪੰਜਾਬ ਦੇ ਲੋਕਾਂ ਦੇ ਸਾਰੇ ਵਰਗਾਂ ਲਈ ਗੱਫੇ ਵੰਡਣ ਦੇ ਵਾਅਦੇ ਕੀਤੇ ਹਨ।

ਪੰਜਾਬ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੱਲ੍ਹ ਇੱਥੇ ਜਾਰੀ ਕੀਤੇ ਚੋਣ ਮਨੋਰਥ ਪੱਤਰ ਵਿੱਚ ਸਾਰੇ ਵਰਗਾਂ ਨੂੰ ਪਤਿਆਉਣ ਦੇ ਯਤਨ ਕੀਤੇ ਹਨ। ਉਨ੍ਹਾ ਨੇ ਚੋਣ ਮੈਨੀਫੈਸਟੋ ਵਿੱਚ ਕਿਸਾਨਾਂ, ਦਲਿਤਾਂ, ਔਰਤਾਂ, ਨੌਜਵਾਨਾਂ, ਬੇਰੁਜ਼ਗਾਰਾਂ, ਵਿਦੇਸ਼ ਜਾਣ ਦੇ ਚਾਹਵਾਨਾਂ, ਪਰਵਾਸੀਆਂ, ਹਿੰਦੂ ਵਰਗ, ਕਾਰੋਬਾਰੀਆਂ ਲਈ ਰਾਹਤਾਂ ਤੇ ਸਹੂਲਤਾਂ ਦੇਣ ਦਾ ਐਲਾਨ ਕੀਤਾ ਅਤੇ ਇਸ ਦੇ ਨਾਲ ਇਸ ਰਾਜ ਵਿੱਚ ਅਰਥਚਾਰੇ ਦੀ ਮਜ਼ਬੂਤੀ ਤੇ ਆਮਦਨ ਵਧਾਉਣ ਉੱਤੇ ਵੀ ਧਿਆਨ ਕੇਂਦਰਤ ਕੀਤਾ ਹੈ। ਰੇਤ ਅਤੇ ਸ਼ਰਾਬ ਦੀ ਇੱਕ ਵਿਕਰੀ ਸਰਕਾਰੀ ਕਾਰਪੋਰੇਸ਼ਨ ਦੇ ਕੰਟਰੋਲ ਹੇਠ ਲਿਆਉਣ ਦਾ ਵਾਅਦਾ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਰਜੀ ਊਰਜਾ ਦੇ ਵੱਡੇ ਪਲਾਂਟ ਲਾ ਕੇ ਬਿਜਲੀ ਸਬਸਿਡੀ ਵਜੋਂ ਪਾਵਰਕਾਮ ਨੂੰ ਦਿੱਤੀ ਜਾ ਰਹੀ ਰਕਮ ਤੋਂ ਸਰਕਾਰੀ ਖਜ਼ਾਨੇ ਦਾ ਸਾਹ ਸੌਖਾ ਕਰ ਕੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਕੰਢੀ ਖੇਤਰ ਦੇ ਵਿਕਾਸ ਲਈ ਇੱਕ ਨਵਾਂ ਮੰਤਰਾਲਾ ਬਣਾਉਣ ਸਮੇਤ ਵੱਖ-ਵੱਖ ਵਰਗਾਂ ਲਈ ਭਲਾਈ ਬੋਰਡ ਬਣਾਉਣ ਦਾ ਐਲਾਨ ਵੀ ਕੀਤਾ। ਬੁਢਾਪਾ ਤੇ ਸਮਾਜ ਭਲਾਈ ਦੀਆਂ ਹੋਰ ਪੈਨਸ਼ਨਾਂ ਦੀ ਰਾਸ਼ੀ 1500 ਰੁਪਏ ਤੋਂ ਵਧਾ ਕੇ 3100 ਰੁਪਏ ਕਰਨ ਅਤੇ ਗਰੀਬ ਘਰਾਂ ਦੀਆਂ ਲੜਕੀਆਂ ਨੂੰ ਸ਼ਗਨ ਦੀ ਰਾਸ਼ੀ 51 ਹਜ਼ਾਰ ਤੋਂ ਵਧਾ ਕੇ 75 ਹਜ਼ਾਰ ਰੁਪਏ ਕਰਨ ਦਾ ਵਾਅਦਾ ਵੀ ਕੀਤਾ।



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਬੁਨਿਆਦੀ ਮੁੱਦਿਆਂ, ਪਾਣੀਆਂ ਦੀ ਵੰਡ, ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤਬਦੀਲ ਕਰਨ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ, ਪੰਜਾਬ ਨੂੰ ਟੈਕਸਾਂ ਦਾ ਹਿੱਸਾ ਵਧਾਉਣ, ਸਾਲ 1984 ਦੇ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਜਿਹੇ ਮੁੱਦਿਆਂ ਉੱਤੇ ਪਹਿਰਾ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਬੇਘਰੇ ਲੋਕਾਂ ਲਈ ਪੰਜ ਲੱਖ ਪੱਕੇ ਮਕਾਨਾਂ ਦੀ ਉਸਾਰੀ ਕੀਤੀ ਜਾਵੇਗੀ ਅਤੇ ਪੰਜ-ਪੰਜ ਮਰਲੇ ਦੇ ਪਲਾਟ ਵੀ ਦਿੱਤੇ ਜਾਣਗੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਨੀਲੇ ਕਾਰਡ ਵਾਲੇ ਪਰਵਾਰ ਦੀ ਮੁਖੀ ਔਰਤ ਨੂੰ ਦੋ ਹਜ਼ਾਰ ਰੁਪਏ ਮਹੀਨਾ, ਹਰ ਘਰ ਨੂੰ 800 ਯੂਨਿਟ ਤੱਕ ਬਿੱਲ ਮੁਆਫ, ਸਾਰੇ ਲੋਕਾਂ ਲਈ 10 ਲੱਖ ਰੁਪਏ ਤਕ ਦਾ ਸਿਹਤ ਬੀਮਾ, ਵਿਦਿਆਰਥੀ ਕਾਰਡ ਜਾਰੀ ਕਰ ਕੇ 10 ਲੱਖ ਰੁਪਏ ਤਕ ਦਾ ਬਿਨਾਂ ਵਿਆਜ਼ ਕਰਜ਼ਾ, ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨਾ, 2004 ਤੋਂ ਪਹਿਲਾਂ ਵਾਲੀ ਪੈਨਸ਼ਨ ਸਕੀਮ ਲਾਗੂ ਕਰਨਾ, ਕੱਚੇ ਮੁਲਾਜ਼ਮ ਪੱਕੇ ਕਰਨਾ, ਫਲਾਂ, ਸਬਜ਼ੀਆਂ ਤੇ ਦੁੱਧ ਉੱਤੇ ਐਮ ਐਸ ਪੀ (ਘੱਟੋ-ਘੱਟ ਖਰੀਦ ਕੀਮਤ) ਦੇਣਾ, ਕਿਸਾਨਾਂ ਲਈ ਫਸਲ ਬੀਮਾ 50 ਹਜ਼ਾਰ ਰੁਪਏ ਏਕੜ ਦੇਣਾ, ਖੇਤੀ ਲਈ 10 ਰੁਪਏ ਤਕ ਲੀਟਰ ਸਸਤਾ ਤੇਲ, ਬਾਬੂ ਕਾਸ਼ੀ ਰਾਮ, ਭਗਵਾਨ ਵਾਲਮੀਕ, ਗੁਰੂ ਰਵਿਦਾਸ ਦੇ ਨਾਂਅ ਉੱਤੇ ਤਿੰਨ ਯੂਨੀਵਰਸਿਟੀਆਂ ਅਤੇ ਸਕਿਲ ਯੂਨੀਵਰਸਿਟੀਆਂ ਦੀ ਸਥਾਪਨਾ, ਪੰਜਾਬੀ ਨੌਜਵਾਨਾਂ ਲਈ ਸਰਕਾਰੀ ਤੇ ਪ੍ਰਾਈਵੇਟ ਖੇਤਰ ਵਿੱਚ 75 ਫੀਸਦੀ ਰਾਖਵਾਂਕਰਨ, ਸਰਕਾਰੀ ਖੇਤਰ ਵਿੱਚ ਇੱਕ ਲੱਖ ਤਕ ਨੌਕਰੀਆਂ ਅਤੇ ਖਾਲੀ ਆਸਾਮੀਆਂ ਭਰਨ ਸਮੇਤ 10 ਲੱਖ ਨੌਕਰੀਆਂ ਪ੍ਰਾਈਵੇਟ ਖੇਤਰ ਵਿੱਚ ਦੇਣਾ, ਸਰਕਾਰੀ ਨੌਕਰੀਆਂ ਵਿੱਚ ਔਰਤਾਂ ਨੂੰ ਪੰਜਾਹ ਫੀਸਦੀ ਰਾਖਵਾਂਕਰਨ ਦੇਣਾ ਸ਼ਾਮਲ ਹੈ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਾਂ ਨੂੰ ਸਹੂਲਤਾਂ ਦੇਣ ਦੇ ਨਾਲ ਪੰਜਾਬ ਦੇ ਵਿਰਸੇ ਨੂੰ ਸੰਭਾਲਣਾ ਅਤੇ ਪ੍ਰਫੁੱਲਤ ਕਰਨ ਸਮੇਤ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਰਕਾਰ ਉਚੇਚੇ ਕੰਮ ਆਰੰਭੇਗੀ। ਫਿਲਮ ਅਦਾਕਾਰੀ ਅਤੇ ਥੀਏਟਰ ਦੀ ਪੇਸ਼ੇਵਰ ਸਿਖਲਾਈ ਲਈ ਮੁਹਾਲੀ ਵਿੱਚ ਥੀਏਟਰ ਇੰਸਟੀਚਿਊਟ ਬਣਾਇਆ ਜਾਵੇਗਾ ਅਤੇ ਸੈਰ ਸਪਾਟੇ ਦੀਆਂ ਥਾਵਾਂ ਵਿਕਸਤ ਕਰਨ ਲਈ ਵਿਸ਼ੇਸ਼ ਕਾਰਜ ਕੀਤੇ ਜਾਣਗੇ।

# ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ ਇਨਕਲਾਬੀ ਬਦਲ ਉਸਾਰੋ ਕਾਨਫਰੰਸ

ਮੋਗਾ, 17 ਫਰਵਰੀ (ਗਿਆਨ ਸਿੰਘ)- ਮੋਗੇ ਦੀ ਨਵੀਂ ਅਨਾਜ ਮੰਡੀ ਵਿੱਚ ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜਦੂਰ ਯੂਨੀਅਨ ਪੰਜਾਬ, ਨੌਜਵਾਨ ਭਾਰਤ ਸਭਾ, ਪੰਜਾਬ ਸਟੂਡੈਂਟਸ ਯੂਨੀਅਨ "ਇਨਕਲਾਬੀ ਬਦਲ ਉਸਾਰੋ" ਕਾਨਫਰੰਸ ਕੀਤੀ ਗਈ। ਜਿਸ ਵਿੱਚ ਜਥੇਬੰਦੀਆਂ ਨੇ ਰਵਾਇਤੀ ਕਾਰਪੋਰੇਟ ਪੱਖੀ ਪਾਰਟੀਆਂ ਦਾ ਖਹਿੜਾ ਛੱਡ ਕੇ ਸੰਘਰਸ਼ ਦੇ ਜ਼ਰੀਏ ਇਨਕਲਾਬੀ ਬਦਲ ਉਸਾਰਨ ਦਾ ਸੱਦਾ ਦਿੱਤਾ।



ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਤਰਲੋਚਨ ਸਿੰਘ ਝੋਰੜਾਂ, ਪ੍ਰਗਟ ਸਿੰਘ ਸਾਫੂਵਾਲਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਪੁਰਾਣੀਆਂ ਪਾਰਟੀਆਂ ਦਾ ਬਦਲ ਨਵੀਆਂ ਪਾਰਟੀਆਂ ਨਹੀਂ ਬਲਕਿ ਇਨਕਲਾਬੀ ਬਦਲ ਹੀ ਹੋ ਸਕਦਾ ਹੈ। ਚਿਹਰਿਆਂ ਦੇ ਬਦਲਣ ਨਾਲ ਕੁਝ ਨਹੀਂ ਹੋਣਾ, ਬਲਕਿ ਬਦਲਾ ਬਦਲਵੇਂ ਰਾਜਨੀਤਿਕ ਪ੍ਰੋਗਰਾਮ ਨਾਲ ਹੀ ਆ ਸਕਦਾ ਹੈ। ਅਕਾਲੀ, ਭਾਜਪਾ, ਕਾਂਗਰਸ, ਆਪ ਦਾ ਰਾਜਨੀਤਿਕ ਪ੍ਰੋਗਰਾਮ ਇੱਕੋ ਜਿਹਾ ਹੈ। ਇਹ ਸਭ ਕਾਰਪੋਰੇਟ ਦੇ ਸੇਵਾਦਾਰ ਹਨ, ਫਿਰਕਾਪ੍ਰਸਤੀ ਪੱਖੀ ਸਿਆਸਤ ਕਰਦੇ ਹਨ।

ਪੇਂਡੂ ਮਜ਼ਦੂਰ ਯੂਨੀਅਨ ਦੇ ਅਵਤਾਰ ਸਿੰਘ ਤਾਰੀ, ਭਰਪੂਰ ਸਿੰਘ ਰਾਮਾ, ਯੂਥ ਵਿੰਗ ਕਿਰਤੀ ਕਿਸਾਨ ਯੂਨੀਅਨ ਬਲਕਰਨ ਸਿੰਘ ਵੈਰੋਕੇ ਅਤੇ ਮਨੋਹਰ ਝੋਰੜਾਂ, ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਛਿੰਦਰਪਾਲ ਕੌਰ, ਨੌਜਵਾਨ ਭਾਰਤ ਸਭਾ ਦੇ ਇਲਾਕਾ ਪ੍ਰਧਾਨ ਰਜਿੰਦਰ ਸਿੰਘ ਰਾਜੇਆਣਾ, ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋਹਨ ਸਿੰਘ ਔਲਖ ਨੇ ਕਿਹਾ ਕਿ ਸਾਡੀ ਕਾਨਫਰੰਸ ਦਾ ਨਾਅਰਾ ਹੈ ਸਾਮਰਾਜੀ ਹਰੇ ਇਨਕਲਾਬ ਦਾ ਖੇਤੀ ਰੱਦ ਕਰਕੇ ਕਿਸਾਨੀ, ਮਜਦੂਰ, ਕੁਦਰਤ, ਵਾਤਾਵਰਨ ਪੱਖੀ ਖੇਤੀ ਮਾਡਲ ਲਾਗੂ ਹੋਵੇ, ਪੰਜਾਬ ਵਿੱਚ ਕਲਾਈਮੈਟਿਕ ਜੋਨ ਬਣੇ ਕੇ ਫਸਲਾਂ ਬਿਜਵਾਈਆਂ ਜਾਣ। ਬਦਵਲੇਂ ਖੇਤੀ ਮਾਡਲ ਨੂੰ ਲਾਗੂ ਕਰਨ, ਝੋਨੇ ਦੇ ਘੇੜ ਚੋਂ ਕਿਸਾਨੀ ਨੂੰ ਕੱਢਣ ਲਈ ਬਾਕੀ ਫਸਲਾਂ, ਸਬਜੀਆਂ, ਫਲਾਂ 'ਤੇ ਐਮ ਐਸ ਪੀ ਤੈਅ ਕੀਤਾ ਜਾਵੇ। ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਰਪਲੱਸ ਜਮੀਨ ਬੇਜਮੀਨੇ ਕਿਸਾਨਾਂ, ਮਜਦੂਰਾਂ ਵਿੱਚ ਬਰਾਬਰ ਵੰਡੀ ਜਾਵੇ। ਨੌਜਵਾਨਾਂ ਨੂੰ ਰੁਜਗਾਰ ਦੇਣ ਲਈ ਪੰਜਾਬ ਵਿੱਚ ਖੇਤੀ ਅਧਾਰਿਤ ਸਨਅਤ ਲਾਈ ਜਾਵੇ, ਕਾਰਪੋਰੇਟ ਦਾ ਸਰਮਾਇਆ ਜਬਤ ਕੀਤਾ ਜਾਵੇ। ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਸੂਬਾਈ ਆਗੂ ਕਰਮਜੀਤ ਮਾਣੂੰਕੇ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।

# ਕੇਂਦਰੀ ਰੱਖਿਆ ਮੰਤਰੀ ਰਾਜਨਾਥ ਤੇ ਭਾਜਪਾ ਪ੍ਰਧਾਨ ਨੱਢਾ ਦਾ ਕਿਸਾਨਾਂ ਵੱਲੋਂ ਵਿਰੋਧ

ਸ੍ਰੀ ਮੁਕਤਸਰ ਸਾਹਿਬ, 17 ਫਰਵਰੀ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਨੇ ਕੱਲ੍ਹ ਮੁਕਤਸਰ ਸਾਹਿਬ ਪਹੁੰਚੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਦਾ ਤਿੱਖਾ ਵਿਰੋਧ ਕੀਤਾ।

ਇਸ ਮੌਕੇ ਕਿਸਾਨਾਂ ਨੇ ਮੁਕਤਸਰ-ਕੋਟਕਪੂਰਾ ਬਾਈਪਾਸ ਉੱਤੇ ਧਰਨਾ ਲਾ ਕੇ ਭਾਜਪਾ ਖਿਲਾਫ ਨਾਅਰੇਬਾਜ਼ੀ ਕੀਤੀ। ਕਿਸਾਨ ਆਨਾਜ ਮੰਡੀ ਵਿੱਚ ਹੋਣ ਵਾਲੇ ਕੇਂਦਰੀ ਮੰਤਰੀ ਦੇ ਚੋਣ ਜਲਸੇ ਤਕ ਜਾਣਾ ਚਾਹੁੰਦੇ ਸਨ, ਪਰ ਪੁਲਸ ਨੇ ਉਨ੍ਹਾਂ ਨੂੰ ਕਰੀਬ ਤਿੰਨ ਕਿਲੋਮੀਟਰ ਪਹਿਲਾਂ ਕੋਟਕਪੂਰਾ ਬਾਈਪਾਸ ਚੌਕ ਉੱਤੇ ਰੋਕ ਲਿਆ। ਕਿਸਾਨਾਂ ਨੇ ਉਥੇ ਹੀ ਧਰਨਾ ਲਾ ਕੇ ਕੇਂਦਰੀ ਮੰਤਰੀ ਤੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਰਾਜਨਾਥ ਸਿੰਘ ਕੱਲ੍ਹ ਇੱਥੇ ਭਾਜਪਾ ਦੇ ਉਮੀਦਵਾਰ ਰਾਜੇਸ਼ ਗੋਰਾ ਪਠੇਲਾ ਦੇ ਹੱਕ ਵਿੱਚ ਰੈਲੀ ਨੂੰ ਸੰਬੋਧਨ ਕਰਨ ਪਹੁੰਚੇ ਸਨ। ਮਿਲੀ ਜਾਣਕਾਰੀ ਅਨੁਸਾਰ ਕਿਸਾਨਾਂ ਨੇ ਕੇਂਦਰੀ ਮੰਤਰੀ ਦੇ ਵਿਰੋਧ ਦਾ ਪਹਿਲਾਂ ਹੀ ਸੱਦਾ ਦਿੱਤਾ ਹੋਇਆ ਸੀ। ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਅਗਵਾਈ ਹੇਠ ਵੱਡੀ ਗਿਣਤੀ ’ਚ ਕਿਸਾਨ ਜਦੋਂ ਸਰਕਾਰੀ ਕਾਲਜ ਤੋਂ ਰੈਲੀ ਸਥਾਨ ਵੱਲ ਤੁਰੇ ਤਾਂ ਪੁਲਸ ਨੇ ਉਨ੍ਹਾਂ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਡਾਕਟਰ ਕੇਹਰ ਸਿੰਘ ਚੌਕ ਵਿੱਚ ਰੋਕ ਲਿਆ।

ਇਸੇ ਤਰ੍ਹਾਂ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਕਿਸਾਨਾਂ ਨੇ ਕੱਲ੍ਹ ਮੌੜ ਮੰਡੀ ਪਹੁੰਚੇ ਭਾਜਪਾ ਦੇ ਕੌਮੀ ਪ੍ਰਧਾਨ ਜੇ ਪੀ ਨੱਢਾ ਦਾ ਵਿਰੋਧ ਕੀਤਾ, ਜਿਸ ਕਾਰਨ ਉਹ ਰੈਲੀ ਵਾਲੇ ਥਾਂ ਲਗਭਗ ਦੋ ਘੰਟੇ ਲੇਟ ਪਹੁੰਚੇ। ਇਸ ਮੌਕੇ ਪੁਲਸ ਜਦੋਂ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂ ਲਖਵੀਰ ਸਿੰਘ ਖੋਖਰ ਨੂੰ ਜਬਰਦਸਤੀ ਬੱਸ ਵਿੱਚ ਚੜ੍ਹਾਉਣ ਲੱਗੀ ਤਾਂ ਕਿਸਾਨਾਂ ਨੇ ਇਸ ਦਾ ਵਿਰੋਧ ਕੀਤਾ। ਪੁਲਸ ਕਈ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਕੇ ਅਣਦੱਸੀ ਥਾਂ ਲੈ ਗਈ, ਪਰ ਬਾਅਦ ਵਿੱਚ ਉਨ੍ਹਾਂ ਨੂੰ ਛੱਡ ਦਿੱਤਾ। ਮਗਰੋਂ ਜਗਦੀਪ ਸਿੰਘ ਨਕੱਈ ਖੁਦ ਗੱਡੀ ਚਲਾ ਕੇ ਨੱਢਾ ਨੂੰ ਬਦਲਵੇਂ ਰਸਤੇ ਰਾਹੀਂ ਭਾਜਪਾ ਉਮੀਦਵਾਰ ਦਿਆਲ ਦਾਸ ਸੋਢੀ ਦੇ ਹੱਕ ਵਿੱਚ ਰੱਖੀ ਰੈਲੀ ਵਾਲੇ ਸਥਾਨ ਉੱਤੇ ਲੈ ਕੇ ਗਏ।

# ਚੋਣ ਆਬਜ਼ਰਬਰਾਂ ਵੱਲੋਂ ਵੋਟਰ ਜਾਗਰੂਕਤਾ ਗੀਤ " ਪਾਉਣੀ ਵੋਟ ਜ਼ਰੂਰੀ ਆ " ਰਿਲੀਜ਼

ਮੋਗਾ, 17 ਫਰਵਰੀ (ਗਿਆਨ ਸਿੰਘ ) - 20 ਫਰਵਰੀ ਨੂੰ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਹਰੇਕ ਵੋਟਰ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਵੱਲੋਂ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੋਸ਼ਿਸ਼ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਮੋਗਾ ਵੱਲੋਂ ਸਵੀਪ ਗਤੀਵਿਧੀਆਂ ਤਹਿਤ ਇਕ ਗੀਤ " ਪਾਉਣੀ ਵੋਟ ਜ਼ਰੂਰੀ ਆ " ਤਿਆਰ ਕੀਤਾ ਹੈ। ਇਸ ਗੀਤ ਨੂੰ ਅੱਜ ਭਾਰਤੀ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਮੋਗਾ ਵਿੱਚ ਲਗਾਏ ਗਏ ਚੋਣ ਆਬਜ਼ਰਬਰਾਂ ਅਤੇ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ਼੍ਰੀ ਹਰੀਸ਼ ਨਈਅਰ ਵੱਲੋਂ ਰਿਲੀਜ਼ ਕੀਤਾ ਗਿਆ।



ਚੋਣ ਆਬਜ਼ਰਬਰਾਂ ਵਿੱਚ ਸ਼੍ਰੀ ਵੇਦ ਪਤੀ ਮਿਸ਼ਰਾ, ਸ਼੍ਰੀ ਅਮਿਤ ਕੁਮਾਰ ਘੋਸ਼, ਸ਼੍ਰੀ ਕ੍ਰਿਸ਼ਨ ਕੁਮਾਰ ਅਤੇ ਸ਼੍ਰੀ ਸੁਮਨਜੀਤ ਰੇਅ ਸ਼ਾਮਿਲ ਸਨ। ਜਦਕਿ ਸ੍ਰ ਹਰਚਰਨ ਸਿੰਘ ਅਤੇ ਸ੍ਰ ਸੁਰਿੰਦਰ ਸਿੰਘ (ਦੋਵੇਂ ਵਧੀਕ ਡਿਪਟੀ ਕਮਿਸ਼ਨਰ), ਐਸ ਡੀ ਐਮ ਸ੍ਰ ਸਤਵੰਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਇਸ ਮੌਕੇ ਜਾਣਕਾਰੀ ਦਿੰਦਿਆਂ ਸ਼੍ਰੀ ਹਰੀਸ਼ ਨਈਅਰ ਨੇ ਦੱਸਿਆ ਕਿ ਇਸ ਗੀਤ ਨੂੰ ਮੋਗਾ ਦੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਸ੍ਰ ਪ੍ਰਭਦੀਪ ਸਿੰਘ ਨੱਥੋਵਾਲ ਨੇ ਗਾਇਆ ਅਤੇ ਪ੍ਰਸਿੱਧ ਗੀਤਕਾਰ ਜਗਦੇਵ ਮਾਨ ਨੇ ਲਿਖਿਆ ਹੈ। ਸੰਗੀਤ ਨਾਮਵਰ ਸੰਗੀਤਕਾਰ ਜੱਸੀ ਨਿਹਾਲੂਵਾਲ ਨੇ ਤਿਆਰ ਕੀਤਾ ਹੈ ਅਤੇ ਇਸ ਨੂੰ ਸਥਾਪਤ ਮਿਊਜ਼ਿਕ ਕੰਪਨੀ ਜਪਸ ਮਿਊਜ਼ਿਕ ਅਤੇ ਸਪੇਸ ਪ੍ਰੋਡਕਸ਼ਨ ਵੱਲੋਂ ਪੇਸ਼ ਕੀਤਾ ਗਿਆ ਹੈ।

ਉਹਨਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਲੋਕਤੰਤਰ ਦੇ ਇਸ ਤਿਉਹਾਰ ਵਿੱਚ ਹਰ ਵੋਟਰ ਹਿੱਸਾ ਲਵੇ। ਇਹਨਾਂ ਚੋਣਾਂ ਵਿੱਚ ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਪੁਰਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਵੋਟ ਦਾ ਬਿਨਾ ਕਿਸੇ ਡਰ, ਭੈਅ, ਲਾਲਚ ਤੋਂ ਇਸਤੇਮਾਲ ਕਰਨ। ਉਹਨਾਂ ਕਿਹਾ ਕਿ ਜ਼ਿਲ੍ਹਾ ਮੋਗਾ ਵਿੱਚ ਅਗਾਮੀ ਚੋਣਾਂ ਨੂੰ ਪਾਰਦਰਸ਼ਤਾ ਅਤੇ ਦ੍ਰਿੜਤਾ ਨਾਲ ਨੇਪਰੇ ਚਾੜ੍ਹਿਆ ਜਾਵੇਗਾ।

ਇਸ ਮੌਕੇ ਹਾਜ਼ਰ ਸ੍ਰ ਪ੍ਰਭਦੀਪ ਸਿੰਘ ਨੱਥੋਵਾਲ ਨੇ ਦੱਸਿਆ ਕਿ ਇਸ ਗੀਤ ਨੂੰ ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਸ਼੍ਰੀ ਹਰੀਸ਼ ਨਈਅਰ ਦੀ ਪ੍ਰੇਰਨਾ ਨਾਲ ਤਿਆਰ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਮੁੱਖ ਚੋਣ ਦਫ਼ਤਰ ਪੰਜਾਬ, ਸਵੀਪ ਟੀਮ ਜ਼ਿਲ੍ਹਾ ਮੋਗਾ, ਸ੍ਰ ਅਵਤਾਰ ਸਿੰਘ ਧਾਲੀਵਾਲ, ਸ੍ਰ ਅਮਰਪ੍ਰੀਤ ਸਿੰਘ ਮੱਕੜ, ਅਜੀਤ ਅਖਾੜਾ, ਗੁਰਸੇਵਕ ਸਿੰਘ ਗਾਲਿਬ ਕਲਾਂ, ਪਰਗਟ ਸਿੰਘ ਪੰਜਗਰਾਈਂ ਅਤੇ ਹੋਰਾਂ ਦਾ ਬਹੁਤ ਸਹਿਯੋਗ ਰਿਹਾ।

# ਸਾਬੀ ਬਲਾਈਂਡ ਹੋਮ ਵਿਖੇ ਵੋਟਰ ਜਾਗਰੂਕਤਾ ਪ੍ਰੋਗਰਾਮ ਆਯੋਜਿਤ

*** ਸਹਾਇਕ ਕਮਿਸ਼ਨਰ ਨੇ ਦੋ ਦ੍ਰਿਸ਼ਟੀਹੀਣ ਵੋਟਰਾਂ ਨੂੰ ਬ੍ਰੇਲ ਲਿਪੀ ਵਿੱਚ ਬਣਾਏ ਗਏ ਵੋਟਰ ਕਾਰਡ ਕੀਤੇ ਭੇਟ**

ਫਿਰੋਜ਼ਪੁਰ, 17 ਫਰਵਰੀ (ਗਿਆਨ ਸਿੰਘ )- ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ ਫੀਲਡ ਆਊਟਰੀਚ ਬਿਊਰੋ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਬੀਤੇ ਦਿਨ ਫ਼ਿਰੋਜ਼ਪੁਰ ਸਾਬੀ ਬਲਾਈਂਡ ਹੋਮ ਵਿਖੇ ਵੋਟਰ ਜਾਗਰੂਕਤਾ ਸਬੰਧੀ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬਜ਼ੁਰਗਾਂ ਨੇ ਵੀ ਸ਼ਮੂਲੀਅਤ ਕੀਤੀ।




ਪ੍ਰੋਗਰਾਮ ਦੇ ਮੁੱਖ ਮਹਿਮਾਨ ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਵੱਲੋਂ ਦੋ ਦ੍ਰਿਸ਼ਟੀਹੀਣ ਵੋਟਰਾਂ ਨੂੰ ਬ੍ਰੇਲ ਲਿਪੀ ਵਿੱਚ ਬਣਾਏ ਗਏ ਵੋਟਰ ਕਾਰਡ ਭੇਂਟ ਕੀਤੇ ਗਏ। ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਸੀਨੀਅਰ ਨਾਗਰਿਕਾਂ ਅਤੇ ਨੇਤਰਹੀਣਾਂ ਨੂੰ ਪੰਜਾਬ ਚੋਣ ਕਮਿਸ਼ਨ ਦੇ ਮਾਸਕੌਟ ਸ਼ੇਰਾ ਵਾਲਾ ਵਿਸ਼ੇਸ਼ ਕਿਸਮ ਦਾ ਬੈਜ ਪਹਿਨਾ ਕੇ ਸਨਮਾਨਿਤ ਕੀਤਾ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਸਹਾਇਕ ਕਮਿਸ਼ਨਰ ਵਿਓਮ ਭਾਰਦਵਾਜ ਨੇ ਜਿੱਥੇ ਸਾਰਿਆਂ ਨੂੰ ਆਪਣੀ ਵੋਟ ਦਾ ਇਸਤੇਮਾਲ ਸੂਝ-ਬੂਝ ਨਾਲ ਕਰਕੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਅਪੀਲ ਕੀਤੀ, ਉੱਥੇ ਹੀ ਬਾਲੀ ਨੇ ਚੋਣ ਕਮਿਸ਼ਨ ਵੱਲੋਂ ਤਿਆਰ ਕੀਤੇ ਗਏ ਆਪਣੇ ਉਮੀਦਵਾਰ ਨੂੰ ਜਾਣੋ ਅਤੇ ਸੀਵਿਜਿਲ ਐਪ ਰਾਹੀਂ ਕਿਸੇ ਵੀ ਸਿਆਸੀ ਪਾਰਟੀ ਦੇ ਉਮੀਦਵਾਰ ਦੇ ਅਪਰਾਧਿਕ ਪਿਛੋਕੜ ਬਾਰੇ ਜਾਣਕਾਰੀ ਸਮੇਤ ਜਾਣਕਾਰੀ ਦਿੱਤੀ . ਉਨ੍ਹਾਂ ਜ਼ਿਲ੍ਹਾ ਚੋਣ ਅਫ਼ਸਰ ਨੂੰ ਚੋਣ ਜ਼ਾਬਤੇ ਦੀ ਕਿਸੇ ਵੀ ਉਲੰਘਣਾ ਬਾਰੇ ਹਾਜ਼ਰ ਲੋਕਾਂ ਨੂੰ ਆਪਣੀ ਵੋਟ ਅਤੇ ਵੋਟਿੰਗ ਬੂਥ ਆਦਿ ਲਈ 1950 ਟੋਲ ਫਰੀ ਨੰਬਰ ਦੀ ਵਰਤੋਂ ਕਰਨ ਬਾਰੇ ਜਾਗਰੂਕ ਕੀਤਾ।



### ਭਾਰਤ ਵਿੱਚ ਸਿਰਫ ਅੱਠ ਫੀਸਦੀ ਟੈਕਸ ਦਾਤਾ ਲੋਕਾਂ ਦੀ ਆਮਦਨ 10 ਲੱਖ ਤੋਂ ਵੱਧ

ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਇਨਕਮ ਟੈਕਸ ਰਿਟਰਨ(ਆਈ ਟੀ ਆਰ) ਭਰਨ ਵਾਲਿਆਂ ਵਿੱਚ ਸਿਰਫ ਅੱਠ ਫੀਸਦੀ ਆਪਣੀ ਸਾਲਾਨਾ ਆਮਦਨ 10 ਲੱਖ ਰੁਪਏ ਤੋਂ ਵੱਧ ਦੱਸਦੇ ਹਨ। ਇਹ ਹੀ ਅੱਠ ਫੀਸਦੀ ਟੈਕਸ ਦਾਤੇ ਮੁੱਖ ਰੂਪ ’ਚ ਸਰਕਾਰ ਨੂੰ ਟੈਕਸ ਦਿੰਦੇ ਹਨ। ਭਾਰਤ ਦੇ ਚਾਰਟਰਡ ਅਕਾਊਂਟੈਂਟ (ਸੀ ਏ) ਗਰੁੱਪ ਨਾਲ ਗੱਲਬਾਤ ਦੇ ਦੌਰਾਨ ਵਿੱਤ ਮੰਤਰਾਲੇ ਦੇ ਰੈਵੇਨਿਊ ਸੈਕਟਰੀ ਤਰੁਣ ਬਜਾਜ ਨੇ ਕਿਹਾ ਕਿ ਇਸ ਵਰਗ ਦਾ ਛੋਟਾ ਆਕਾਰ ਦੇਖਦੇ ਹੋਏ ਸਰਕਾਰ ਚਾਹੁੰਦੇ ਹੋਏ ਕੇ ਵੀ ਟੈਕਸਦਾਤਿਆਂ ਨੂੰ ਰਾਹਤ ਨਹੀਂ ਦੇਸਕੀ।ਬਜਾਜ ਨੇ ਦੱਸਿਆ ਕਿ ਸਾਲ 2019-20 ਜਾਂ ਮੁੱਲਾਂਕਣ ਸਾਲ 2020-21 ਲਈ ਦੇਸ਼ ਵਿੱਚ 6.3 ਕਰੋੜ ਆਈ ਟੀ ਆਰ ਪੇਸ਼ਹੋਏ। ਇਨ੍ਹਾਂ ਵਿੱਚੋਂ 75 ਫੀਸਦੀ ਟੈਕਸ ਦਾਤਿਆਂ ਨੇ ਆਪਣੀ ਆਮਦਨ ਪੰਜ ਲੱਖ ਜਾਂ ਇਸ ਤੋਂ ਘੱਟ ਦੱਸੀ ਹੈ। ਸਿਰਫ 25 ਫੀਸਦੀ ਨੇ ਪੰਜ ਲੱਖ ਰੁਪਏ ਤੋਂ ਵੱਧ ਦੀ ਰਿਟਰਨ ਭਰੀ ਹੈ। ਇਨ੍ਹਾਂ ਵਿੱਚ 17 ਫੀਸਦੀ ਲੋਕਾਂ ਨੇ ਸਾਲਾਨਾ ਆਮਦਨ ਪੰਜ ਤੋਂ 10 ਲੱਖ ਤੇ ਅੱਠ ਫੀਸਦੀ ਨੇ 10 ਲੱਖ ਰੁਪਏ ਤੋਂ ਵੱਧ ਦੱਸੀ। ਟੈਕਸ ਤੋਂ ਵੱਖ-ਵੱਖ ਪ੍ਰਕਾਰ ਦੀ ਛੋਟ 10 ਲੱਖ ਤਕ ਦੀ ਆਮਦਨ ਦਿਖਾਉਣ ਵਾਲੇ ਲੈਂਦੇ ਹਨ। ਇਸ ਲਈ ਆਈ ਟੀ ਆਰ ਭਰਨ ਵਾਲਿਆਂ ਵਿੱਚ ਸਿਰਫ ਅੱਠ ਫੀਸਦੀ ਨੇ ਸਰਕਾਰ ਨੂੰ ਸਹੀ ਮਾਇਨਿਆਂ ਵਿੱਚ ਟੈਕਸ ਦਿੱਤਾ ਹੈ।

ਤਨਖਾਹਦਾਰਾਂਵੱਲੋਂ ਦਾਖਲ ਆਈ ਟੀ ਆਰ ਵਿੱਚ 87 ਫੀਸਦੀ 10 ਲੱਖ ਤੋਂ ਘੱਟ ਵਾਲੇ ਸਨ। 13 ਫੀਸਦੀ ਆਈ ਟੀ ਆਰ 10 ਲੱਖ ਤੋਂ ਇੱਕ ਕਰੋੜ ਦੇ ਵਿਚਾਲੇ ਸਨ। ਆਈ ਟੀ ਆਰ ਵਿੱਚ ਇੱਕ ਕਰੋੜ ਤੋਂ ਵੱਧ ਆਮਦਨ ਵਾਲੇ ਕੁਝ ਹਜ਼ਾਰ ਹੀ ਹਨ।ਗੈਰ-ਤਨਖਾਹਦਾਰ ਵਰਗ ਵਿੱਚ 96 ਫੀਸਦੀ ਆਈ ਟੀ ਆਰ 10 ਲੱਖ ਰੁਪਏ ਤੋਂ ਘੱਟ ਦੇ ਸਨ। ਵਿੱਤ ਸਾਲ 2020-21 ਦੇ ਲਈ ਬੀਤੀ 11 ਫਰਵਰੀ ਤਕ 6.2 ਕਰੋੜ ਆਈ ਟੀ ਆਰ ਪੇਸ਼ ਹੋਏ ਸਨ।

# ਹਿਜਾਬ ਮਾਮਲੇ ਵਿਚ ਮੁਸਲਿਮ ਕੁੜੀਆਂ ਦੀ ਦਲੀਲ, ਸਿਰਫ ਸਾਡੇ ਨਾਲ ਪੱਖਪਾਤ ਕਿਉਂ

ਬੰਗਲੌਰ, 17 ਫਰਵਰੀ (ਪੋਸਟ ਬਿਊਰੋ)- ਕਰਨਾਟਕ ਵਿੱਚ ਹਿਜਾਬ ਉਤੇ ਲੱਗੀ ਪਾਬੰਦੀ ਦੇ ਖਿਲਾਫ ਕਾਨੂੰਨੀ ਲੜਾਈ ਲੜ ਰਹੀਆਂ ਮੁਸਲਿਮ ਲੜਕੀਆਂ ਨੇ ਭਾਰਤੀਆਂ ਵੱਲੋਂ ਕਈ ਧਾਰਮਿਕ ਚਿੰਨ੍ਹ, ਲਾਕੇਟ ਅਤੇ ਹਿਜਾਬ, ਬਿੰਦੀ ਤੋਂ ਲੈ ਕੇ ਪੱਗੜੀ ਤਕ ਸਭ ਕੁਝ ਧਾਰਨ ਕਰਨ ਦਾ ਜ਼ਿਕਰ ਕਰਦਿਆਂ ਬੀਤੇ ਦਿਨ ਸਵਾਲ ਕੀਤਾ ਕਿ ਸਰਕਾਰ ਸਿਰਫ ਹਿਜਾਬ ਦੇ ਪਿੱਛੇ ਕਿਉਂ ਪਈ ਹੈ ਤੇ ਇਸ ਨੂੰ ਦੁਸ਼ਮਣੀ ਭਰਿਆ ਪੱਖਪਾਤ ਕਿਉਂ ਬਣਾ ਰਹੀ ਹੈ।

ਇਨ੍ਹਾਂ ਲੜਕੀਆਂ ਨੇ ਕਿਹਾ ਕਿ ਪ੍ਰੀ-ਯੂਨੀਵਰਸਿਟੀ ਵਿੱਚ ਵਰਦੀਆਂ ਲਾਗੂ ਕਰਨਾ ਗੈਰ ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਦੀ ਅਗਵਾਈ ਵਾਲੀ ਕਾਲਜ ਵਿਕਾਸ ਕਮੇਟੀ ਨੂੰ ਇਸ ਬਾਰੇ ਫੈਸਲਾ ਲੈਣ ਦਾ ਕੋਈ ਹੱਕ ਨਹੀਂ ਹੈ। ਇੱਕ ਸਰਵੇਖਣ ਦਾ




ਹਵਾਲਾ ਦੇ ਕੇ ਪਟੀਸ਼ਨ ਦਾਇਰ ਕਰਨ ਵਾਲੀਆਂ ਲੜਕੀਆਂ ਦੇ ਵਕੀਲ ਰਵੀ ਕੁਮਾਰ ਨੇ ਕਿਹਾ ਕਿ ਦੇਸ਼ ਦੇ ਲੋਕ ਵੱਖ-ਵੱਖ ਧਾਰਮਿਕ ਚਿੰਨ੍ਹ, ਜਿਵੇਂ ਲਾਕੇਟ, ਕਰਾਸ, ਹਿਜਾਬ, ਬੁਰਕਾ, ਚੂੜੀਆਂ, ਬਿੰਦੀ ਅਤੇ ਪੱਗੜੀ ਧਾਰਨ ਕਰਦੇ ਹਨ। ਹਾਈ ਕੋਰਟ ਦੇ ਜਸਟਿਸ ਰਿਤੂ ਰਾਜ ਅਵਸਥੀ, ਜਸਟਿਸ ਜੇ ਐਮ ਖਾਜ਼ੀ ਅਤੇ ਜਸਟਿਸ ਕ੍ਰਿਸ਼ਨ ਐਸ ਦੀਕਸ਼ਿਤ ਦੇ ਬੈਂਚ ਅੱਗੇ ਰਵੀ ਕੁਮਾਰ ਨੇ ਕਿਹਾ, ‘‘ਸਰਕਾਰ ਸਿਰਫ ਹਿਜਾਬ ਦੇ ਪਿੱਛੇ ਪਈ ਹੈ, ਇਹ ਦੁਸ਼ਮਣੀ ਵਾਲਾ ਪੱਖਪਾਤ ਕਿਉਂ? ਕੀ ਚੂੜੀਆਂ ਧਾਰਮਿਕ ਪ੍ਰਤੀਕ ਨਹੀਂ? ਸਰਕਾਰੀ ਹੁਕਮਾਂ ਵਿੱਚ ਹੋਰ ਚਿੰਨ੍ਹਾਂ ਬਾਰੇ ਕੁਝ ਕਿਉਂ ਨਹੀਂ ਕਿਹਾ ਗਿਆ, ਸਿਰਫ ਹਿਜਾਬ ਉਤੇ ਕਿਉਂ ਸਵਾਲ ਕੀਤਾ ਗਿਆ ਹੈ। ਵਕੀਲ ਨੇ ਇਹ ਵੀ ਜਾਨਣਾ ਚਾਹਿਆ ਕਿ ਕੀ ਉਨ੍ਹਾਂ ਦੇ ਕਲਾਈਂਟ ਦੇ ਧਰਮ ਦੇ ਕਾਰਨ ਏਦਾਂ ਹੋਇਆ ਹੈ।ਉਨ੍ਹਾਂ ਦਲੀਲ ਦਿੱਤੀ, ‘‘ਮੁਸਲਿਮ ਲੜਕੀਆਂ ਖਿਲਾਫ ਪੂਰੀ ਤਰ੍ਹਾਂ ਧਾਰਮਿਕ ਆਧਾਰ ਉੱਤੇ ਪੱਖਪਾਤ ਹੋਇਆ ਹੈ। ਇਹ ਦੁਸ਼ਮਣੀ ਭਰਿਆ ਹੈ ਤੇ ਭਾਰਤੀ ਸੰਵਿਧਾਨ ਦੀ ਧਾਰਾ 15 ਦਾ ਉਲੰਘਣ ਹੈ।'' ਲੜਕੀਆਂ ਵੱਲੋਂ ਪੇਸ਼ ਹੋਏ ਵਕੀਲ ਨੇ ਕਿਹਾ, ‘‘ਸਾਡੀ ਸੁਣਵਾਈ ਨਹੀਂ ਹੁੰਦੀ ਤੇ ਸਿੱਧੇ ਸਜ਼ਾ ਸੁਣਾਈ ਜਾਂਦੀ ਹੈ। ਇਹ ਕਠੋਰ ਰੁਖ ਹੈ।''

# ਕੁਸ਼ੀਨਗਰ ਵਿੱਚ ਖੂਹ ਦਾ ਸਲੈਬ ਟੁੱਟਣ ਨਾਲ 22 ਜਣੇ ਡਿੱਗੇ, 13 ਦੀ ਮੌਤ

ਪਡਰੌਨਾ, 17 ਫਰਵਰੀ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਦੇ ਨੌਰੰਗੀਆ ਪਿੰਡ ਵਿੱਚ ਕੱਲ੍ਹ ਰਾਤ ਕਰੀਬ 10 ਵਜੇ ਖੂਹ ਉੱਤੇ ਰੱਖਿਆ ਸਲੈਬ ਟੁੱਟ ਕੇ ਡਿੱਗਣ ਕਾਰਨ 22 ਲੋਕ ਖੂਹ ਵਿੱਚ ਡਿੱਗ ਪਏ। ਇਸ ਹਾਦਸੇ ਵਿੱਚ 13 ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਦੋ ਔਰਤਾਂ, 11 ਬੱਚੇ, ਲੜਕੇ-ਲੜਕੀਆਂ ਸ਼ਾਮਲ ਹਨ।



ਘਟਨਾ ਦੇ ਸਮੇਂ ਸਾਰੇ ਲੋਕ ਇੱਕ ਪਰਵਾਰ ਵਿੱਚ ਹਲਦੀ ਦੀ ਰਸਮ ਦੇ ਉਤਸਵ ਵਿੱਚ ਚੱਲ ਰਿਹਾ ਡਾਂਸ ਦੇਖ ਰਹੇ ਸਨ। ਕਈ ਥਾਣਿਆਂ ਦੀ ਫੋਰਸ ਨੇ ਬਚਾਅ ਮੁਹਿੰਮ ਚਲਾ ਕੇ ਲੋਕਾਂ ਨੂੰ ਕੱਢਿਆ। ਏਥੇ ਪਰਮੇਸ਼ਵਰ ਕੁਸ਼ਵਾਹਾ ਦੇ ਪੁੱਤਰ ਦੇ ਵਿਆਹਦੀਆਂ ਰਸਮਾਂ ਵਿਚ ਔਰਤਾਂ ਹਲਦੀ ਦੌਰਾਨ ਪਿੰਡ ਵਿੱਚ ਖੂਹ ਉੱਤੇ ਮਟਕੋੜ ਕਰਨ ਗਈਆਂ ਸਨ। ਉਨ੍ਹਾਂ ਨਾਲ ਬੱਚੇ ਵੀ ਗਏ ਸਨ। ਇਸ ਦੇ ਬਾਅਦ ਖੂਹ ਉੱਤੇ ਬਣੇ ਢੱਕਣ ਅਤੇ ਸਲੈਬ ਉੱਤੇ ਖੜ੍ਹੇ ਹੋ ਕੇ ਡਾਂਸ ਦੇਖਣ ਲੱਗੇ ਸਨ। ਇਸ ਦੌਰਾਨਸਲੈਬ ਟੁੱਟ ਕੇ ਖੂਹ ਵਿੱਚ ਡਿੱਗ ਪਿਆ ਅਤੇ ਉਸ ਉੱਤੇ ਖੜ੍ਹੇ ਲੋਕ ਖੂਹ ਵਿੱਚ ਡਿੱਗ ਕੇ ਗਏ। ਘਟਨਾ ਦੀ ਸੂਚਨਾ ਮਿਲਦੇ ਸਾਰ ਚੀਕ ਚਿਹਾੜਾ ਮਚ ਗਿਆ ਤੇ ਲੋਕ ਘਟਨਾ ਵਾਲੀ ਜਗ੍ਹਾ ਵੱਲ ਦੌੜੇ। ਪੁਲਸ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਸਾਰਿਆਂ ਨੂੰ ਕੱਢਿਆ ਸੀ। ਇਸ ਵਿੱਚ ਡੇਢ ਘੰਟਾ ਲੱਗ ਗਿਆ ਅਤੇ ਤਦ ਤਕ ਦੇਰ ਹੋ ਚੁੱਕੀ ਸੀ। 11 ਜਣਿਆਂ ਨੂੰ ਜ਼ਿਲ੍ਹਾ ਹਸਪਤਾਲ ਲਿਆਂਦਾ ਤਾਂ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਕੋਟਵਾ ਹਸਪਤਾਲ ਵਿੱਚ ਭਰਤੀ ਕਰਾਏ ਦੋ ਬੱਚਿਆਂ ਨੇ ਵੀ ਦਮ ਤੋੜ ਦਿੱਤਾ। ਖੂਹ ਵਿੱਚ ਤਿੰਨ-ਚਾਰ ਫੁੱਟ ਪਾਣੀ ਸੀ, ਜਿਸ ਵਿੱਚ ਪੰਜ ਸਾਲ ਦੀ ਬੱਚੀ ਦੇ ਡੁੱਬਣ ਦਾ ਸ਼ੱਕ ਹੈ। ਬਾਕੀਆਂ ਦੀ ਮੌਤ ਇੱਕ ਦੂਸਰੇ ਉਪਰ ਡਿੱਗਣ ਅਤੇ ਡੇਢ ਘੰਟੇ ਤਕ ਇਸੇ ਹਾਲਤ ਵਿੱਚ ਰਹਿਣ ਕਾਰਨ ਦਮ ਘੁਟਣ ਨਾਲ ਹੋਣ ਦਾ ਸ਼ੱਕ ਹੈ।

# ਕੁਮਾਰ ਵਿਸ਼ਵਾਸ ਨੇ ਕੇਜਰੀਵਾਲ ਨੂੰ ਖ਼ਾਲਿਸਤਾਨ ਦਾ ਸਮਰਥਕ ਕਿਹਾ

ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦਾ ਦਿਨ ਨੇੜੇ ਆਉਣ ਦੇ ਨਾਲ ਵੱਡੇ ਕੱਦ ਦੇ ਸਿਆਸੀ ਲੀਡਰਾਂ ਖ਼ਿਲਾਫ਼ ਹਮਲੇ ਤੇਜ਼ ਹੋਣ ਲੱਗ ਹਨ। ਆਮ ਆਦਮੀ ਪਾਰਟੀ ਦੇ ਆਗੂ ਰਹਿ ਚੁੱਕੇਅਤੇ ਅਰਵਿੰਦ ਕੇਜਰੀਵਾਲ ਦੇ ਸਹਿਯੋਗੀ ਰਹੇ ਮਸ਼ਹੂਰ ਕਵੀ ਕੁਮਾਰ ਵਿਸ਼ਵਾਸ਼ ਨੇ ਨਵਾਂ ਪ੍ਰਗਟਾਵਾ ਕਰ ਕੇ ਚੋਣਾਂ ਮਾਹੌਲ ਹੋਰ ਭਖਾ ਦਿੱਤਾ ਹੈ।ਕੁਮਾਰ ਵਿਸ਼ਵਾਸ਼ ਨੇ ਕਿਹਾ ਹੈ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸੱਤਾ ਵਿੱਚ ਬਣੇ ਰਹਿਣ ਲਈ ਕੁਝ ਵੀ ਕਰਨਗੇ, ਉਹ ਖ਼ਾਲਿਸਤਾਨੀ ਸਮਰਥਕ ਹਨ।

ਕੁਮਾਰ ਵਿਸ਼ਵਾਸ ਨੇ ਕਿਹਾ ਕਿ ‘‘ਮੈਂ 2017 ਦੀਆਂ ਪੰਜਾਬ ਚੋਣਾਂ ਮੌਕੇ ਅਰਵਿੰਦ ਕੇਜਰੀਵਾਲ ਨੂੰ ਕਿਹਾ ਸੀ ਕਿ ਖ਼ਾਲਿਸਤਾਨੀ ਲਹਿਰ ਨਾਲ ਜੁੜੇ



ਅਨਸਰਾਂ, ਵੱਖਵਾਦੀਆਂ ਅਤੇ ਲੋਕਾਂ ਦਾ ਸਮਰਥਨ ਨਾ ਕਰੋ। ਉਸ ਨੇ ਕਿਹਾ ਕਿ ਚਿੰਤਾ ਨਾ ਕਰੋ, ਇਸ ਨੂੰ ਸੰਭਾਲ ਲਿਆ ਜਾਵੇਗਾ।'' ਆਮ ਆਦਮੀ ਪਾਰਟੀ ਦੇ ਸਾਬਕਾ ਨੇਤਾ ਕੁਮਾਰ ਵਿਸ਼ਵਾਸ ਨੇ ਕਿਹਾ,‘ਇੱਕ ਦਿਨ ਕੇਜਰੀਵਾਲ ਨੇ ਉਸ ਨੂੰ ਕਿਹਾ ਸੀ ਕਿ ਉਹ ਜਾਂ ਆਜ਼ਾਦ ‘ਸੂਬੇ' ਦਾ ਮੁੱਖ ਮੰਤਰੀ ਬਣੇਗਾ ਜਾਂ ਆਜ਼ਾਦ ਦੇਸ਼ (ਖ਼ਾਲਿਸਤਾਨ) ਦਾ ਪਹਿਲਾ ਪ੍ਰਧਾਨ ਮੰਤਰੀ।’ ਵਿਸ਼ਵਾਸ ਨੇ ਕਿਹਾ, ‘ਜਦੋਂ ਮੈਂ ਚਿਤਾਵਨੀ ਦਿੱਤੀ ਕਿ ਪਾਕਿਸਤਾਨੀ ਆਈ ਐਸ ਆਈ ਅਤੇ ਦੁਨੀਆ ਭਰ ਦੀਆਂ ਹੋਰ ਏਜੰਸੀਆਂ ਅਮਰੀਕਾ ਵਿਚਲੇ ਸਿੱਖਸ ਫ਼ਾਰ ਜਸਟਿਸ ਦੁਆਰਾ ਇਹ ਫ਼ੈਸਲਾ ਕਰਨ ਲਈ ਕਰਵਾਏ ਜਨਮਤ ਸੰਗ੍ਰਹਿ ਲਈ ਫ਼ੰਡਿੰਗ ਕਰ ਰਹੀਆਂ ਹਨ ਕਿ ਕੀ ਖ਼ਾਲਿਸਤਾਨ ਨੂੰ ਪੰਜਾਬ ਤੋਂ ਵੱਖ ਕੀਤਾ ਜਾਣਾ ਚਾਹੀਦਾ ਹੈ, ਤਾਂ ਉਸਨੇ ਜਵਾਬ ਦਿੱਤਾ, ‘ਫਿਰ ਕੀ? ਮੈਂ ਸੁਤੰਤਰ ਦੇਸ਼ ਦਾ ਪਹਿਲਾ ਪ੍ਰਧਾਨ ਮੰਤਰੀ ਬਣਾਂਗਾ।''

ਵਰਨਣ ਯੋਗ ਹੈ ਕਿ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਕੁਮਾਰ ਵਿਸ਼ਵਾਸ ਅਤੇ ਕੁਝ ਹੋਰਾਂ ਨੇ 2012 ਵਿੱਚ ਆਮ ਆਦਮੀ ਪਾਰਟੀ ਬਣਾਈ ਸੀ। ਕੁਮਾਰ ਵਿਸ਼ਵਾਸ ਅਤੇ ਅਰਵਿੰਦ ਕੇਜਰੀਵਾਲ ਦੇ ਸਬੰਧਾਂ ਵਿੱਚ ਕੁਝ ਸਾਲਾਂ ਬਾਅਦ ਖਟਾਸ ਆ ਗਈ ਸੀ।

# ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਵੱਲੋਂ ਕਾਂਗਰਸ ਤੋਂ ਅਸਤੀਫ਼ਾ

ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਦਿੰਦਿਆਂ ਸਾਬਕਾ ਕੇਂਦਰੀ ਮੰਤਰੀ ਤੇ ਟਕਸਾਲੀ ਕਾਂਗਰਸੀ ਅਸ਼ਵਨੀ ਕੁਮਾਰ ਨੇ ਪਾਰਟੀ ਨਾਲੋਂ 46 ਸਾਲ ਦਾ ਨਾਤਾ ਤੋੜਦਿਆਂ ਹੋਇਆਂ ਅਸਤੀਫ਼ਾ ਦੇ ਦਿੱਤਾ। ਕਾਂਗਰਸ ਉੱਤੇ ‘ਸੀਨੀਅਰ ਅਤੇ ਸੀਰੀਅਸ’ ਆਗੂਆਂ ਦੀ ਕਦਰ ਨਾ ਕਰਨ ਦਾ ਦੋਸ਼ ਲਾ ਕੇਉਨ੍ਹਾ ਨੇ ਕਿਹਾ ਕਿ ਬਤੌਰ ਸਿਆਸੀ ਪਾਰਟੀ ਕਾਂਗਰਸ ਵਿੱਚ ਕੰਮ ਕਰਨਾ ਮੁਸ਼ਕਿਲ ਹੋ ਰਿਹਾ ਸੀ।

ਅਸ਼ਵਨੀ ਕੁਮਾਰ, ਜੋ 2009 ਤੋਂ 2014 ਵਿਚਾਲੇ ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਵਿੱਚ ਕਾਨੂੰਨ ਮੰਤਰੀ ਰਹਿ ਚੁੱਕੇ ਹਨ, ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ ਭੇਜੇ ਅਸਤੀਫ਼ੇ ਵਿੱਚ ਕਿਹਾ ਕਿ ਮੌਜੂਦਾ ਹਾਲਤ ਵਿੱਚ ਆਪਣੇ ਆਤਮ ਸਨਮਾਨ ਨੂੰ ਅੱਗੇ ਰੱਖਦਿਆਂ ਉਨ੍ਹਾਂ ਪਾਰਟੀ ਤੋਂ ਵੱਖ ਹੋਣ ਦਾ ਫ਼ੈਸਲਾ ਕੀਤਾ ਹੈ।ਅਸਤੀਫ਼ਾ ਦੇਣ ਤੋਂ ਬਾਅਦ ਅਸ਼ਵਨੀ ਕੁਮਾਰ ਨੇ



ਮੀਡੀਆ ਨਾਲ ਕੀਤੀ ਗੱਲਬਾਤ ਵਿੱਚ ਪਾਰਟੀ ਦੀ ਮੌਜੂਦਾ ਸਥਿਤੀ ਲਈ ਅਸਿੱਧੇ ਤੌਰ ਉੱਤੇ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਉੱਤੇ ਹਮਲਾ ਕਰਦਿਆਂ ਕਿਹਾ ਕਿ ਪਾਰਟੀ ਵਿੱਚ 2-3 ਲੋਕ ਫ਼ੈਸਲੇ ਲੈਂਦੇ ਹਨ ਅਤੇ ਉਨ੍ਹਾਂ ਨਾਲ ਸ਼ਾਇਦ ਸਾਡੀ ਰਾਇ ਨਹੀਂ ਮਿਲਦੀ। ਅਸ਼ਵਨੀ ਕੁਮਾਰ ਨੇ ਵਿਅਕਤੀ ਵਿਸ਼ੇਸ਼ ਉੱਤੇ ਨਿੱਜੀ ਟਿੱਪਣੀਆਂ ਕਰਨ ਦੀ ਸ਼ੈਲੀ ਦੀ ਨਿੰਦਾ ਕਰਦਿਆਂ ਕਿਹਾ ਕਿ ਕਿਸੇ ਉੱਤੇ ਨਿੱਜੀ ਟਿੱਪਣੀਆਂ ਕਰਕੇ ਕਾਂਗਰਸ ਦੀ ਵਿਚਾਰਧਾਰਾ ਨੂੰ ਅਸੀਂ ਅੱਗੇ ਨਹੀਂ ਤੋਰ ਸਕਦੇ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣੇ ਬੁਨਿਆਦੀ ਖ਼ਿਆਲ ਤੋਂ ਭਟਕਦੀ ਨਜ਼ਰ ਆ ਰਹੀ ਹੈ। ਸੀਨੀਅਰ ਕਾਂਗਰਸੀ ਆਗੂ ਨੇ ਰਾਹੁਲ ਗਾਂਧੀ ਅਤੇ ਪ੍ਰਿਅਕਾ ਗਾਂਧੀ ਨੂੰ ਮੁੜ ਅਸਿੱਧੇ ਤੌਰ ਉੱਤੇ ਨਿਸ਼ਾਨੇ ਉੱਤੇ ਲੈਂਦਿਆਂ ਕਿਹਾ ਕਿ ਦੋ ਵਿਅਕਤੀਆਂ ਤੋਂ ਇਲਾਵਾ ਹੋਰ ਕਿਸੇ ਦਾ ਨਾਂਅ ਸਟਾਰ ਪ੍ਰਚਾਰਕਾਂ ਦੀ ਸੂਚੀ ਵਿੱਚ ਕਦੇ ਵੇਖਿਆ ਹੈ? ਅਜੋਕੇ ਹਾਲਤ ਉੱਤੇ ਅਫ਼ਸੋਸ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਕਾਂਗਰਸ ਜੋ ਬਦਲਦੇ ਭਵਿੱਖ ਦੀ ਲੀਡਰਸ਼ਿਪ ਦਾ ਪੇਸ਼ ਕਰ ਰਹੀ ਹੈ, ਦੇਸ਼ ਉਸ ਬਦਲ ਦੇ ਹੱਕ ਵਿੱਚ ਨਹੀਂ ਹੈ।ਭਵਿੱਖ ਦੇ ਸਾਰੇ ਬਦਲ ਖੁੱਲ੍ਹੇ ਰੱਖਣ ਉੱਤੇ ਜ਼ੋਰ ਦਿੰਦਿਆਂ ਅਸ਼ਵਨੀ ਕੁਮਾਰ ਨੇ ਕਿਹਾ ਕਿ ਕੋਈ ਵੀ ਪਾਰਟੀ ਅਛੂਤ ਨਹੀਂ। ਇਹ ਕਿਆਸ ਲਾਏ ਜਾਂਦੇ ਸਨ ਕਿ ਉਹ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਕਾਂਗਰਸ ਦੇ ਬਾਗੀ ਗੁੱਟ ‘ਜੀ-23' ਦਾ ਮੈਂਬਰ ਕਹਾਉਣ ਤੋਂ ਇਨਕਾਰ ਕਰਦਿਆਂ ਅਸ਼ਵਨੀ ਕੁਮਾਰ ਨੇ ਕਿਹਾ ਕਿ ਉਹ ਨਾ ਕਦੇ ‘ਜੀ-23' ਦੇ ਮੈਂਬਰ ਸਨ, ਨਾ ਹਨ।

## ਵਿਧਾਇਕ ਕੁਲਦੀਪ ਬਿਸ਼ਨੋਈ ਤੋਂ ਦੋ ਕਰੋੜ ਰੁਪਏ ਦੀ ਫਿਰੌਤੀ ਮੰਗੀ

ਚੰਡੀਗੜ੍ਹ, 17 ਫਰਵਰੀ (ਪੋਸਟ ਬਿਊਰੋ)- ਹਰਿਆਣਾ ਵਿਚਲੇ ਆਦਮਪੁਰ ਹਲਕੇ ਦੇ ਕਾਂਗਰਸੀ ਵਿਧਾਇਕ ਕੁਲਦੀਪ ਬਿਸ਼ਨੋਈ ਨੂੰ ਵਿਦੇਸ਼ ਤੋਂ ਫੋਨ ਕਰ ਕੇ ਦੋ ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ।

ਵਿਧਾਇਕ ਕੁਲਦੀਪ ਬਿਸ਼ਨੋਈ ਨੇ ਦੱਸਿਆ ਕਿ ਕੱਲ੍ਹ ਉਹ ਆਪਣੀ ਨਵੀਂ ਦਿੱਲੀ ਵਾਲੀ ਰਿਹਾਇਸ਼ ਉੱਤੇ ਸਨ ਤਾਂ ਉਨ੍ਹਾਂ ਨੂੰ ਵਾਟਸਐਪ ਉੱਤੇ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਅਤੇ ਫਿਰੌਤੀ ਦੀ ਮੰਗ ਕੀਤੀ ਗਈ।ਬਿਸ਼ਨੋਈ ਨੇ ਦੱਸਿਆ ਕਿ ਇਸ ਦੀ ਸ਼ਿਕਾਇਤ ਉਨ੍ਹਾਂ ਨੇ ਆਦਮਪੁਰ ਥਾਣੇ ਵਿੱਚ ਦਰਜ ਕਰਾ ਦਿੱਤੀ ਹੈ। ਕੇਸ ਦੀ ਗੰਭੀਰਤਾ ਦੇਖਦੇ ਹੋਏ ਪੁਲਸ ਛਾਣਬੀਣ ਵਿੱਚ ਲੱਗ ਗਈ ਹੈ। ਸ਼ਿਕਾਇਤ ਵਿੱਚ ਵਿਧਾਇਕ ਬਿਸ਼ਨੋਈ ਨੇ ਦੱਸਿਆ ਕਿ ਉਹ ਕਿਸੇ ਕੰਮ ਲਈ ਦਿੱਲੀ ਵਾਲੇ ਆਪਣੇ ਘਰ ਸਨ। ਸਵੇਰੇ ਕਰੀਬ




ਸਾਢੇ ਸੱਤ ਵਜੇ ਉਨ੍ਹਾਂ ਨੂੰ ਵਿਦੇਸ਼ੀ ਨੰਬਰ 48699530112 ਤੋਂ ਦੋ ਕਰੋੜ ਦੀ ਫਿਰੌਤੀ ਦਾ ਫੋਨ ਆਇਆ। ਉਨ੍ਹਾਂ ਦੇ ਮੋਬਾਈਲ ਉੱਤੇ ਵਾਰ-ਵਾਰ ਵਾਟਸਐਪ ਉੱਤੇ ਫੋਨ ਆ ਰਹੇ ਹਨ ਅਤੇ ਉਸੇ ਨੰਬਰ ਤੋਂ ਵਾਰ-ਵਾਰ ਮੈਸੇਜ ਆ ਰਹੇ ਹਨ।ਵਿਧਾਇਕ ਨੇ ਦੱਸਿਆ ਕਿ ਮੈਸੇਜ ਕਰ ਕੇ ਫਿਰੌਤੀ ਦੀ ਰਕਮ ਸਮੇਂ ਉੱਤੇ ਨਾ ਦਿੱਤੇ ਜਾਣ ਉੱਤੇ ਉਨ੍ਹਾਂ ਨੂੰ ਅਤੇ ਪਰਵਾਰ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ।

# ਦਾਊਦ ਇਬਰਾਹੀਮ ਨਾਲ ਜੁੜੇ ਕਈ ਟਿਕਾਣਿਆਂ ਉੱਤੇ ਈ ਡੀ ਵੱਲੋਂ ਛਾਪੇ

ਮੁੰਬਈ, 17 ਫਰਵਰੀ (ਪੋਸਟ ਬਿਊਰੋ)- ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਮੁੰਬਈ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਅੰਡਰਵਰਲਡ ਡਾਨ ਦਾਊਦ ਇਬਰਾਹੀਮ ਨਾਲ ਜੁੜੇ ਕਈ ਟਿਕਾਣਿਆਂ ਉੱਤੇ ਮਨੀ ਲਾਂਡਰਿੰਗ ਨਾਲ ਸਬੰਧਤ ਕੇਸਾਂ ਨੂੰ ਲੈ ਕੇ ਛਾਪੇ ਮਾਰੇ।ਏਜੰਸੀ ਨੇ ਕੱਲ੍ਹ ਸਵੇਰੇ ਦਾਊਦ ਦੀ ਭੈਣ ਹਸੀਨਾ ਪਾਰਕਰ ਦੇ ਟਿਕਾਣਿਆਂ ਉੱਤੇ ਛਾਪੇ ਮਾਰ ਕੇ ਕੁਝ ਇਤਰਾਜ਼ਯੋਗ ਦਸਤਾਵੇਜ਼ ਬਰਾਮਦ ਕੀਤੇ।

ਏਜੰਸੀ ਨੇ ਮਹਾਰਾਸ਼ਟਰ ਦੇ ਕੁਝ ਸਿਆਸਤਦਾਨਾਂ ਦੀਆਂ



ਸਰਗਰਮੀਆਂ ਉੱਤੇ ਨਜ਼ਰ ਰੱਖੀ ਹੋਈ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਕੀ ਉਨ੍ਹਾਂ ਦਾ ਅੰਡਰਵਰ-ਲਡ ਨਾਲ ਕੋਈ ਸੰਬੰਧ ਹੈ? ਏਜੰਸੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਮੁੰਬਈ ਤੇ ਨਾਲ ਲੱਗਦੇ ਇਲਾਕਿਆਂ ਵਿੱਚ 10 ਥਾਵਾਂ ਉੱਤੇ ਛਾਪੇ ਮਾਰੇ ਗਏ ਹਨ। ਇਹ ਟਿਕਾਣੇ ਦਾਊਦ ਇਬਰਾਹੀਮ ਅਤੇ ਉਸਦੇ ਸਹਿਯੋਗੀਆਂ ਨਾਲ ਜੁੜੇ ਦੱਸੇ ਜਾਂਦੇ ਹਨ।ਸ਼ਿਵ ਸੈਨਾ ਦੇ ਨੇਤਾ ਅਤੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ ਹੈ ਕਿ ਈ ਡੀ ਵੱਲੋਂ ਛਾਪੇਮਾਰੀ ਕੌਮੀ ਸੁਰੱਖਿਆ ਨਾਲ ਜੁੜੀ ਹੈ ਤਾਂ ਮਹਾਰਾਸ਼ਟਰ ਸਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਜਾਂਚ ਏਜੰਸੀ ਨੂੰ ਸਹਿਯੋਗ ਦੇਵੇ। ਰਾਊਤ ਨੇ ਨਾਲ ਇਹ ਸਵਾਲ ਕੀਤਾ ਕਿ ਕੀ ਕੇਂਦਰੀ ਜਾਂਚ ਏਜੰਸੀ ਗੁਜਰਾਤ ਦੇ ਸਭ ਤੋਂ ਵੱਡੇ ਬੈਂਕ ਧੋਖਾਦੇਹੀ ਦੀ ਵੀ ਜਾਂਚ ਕਰੇਗੀ?

## ਖਤਰਨਾਕ ਨਸਲ ਦੇ ਦੋ ਪਿਟਬੁਲ ਕੁੱਤਿਆਂ ਨੇ ਮਾਲਕ ਦੇ ਭਰਾ ਨੂੰ ਮਾਰ ਦਿੱਤਾ



ਜਮਨਾਨਗਰ, 17 ਫਰਵਰੀ (ਪੋਸਟ ਬਿਊਰੋ)- ਡੇਅਰੀ ਦੀ ਰਖਵਾਲੀ ਲਈ ਰੱਖੇ ਗਏ ਪਿਟਬੁਲ ਨਸਲ ਦੇ ਦੋ ਕੁੱਤਿਆਂ ਨੇ ਆਪਣੇ ਮਾਲਕ ਦੇ ਭਰਾ ਨੂੰ ਮਾਰ ਦਿੱਤਾ। ਕੁੱਤੇ 15 ਮਿੰਟ ਤਕ ਉਸ ਦੇ ਸਰੀਰ ਨੂੰ ਨੋਚਦੇ ਰਹੇ।

ਡਾਕਟਰਾਂ ਅਨੁਸਾਰ ਉਸ ਦੇ ਸਰੀਰ ਉੱਤੇ ਕਰੀਬ 65 ਜਗ੍ਹਾ ਕੱਟਣ ਦੇ ਨਿਸ਼ਾਨ ਮਿਲੇ। ਉਸ ਨੂੰ ਬਚਾਉਣ ਆਏ ਦੋ ਨੌਜਵਾਨਾਂ ਨੂੰ ਵੀ ਕੁੱਤਿਆਂ ਨੇ ਕੱਟ ਕੇ ਜ਼ਖਮੀ ਕਰ ਦਿੱਤਾ। ਦਿੱਲ ਦਹਿਲਾ ਦੇਣ ਵਾਲੀ ਇਹ ਘਟਨਾ ਜਮਨਾਨਗਰ ਦੀ ਜੰਮੂ ਕਾਲੋਨੀ ਦੀ ਹੈ। ਇੱਥੋਂ ਦੇ ਵਸਨੀਕ ਜਸਵਿੰਦਰ ਦੀ ਜੰਮੂ ਕਾਲੋਨੀ ਵਿੱਚ ਡੇਅਰੀ ਉੱਤੇ ਰਖਵਾਲੀ ਲਈ ਦੋ ਕੁੱਤੇ ਇੱਕ ਸਾਲ ਪਹਿਲਾਂ ਅਮਰੀਕਾ ਤੋਂ ਰਿਸ਼ਤੇਦਾਰ ਤੋਂ ਮੰਗਵਾਏ ਸਨ। ਕੱਲ੍ਹ ਦੁਪਹਿਰੇ 12 ਵਜੇ ਜਸਵਿੰਦਰ ਦਾ ਭਰਾ ਨਰਿੰਦਰ ਸਿੰਘ ਉਰਫ ਨਿੰਦਾ (40) ਕਿਸੇ ਕੰਮ ਪੁਰਾਣੀ ਡੇਅਰੀ ਉੱਤੇਗਿਆ ਤਾਂ ਕੁੱਤਿਆਂ ਨੇ ਹਮਲਾ ਕਰ ਦਿੱਤਾ। ਸਭ ਤੋਂ ਖਤਰਨਾਕ ਨਸਲ ਦੇ ਕੁੱਤੇ ਪਿਟਬੁਲ ਦੇ ਪਾਲਣ ਉੱਤੇ 41 ਦੇਸ਼ਾਂ ਵਿੱਚ ਬੈਨ ਲਗਾਇਆ ਹੋਇਆ ਹੈ।

# ਸੱਤਾ ਵਿੱਚ ਆਏ ਤਾਂ ਪੰਜ ਸਾਲ ਮੁਫਤ ਰਾਸ਼ਨ ਅਤੇ ਘਿਓ ਦੇਵਾਂਗੇ: ਅਖਿਲੇਸ਼

ਰਾਏਬਰੇਲੀ, 17 ਫਰਵਰੀ (ਪੋਸਟ ਬਿਊਰੋ)- ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਚੋਣਾਂ ਤੋਂ ਬਾਅਦ ਰਾਸ਼ਨ ਨਾ ਦਿੱਤੇ ਜਾਣ ਦਾ ਦਾਅਵਾ ਕਰਦੇ ਹੋਏ ਸਮਾਜਵਾਦੀ ਪਰਾਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕੱਲ੍ਹ ਕਿਹਾ ਕਿ ਜੇ ਉਨ੍ਹਾਂ ਦੀ ਸਰਕਾਰ ਬਣੀ ਤਾਂ ਪੰਜ ਸਾਲ ਤਕ ਗਰੀਬਾਂ ਨੂੰ ਮੁਫਤ ਰਾਸ਼ਨ ਤੋਂ ਇਲਾਵਾ ਸਿਹਤ ਬਿਹਤਰ ਕਰਨ ਲਈ ਇੱਕ ਕਿਲੋਗ੍ਰਾਮ ਘਿਓ ਵੀ ਦਿੱਤਾ ਜਾਵੇਗਾ।ਉਨ੍ਹਾ ਕਿਹਾ ਕਿ ਇਸ ਸਮੇਂ ਗਰੀਬਾਂ ਨੂੰ ਜੋ ਰਾਸ਼ਨ ਮਿਲਦਾ ਹੈ, ਉਹ ਸਿਰਫ ਚੋਣਾਂ ਤਕ ਮਿਲਣ ਵਾਲਾ ਹੈ, ਚੋਣਾਂ ਪਿੱਛੋਂ ਨਹੀਂ ਮਿਲੇਗਾ। ਪਹਿਲਾਂ ਇਸ ਨੂੰ ਨਵੰਬਰ



ਤਕ ਦਿੱਤਾ ਜਾਣਾ ਸੀ ਪਰ ਜਦੋਂ ਉਤਰ ਪ੍ਰਦੇਸ਼ ਚੋਣ ਦਾ ਐਲਾਨ ਹੋਇਆ ਤਾਂ ਉਨ੍ਹਾਂ ਕਿਹਾ ਕਿ ਰਾਸ਼ਨ ਮਾਰਚ ਤਕ ਮਿਲੇਗਾ। ਦਿੱਲੀ ਦੇ ਬਜਟ ਵਿੱਚ ਰਾਸ਼ਨ ਦਾ ਪੈਸਾ ਨਹੀਂ ਰੱਖਿਆ ਹੈ ਕਿਉਂਕਿ ਉਹ ਜਾਣਦੇ ਹਨ ਕਿ ਮਾਰਚ ਵਿੱਚ ਚੋਣਾਂ ਖਤਮ ਹੋ ਜਾਣਗੀਆਂ।

ਸਮਾਜਵਾਦੀ ਪਾਰਟੀ ਦੇ ਮੁਖੀ ਨੇ ਕਿਹਾ ਕਿ ਸਮਾਜਵਾਦੀਆਂ ਨੇ ਪਹਿਲਾਂ ਵੀ ਰਾਸ਼ਨ ਦਿੱਤਾ ਸੀ। ਜਦੋਂ ਤਕ ਏਥੇ ਸਮਾਜਵਾਦੀ ਪਾਰਟੀ ਦੀ ਸਰਕਾਰ ਰਹੇਗੀ, ਅਸੀਂ ਗਰੀਬਾਂ ਨੂੰ ਰਾਸ਼ਨ ਦੇਵਾਂਗੇ। ਇਸ ਦੇ ਨਾਲ ਅਸੀਂ ਇੱਕ ਸਾਲ ਵਿੱਚ ਸਰ੍ਹੋਂ ਦੇ ਤੇਲ ਦੇ ਨਾਲ ਦੋ ਸਿਲੰਡਰ ਵੀ ਦੇਵਾਂਗੇ ਅਤੇ ਗਰੀਬਾਂ ਦੀ ਸਿਹਤ ਨੂੰ ਬਿਹਤਰ ਕਰਨ ਲਈ ਉਨ੍ਹਾਂ ਨੂੰ ਇੱਕ ਕਿਲੋਗ੍ਰਾਮ ਘਿਓ ਵੀ ਦਿੱਤਾ ਜਾਵੇਗਾ। ਅਖਿਲੇਸ਼ ਨੇ ਕਿਹਾ ਕਿ ਉਹ ਉਤਰ ਪ੍ਰਦੇਸ਼ ਵਿੱਚ 11 ਸਾਲ ਤੋਂ ਖਾਲੀ ਸਰਕਾਰੀ ਅਹੁਦਿਆਂ ਨੂੰ ਭਰ ਕੇ ਨੌਜਵਾਨਾਂ ਨੂੰ ਰੋਜ਼ਗਾਰ ਦੇਣਗੇ।

## ਚਾਰਾ ਘੁਟਾਲੇ ਨਾਲ ਜੁੜੇ ਇੱਕ ਹੋਰ ਮਾਮਲੇ ਵਿੱਚ ਲਾਲੂ ਯਾਦਵ ਦੋਸ਼ੀ ਕਰਾਰ



ਰਾਂਚੀ, 17 ਫਰਵਰੀ (ਪੋਸਟ ਬਿਊਰੋ)- ਇੱਕ ਵਿਸ਼ੇਸ਼ ਸੀ ਬੀ ਆਈ ਅਦਾਲਤ ਨੇ ਚਾਰਾ ਘੁਟਾਲੇ ਨਾਲ ਜੁੜੇ 139.5 ਕਰੋੜ ਰੁਪਏ ਦੇ ਡੋਰਾਂਡਾ ਖ਼ਜ਼ਾਨਾ ਘਪਲੇ ਦੇ ਕੇਸ ਵਿੱਚ ਰਾਸ਼ਟਰੀ ਜਨਤਾ ਦਲ ਦੇ ਮੁਖੀ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਨੂੰ ਦੋਸ਼ੀ ਕਰਾਰ ਦਿੱਤਾ ਹੈ।

ਸੀ ਬੀ ਆਈ ਦੇ ਇੱਕ ਵਕੀਲ ਨੇ ਦੱਸਿਆ ਕਿ ਸਜ਼ਾ 18 ਫਰਵਰੀ ਨੂੰ ਸੁਣਾਈ ਜਾਵੇਗੀ। ਜੱਜ ਐਸ ਕੇ ਸ਼ਸ਼ੀ ਨੇ ਇਸ ਕੇਸ ਵਿੱਚ ਲਾਲੂ ਯਾਦਵ ਸਮੇਤ 99 ਮੁਲਜ਼ਮਾਂ ਖ਼ਿਲਾਫ਼ 29 ਜਨਵਰੀ ਨੂੰ ਸੁਣਵਾਈ ਪੂਰੀ ਕਰ ਕੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਵਰਨਣ ਯੋਗ ਹੈ ਕਿ ਲਾਲੂ ਯਾਦਵ ਨੂੰ ਚਾਰ ਹੋਰ ਚਾਰਾ ਘੁਟਾਲੇ ਕੇਸਾਂ ਵਿੱਚ 14 ਸਾਲਾਂ ਦੀ ਸਜ਼ਾ ਹੋ ਚੁੱਕੀ ਹੈ ਅਤੇ ਇਸ ਵੇਲੇ ਉਹ ਜ਼ਮਾਨਤ ਉੱਤੇ ਚੱਲ ਰਹੇ ਹਨ। ਇਸ ਤਾਜ਼ਾ ਕੇਸ ਦੇ ਅਸਲ ਵਿੱਚ 170 ਦੋਸ਼ੀ ਸਨ, ਜਿਨ੍ਹਾਂ ਵਿੱਚੋਂ 55 ਦੀ ਮੌਤ ਹੋ ਗਈ, ਸੱਤ ਸਰਕਾਰੀ ਗਵਾਹ ਬਣ ਗਏ, ਦੋ ਜਣਿਆਂ ਨੇ ਆਪਣੇ ਉੱਤੇ ਲੱਗੇ ਦੋਸ਼ਾਂ ਨੂੰ ਕਬੂਲ ਕਰ ਲਿਆ ਅਤੇ ਛੇ ਫਰਾਰ ਹਨ। ਲਾਲੂ ਯਾਦਵ ਤੋਂ ਇਲਾਵਾ ਸਾਬਕਾ ਪਾਰਲੀਮੈਂਟ ਮੈਂਬਰ ਜਗਦੀਸ਼ ਸ਼ਰਮਾ, ਓਦੋਂ ਦੇ ਲੋਕ ਲੇਖਾ ਕਮੇਟੀ (ਪੀ ਏ ਸੀ) ਦੇ ਚੇਅਰਮੈਨ ਧਰੁਵ ਭਗਤ, ਪਸ਼ੂ ਪਾਲਣ ਸਕੱਤਰ ਬੇਕ ਜੂਲੀਅਸ ਤੇ ਪਸ਼ੂ ਪਾਲਣ ਸਹਾਇਕ ਡਾਇਰੈਕਟਰ ਡਾ. ਕੇ ਐਮ ਪ੍ਰਸਾਦ ਮੁੱਖ ਮੁਲਜ਼ਮ ਹਨ।

## ਸਿਰਫਿਰੇ ਆਸ਼ਿਕ ਵੱਲੋਂ ਮਾਂ ਤੇ ਭਰਾ ਦੇ ਸਾਹਮਣੇ ਕੁੜੀ ਦੀ ਹੱਤਿਆ

ਸੂਰਤ, 17 ਫਰਵਰੀ (ਪੋਸਟ ਬਿਊਰੋ)- ਗੁਜਰਾਤ ਦੇ ਸੂਰਤ ਜ਼ਿਲ੍ਹੇ ਦੇ ਪਾਸੋਦਰਾ ਪਿੰਡ ਦੀ ਇੱਕ 21 ਸਾਲ ਦੀ ਕੁੜੀ ਗ੍ਰਿਸ਼ਮਾ ਦੀ ਹੱਤਿਆ ਤੋਂ ਦੋ ਦਿਨ ਬਾਅਦ ਮੰਗਲਵਾਰ ਨੂੰ ਅੰਤਮ ਸੰਸਕ-ਾਰ ਕਰ ਦਿੱਤਾ ਗਿਆ ਹੈ। ਉਸ ਦੇ ਪਿਤਾ ਅਫਰੀਕਾ ਵਿੱਚ ਸਨ ਅਤੇ ਉਨ੍ਹਾਂ ਦੇ ਆਉਣ ਤਕ ਲਾਸ਼ ਨੂੰ ਹਸਪਤਾਲ ਵਿੱਚ ਰੱਖਿਆ ਗਿਆ ਸੀ।

ਗ੍ਰਿਸ਼ਮਾ ਦੀ ਇੱਕ ਸਿਰਫਿਰੇ ਆਸ਼ਿਕ ਫੇਨਿਲ ਗੋਯਾਨੀ ਨੇ ਉਸ ਦੀ ਮਾਂ ਅਤੇ ਭਰਾ ਦੇ ਸਾਹਮਣੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਮ੍ਰਿਤਕ ਗ੍ਰਿਸ਼ਮਾ ਦੇ ਚਾਚਾ ਨੇ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸਿਰਫਿਰੇ ਆਸ਼ਿਕ ਨੇ ਉਨ੍ਹਾਂ ਦੇ ਪੇਟ ਵਿੱਚ ਵੀ ਚਾਕੂ ਮਾਰ ਦਿੱਤਾ ਸੀ। ਚਾਚੇ ਦੀ ਹਾਲਤ ਖਤਰੇ ਤੋਂ ਬਾਹਰ ਹੈ। ਗ੍ਰਿਸ਼ਮਾ ਦੀ ਅੰਤਮ ਯਾਤਰਾ ਵਿੱਚ ਸ਼ਾਮਲ ਹੋਏ ਲੋਕਾਂ ਨੇ ਮੁਲਜ਼ਮ ਨੂੰ ਫਾਂਸੀ ਦੇਣ ਦੀ ਮੰਗ ਕੀਤੀ। ਖ਼ਬਰਾਂ ਮੁਤਾਬਕ ਦੋਸ਼ੀ ਪਿੱਛਲੇ ਇੱਕ ਸਾਲ ਤੋਂ ਗ੍ਰਿਸ਼ਮਾ ਨੂੰ ਪ੍ਰੇਸ਼ਾਨ ਕਰ ਰਿਹਾ ਸੀ। ਉਸ ਨੇ ਇੱਕਪਾਸੜ ਪਿਆਰ ਕਾਰਨ ਹੀ ਇਹ ਭਿਆਨਕ ਘਟਨਾ ਕੀਤੀ ਹੈ।ਕਤਲ ਪਿੱਛੋਂ ਉਹ ਫਰਾਰ ਹੋ ਗਿਆ ਅਤੇ ਉਸ ਨੇ ਕੁਝ ਦੂਰ ਜਾ ਕੇ ਆਤਮ-ਹੱਤਿਆ ਦੀ ਕੋਸ਼ਿਸ਼ ਕੀਤੀ। ਪੁਲਸ ਮੁਤਾਬਕ ਉਸ ਨੇ ਜ਼ਹਿਰ ਖਾਧਾ ਸੀ। ਉਸ ਵਿਰੁੱਧ ਕਤਲ ਅਤੇ ਆਤਮਹ-ੱਤਿਆ ਦੇ ਯਤਨ ਅਧੀਨ ਮਾਮਲਾ ਦਰਜ ਕੀਤਾ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ ਜਿੱਥੇ ਉਸ ਦਾ ਇਲਾਜ ਹੋ ਰਿਹਾ ਹੈ।

# ਪ੍ਰਿੰਸ ਐਂਡਰਿਊ ਵੱਲੋਂ ਸੈਕਸ ਸ਼ੋਸ਼ਣ ਕੇਸ ਵਿੱਚ ਸਮਝੌਤਾ



ਨਿਊ ਯਾਰਕ, 17 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਸ਼ਾਹੀ ਖਾਨਦਾਨ ਦੇ ਮੈਂਬਰ ਪ੍ਰਿੰਸ ਐਂਡਰਿਊ ਨੇ ਆਪਣੇ ਖਿਲਾਫ ਚੱਲਦੇ ਸੈਕਸ ਸ਼ੋਸ਼ਣ ਦੇ ਇੱਕ ਕੇਸ ਵਿੱਚ ਦੋਸ਼ ਲਾਉਣ ਵਾਲੀ ਔਰਤ ਵਰਜ਼ੀਨੀਆ ਜਿਊਫਰੇ ਨਾਲ ਅਦਾਲਤ ਤੋਂ ਬਾਹਰ ਸਮਝੌਤਾ ਕਰ ਕੇ ਮਾਮਲਾ ਖਤਮ ਕਰ ਦਿੱਤਾ ਹੈ।

ਇਸ ਸਮਝੌਤੇ ਤੋਂ ਬਾਅਦ ਪ੍ਰਿੰਸ ਐਂਡਰਿਊ ਦੇ ਖਿਲਾਫ ਨਿਊ ਯਾਰਕ ਵਿਚ ਮੁਕੱਦਮਾ ਨਹੀਂ ਚੱਲੇਗਾ। ਜਾਣਕਾਰੀ ਮੁਤਾਬਕ ਪ੍ਰਿੰਸ ਐਂਡਰਿਊ ਨੇ ਵਰਜ਼ੀਨੀਆ ਦੀ ਇੱਕ ਚੈਰਿਟੀ ਸੰਸਥਾ ਨੂੰ ਵੱਡੀ ਰਕਮ ਦਿੱਤੀ ਹੈ।ਇਹ ਸੰਸਥਾ ਜਿਨਸੀ ਤਸਕਰੀ ਦੀਆਂ ਪੀੜਤ ਔਰਤਾਂ ਦੀ ਮਦਦ ਕਰਦੀ ਹੈ। ਦੋਵਾਂ ਧਿਰਾਂ ਵੱਲੋਂ ਨਿਊ ਯਾਰਕ ਦੇ ਇੱਕ ਜੱਜ ਨੂੰ ਭੇਜੇ ਗਏ ਪੱਤਰ ਵਿੱਚ ਜਿਊਫਰੇ ਦੇ ਵਕੀਲ ਬੋਇਸ ਨੇ ਲਿਖਿਆ ਕਿ ਉਹ ਵਿੱਤੀ ਸ਼ਰਤਾਂ ਨੂੰ ਜਨਤਕ ਕੀਤੇ ਬਿਨਾਂ ਅਦਾਲਤ ਦੇ ਬਾਹਰ ਸਮਝੌਤੇ ਉੱਤੇ ਪਹੁੰਚ ਗਏ ਹਨ। ਵਰਜ਼ੀਨੀਆ ਦਾ ਦੋਸ਼ ਹੈ ਕਿ ਉਸ ਨੇ 17 ਸਾਲ ਦੀ ਉਮਰ ਵਿੱਚ ਐਂਡਰਿਊ ਨਾਲ ਜਿਨਸੀ ਸੰਬੰਧ ਬਣਾਏ ਸਨ। ਅਮਰੀਕੀ ਕਾਨੂੰਨ ਹੇਠ ਉਦੋਂ ਉਹ ਨਾਬਾਲਗ ਸੀ। ਪ੍ਰਿੰਸ ਨਾਲ ਉਸ ਦੀ ਮੁਲਾਕਾਤ ਮਰਹੂਮ ਅਮਰੀਕੀ ਫਾਇਨੈਂਸਰ ਜੈਫਰੀ ਏਪਸਟੀਨ ਰਾਹੀਂ ਹੋਏ ਸੀ। ਏਪਸਟੀਨ ਨੂੰ ਸੈਕਸ ਸਕੈਂਡਲ ਖੁੱਲ੍ਹਣ ਉੱਤੇ ਜੇਲ੍ਹ ਭੇਜ ਦਿੱਤਾ ਗਿਆ ਸੀ, ਜਿੱਥੇ ਦੋ ਸਾਲ ਪਹਿਲਾਂ ਉਸ ਨੇ ਖੁਦਕੁਸ਼ੀ ਕਰ ਲਈ ਸੀ।

# ਪਾਕਿਸਤਾਨ ਵਿੱਚ ਰਾਵੀ ਦਰਿਆ ਦੁਨੀਆ ਵਿੱਚ ਸਭ ਤੋਂ ਪ੍ਰਦੂਸ਼ਿਤ

ਲਾਹੌਰ, 17 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਰਵੀ ਦਰਿਆ ਦੁਨੀਆ ਭਰ ਵਿੱਚ ਸਭ ਤੋਂ ਵੱਧ ਪ੍ਰਦੂਸ਼ਿਤ ਦਰਿਆ ਹੈ, ਜਿਸ ਤੋਂ ਬਾਅਦ ਬੋਲੀਵੀਆ ਤੇ ਇਥੋਪੀਆ ਦੇ ਦਰਿਆ ਹਨ। ਅਮਰੀਕਾ ਦੀ ਖੋਜ ਅਕੈਡਮੀ ਨੇ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਖੇਤਰਾਂ ਵਿੱਚ ਸਥਾਨਕ ਆਬਾਦੀ ਗੰਭੀਰ ਖਤਰਿਆਂ ਦਾ ਸਾਹਮਣਾ ਕਰ ਰਹੀ ਹੈ।

ਡਾਨ ਅਖ਼ਬਾਰ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਯੌਰਕ ਯੂਨੀਵਰਸਿਟੀ ਵੱਲੋਂ 104 ਦੇਸ਼ਾਂ ਦੀਆਂ 258 ਨਦੀਆਂ ਵਿੱਚੋਂ 1,052 ਥਾਂਵਾਂਤੋਂ ਵਾਤਵਰਣ ਸਥਿਤੀ ਦੇ ਸੈਂਪਲ ਲਏ ਸਨ, ਤਾਂ ਕਿ ਫਾਰਮਾਸਿਟੀਕਲ-ਪੈਰਾਸੀਟਾਮੋਲ, ਨਿਕੋਟੀਨ, ਕੈਫੀਨ, ਮਿਰਗੀ ਤੇ ਸ਼ੂਗਰ ਦੇ ਤੱਤਾਂ ਦੀ ਮੌਜੂਦਗੀ ਮਿਣੀ ਜਾ ਸਕੇ। ਇਸ ਅਧਿਐਨ ਵਿੱਚ ਸਿੱਟਾ ਕੱਢਿਆ ਗਿਆ ਕਿ ਵਿਸ਼ਵ ਪੱਧਰ ਉੱਤੇ ਪਾਣੀ ਵਿੱਚ ਪਾਈ ਜਾਂਦੀ ਗੰਦਗੀ ਕਾਰਨ ਮੁੱਖ ਤੌਰ ਉੱਤੇ ਅਫਰੀਕਾ, ਦੱਖਣੀ ਏਸ਼ੀਆ ਤੇ ਦੱਖਣੀ ਅਮਰੀਕਾ ਦੇ ਇੱਕ ਚੌਥਾਈ ਤੋਂ ਵੱਧ ਸਥਾਨਾਂ ਵਿੱਚ ਵਾਤਾਵਰਣ ਜਾਂ ਮਨੁੱਖੀ ਸਿਹਤ ਲਈ ਖਤਰਾ ਹੋ ਚੁੱਕਾ ਹੈ, ਜਿਨ੍ਹਾਂ ਵਿੱਚ ਪਾਕਿਸਤਾਨ ਦੇ ਪੰਜਾਬ ਦੀ ਰਾਜਧਾਨੀ ਲਾਹੌਰ ਨਾਲ ਵਗਦੇ ਰਾਵੀ ਦਰਿਆ ਦੇ ਪਾਣੀ ਵਿੱਚ ਸਮੁੱਚੇ ਤੌਰ ਉੱਤੇ 70.8 ਯੂ ਜੀ ਐਲ ਤੋਂ ਲੈ ਕੇ 189 ਯੂ ਜੀ ਐਲ ਤਕ ਗਾੜ੍ਹਾਪਣ ਪਾਇਆ ਗਿਆ ਹੈ।

# ਬਰਾਜ਼ੀਲ ਵਿੱਚ ਤੂਫ਼ਾਨ ਦੇ ਕਾਰਨ ਹੋਈਆਂ 23 ਮੌਤਾਂ



ਰਿਉ ਡੀ ਜੇਨੇਰੀਉ, 17 ਫਰਵਰੀ (ਪੋਸਟ ਬਿਊਰੋ)- ਬਰਾਜ਼ੀਲ ਦੇ ਰਿਉ ਡੀ ਜੇਨੇਰੀਉ ਦੇ ਪਰਬਤੀ ਖੇਤਰ ਵਿੱਚ ਭਾਰੀ ਮੀਂਹ ਦੇ ਬਾਅਦ ਜ਼ਮੀਨ ਖਿਸਕਣ ਅਤੇ ਹੜ੍ਹ ਕਾਰਨ ਭਾਰੀ ਤਬਾਹੀ ਹੋਈ ਹੈ।



ਮਿਲੀ ਜਾਣਕਾਰੀ ਮੁਤਾਬਕ ਇਸ ਤਬਾਹੀ ਦੀ ਲਪੇਟ ਵਿੱਚ ਆਉਣ ਨਾਲ ਲੱਗਭਗ 23 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਕੱਲ੍ਹ ਦੇਰ ਰਾਤ ਪਹਿਲਾਂ ਇਹ ਗਿਣਤੀ 18 ਦੱਸੀ ਸੀ। ਮ੍ਰਿਤਕਾਂ ਦੀ ਗਿਣਤੀ ਵਧਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿਉਂਕਿ ਬਚਾਅ ਦਲ ਪੈਟ੍ਰੋਪੋਲਿਸ ਖੇਤਰ ਦੇ ਪ੍ਰਭਾਵਤ ਇਲਾਕੇ ਵਿੱਚ ਪੀੜਤਾਂ ਦੀ ਤਲਾਸ਼ ਕਰ ਰਹੇ ਹਨ। ਇਸ ਖੇਤਰ ਵਿੱਚ 2011 ਵਿੱਚ ਭਾਰੀ ਮੀਂਹ ਕਾਰਨ ਸੈਂਕੜੇ ਲੋਕਾਂ ਦੀ ਮੌਤ ਹੋ ਗਈ ਸੀ।ਇੱਕ ਬਿਆਨ ਵਿੱਚ ਦੱਸਿਆ ਗਿਆ ਕਿ 180 ਫੌਜੀ ਬਚਾਅ ਮੁਹਿੰਮ ਵਿੱਚ ਲੱਗੇ ਹੋਏ ਹਨ। ਇਸ ਇਲਾਕੇ ਵਿੱਚ ਦਿਨ ਵਿੱਚ ਤਿੰਨ ਘੰਟੇ ਦੇ ਅੰਦਰ 25.8 ਸੈਂਟੀਮੀਟਰ ਮੀਂਹ ਪਿਆ, ਜੋ ਇਸ ਤੋਂ ਪਹਿਲਾਂ ਦੇ 30 ਦਿਨ ਵਿੱਚ ਪਏ ਮੀਂਹ ਦੇ ਬਰਾਬਰ ਹੈ। ਰੂਸ ਦੀ ਯਾਤਰਾ ਉੱਤੇ ਗਏ ਬਰਾਜ਼ੀਲ ਦੇ ਰਾਸ਼ਟਰਪਤੀ ਜਾਇਰ ਬੋਲਸਨਾਰੋ ਨੇ ਟਵੀਟ ਕੀਤਾ ਕਿ ਉਨ੍ਹਾਂ ਆਪਣੇ ਮੰਤਰੀਆਂ ਨੂੰ ਮੀਂਹ ਕਾਰਨ ਪ੍ਰਭਾਵਤ ਹੋਏ ਲੋਕਾਂ ਦੀ ਤੁਰਤ ਮਦਦ ਕਰਨ ਦੇ ਨਿਰਦੇਸ਼ ਦਿੱਤੇ ਹਨ।

# ਭਾਰਤੀ ਮੂਲ ਦੀ ਅੰਨਾ ਮੇਨਨ ਪੁਲਾੜ ਮਿਸ਼ਨ ਲਈ ਚਾਲਕ ਦਲ ਵਿੱਚ ਸ਼ਾਮਲ



ਨਿਊ ਯਾਰਕ, 17 ਫਰਵਰੀ (ਪੋਸਟ ਬਿਊਰੋ)- ਸਪੇਸਐਕਸ ਦੀ ਇੰਜੀਨੀਅਰ ਅੰਨਾ ਮੇਨਨ ਅਮਰੀਕੀ ਅਰਬਪਤੀ ਜੈਰੇਡ ਇਸਕਾਮੈਨ ਵੱਲੋਂ ਐਲਾਨੇ ਗਏ ਅਨੋਖੇ ਪੁਲਾੜ ਮਿਸ਼ਨ ਦੇ ਚਾਲਕ ਦਲ ਵਿੱਚ ਸ਼ਾਮਲ ਹੋਵੇਗੀ।

ਵਰਨਣ ਯੋਗ ਹੈ ਕਿ ਜੈਰੇਡ ਇਸਾਕਮੈਨ ਨੇ ਪਿਛਲੇ ਸਾਲ ਦੁਨੀਆ ਦੇ ਪਹਿਲੇ ਨਿੱਜੀ ਪੁਲਾੜ ਚਾਲਕ ਦਲ ਦੀ ਅਗਵਾਈ ਕੀਤੀ ਸੀ।ਸਪੇਸ ਐਕਸ ਵੱਲੋਂ ਬੀਤੇ ਸੋਮਵਾਰ ਜਾਰੀ ਬਿਆਨ ਮੁਤਾਬਕ ਅੰਨਾ ਭਾਰਤੀ ਮੂਲ ਦੇ ਡਾਕਟਰ ਅਨਿਲ ਮੇਨਨ ਦੀ ਪਤਨੀ ਹੈ ਅਤੇ ਉਹ ਸਪੇਸ ਐਕਸ ਵਿੱਚ ਲੀਡ ਸਪੇਸ ਆਪਰੇਸ਼ਨਜ਼ ਇੰਜੀਨੀਅਰ ਹੈ। ਉਹ ਚਾਲਕ ਦਲ ਦੇ ਸੰਚਾਲਨ ਦੇ ਪ੍ਰੋਗਰਾਮ ਦਾ ਪ੍ਰਬੰਧ ਕਰਦੀ ਹੈ ਅਤੇ ਮਿਸ਼ਨ ਡਾਇਰੈਕਟਰਅਤੇ ਕਰੂ ਕਮਿਊਨੀਕੇਟਰ ਦੇ ਤੌਰ ਉੱਤੇ ਮਿਸ਼ਨ ਕੰਟਰੋਲ ਕਰਨ ਵਿੱਚ ਵੀ ਸੇਵਾ ਦਿੰਦੀ ਹੈ। ਭੁਗਤਾਨ ਸਬੰਧੀ ਸਹੂਲਤ ਦੇਣ ਵਾਲੇ ਸ਼ਿਫਟ-2 ਕੰਪਨੀ ਦੇ ਮੋਢੀਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਇਸਕਾਮੈਨ ਨੇ ਇੰਸੀਪਰੇਸ਼ਨ-4 ਮਿਸ਼ਨ ਦੀ ਕਮਾਨ ਸੰਭਾਲੀ ਸੀ। ਉਨ੍ਹਾਂ ਪੋਲਰਿਸ ਪ੍ਰੋਗਰਾਮ ਦਾ ਵੀ ਐਲਾਨ ਕੀਤਾ ਸੀ।

ਆਪਣੀ ਤਰ੍ਹਾਂ ਦੀ ਇਸ ਪਹਿਲੀ ਕੋਸ਼ਿਸ਼ ਦਾ ਮਕਸਦ ਮਨੁੱਖੀ ਪੁਲਾੜ ਜਹਾਜ਼ ਦੀ ਸਮਰੱਥਾ ਵਿੱਚ ਤੇਜ਼ੀ ਨਾਲ ਵਾਧਾ ਕਰਨਾ ਤੇ ਧਰਤੀ ਦੇ ਅਹਿਮ ਕੰਮਾਂ ਲਈ ਪੈਸਾ ਹਾਸਲ ਕਰਨਾ ਹੈ। ਪ੍ਰੋਗਰਾਮ ਵਿੱਚ ਤਿੰਨ ਮਨੁੱਖੀ ਪੁਲਾੜ ਜਹਾਜ਼ ਮਿਸ਼ਨ ਸ਼ਾਮਲ ਹੋਣਗੇ, ਜਿੱਥੇ ਨਵੀਂ ਤਕਨੀਕ ਦਾ ਪ੍ਰਦਰਸ਼ਨ ਤੇ ਵਿਆਪਕ ਖੋਜ ਕਾਰਜ ਕੀਤੇ ਜਾਣਗੇ। ਪਹਿਲੇ ਮਿਸ਼ਨ ਦਾ ਨਾਂਅ ਪੋਲਰਿਸ ਡਾਨ ਹੈ ਅਤੇ ਇਸ ਨੂੰ ਇਸੇ ਸਾਲ 2022 ਦੇ ਅਖੀਰ ਤਕ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਫਲੋਰੀਡਾ ਸਥਿਤ ਕੈਨੇਡੀ ਪੁਲਾੜ ਕੇਂਦਰ ਤੋਂ ਭੇਜਿਆ ਜਾਵੇਗਾ। ਪੋਲਰਿਸ ਡਾਨ ਮਿਸ਼ਨ ਦੇ ਕਈ ਮਕਸਦ ਅਜਿਹੇ ਹਨ, ਜਿਨ੍ਹਾਂ ਉੱਤੇ ਪਹਿਲੀ ਵਾਰ ਕੰਮ ਹੋਵੇਗਾ। ਇਸ ਲਈ ਇਸ ਚਾਲਕ ਦਲ ਲਈ ਉਨ੍ਹਾ ਮਾਹਰਾਂ ਦੀ ਚੋਣ ਕੀਤੀ ਗਈ ਹੈ, ਜੋ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਵਿਚਾਲੇ ਭਰੋਸੇ ਦੀ ਨੀਂਹ ਮਿਸ਼ਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਵਿੱਚ ਮਦਦਗਾਰ ਸਾਬਤ ਹੋਣਗੀ। ਅੰਨਾ ਇਸ ਵਿੱਚ ਮਿਸ਼ਨ ਮਾਹਰ ਅਤੇ ਮੈਡੀਕਲ ਅਧਿਕਾਰੀ ਹੋਵੇਗੀ। ਸਪੇਸ ਐਕਸ ਵਿੱਚ ਆਉਣ ਪਿੱਛੋਂ ਮੇਨਨ ਨੇ ਡਰੈਗਨ ਕਰੂ ਸਮਰੱਥਾ ਨੂੰ ਲਾਗੂ ਕਰਨ ਦੇ ਪ੍ਰੋਗਰਾਮ ਦੀ ਅਗਵਾਈ ਕੀਤੀ ਹੈ ਤੇ ਕਰੂ ਕਮਿਊਨੀਕੇਟਰ ਆਪਰੇਟਰ ਦੀ ਭੂਮਿਕਾ ਸਿਰਜਣ ਵਿੱਚ ਮਦਦ ਕੀਤੀ ਹੈ। ਉਹ ਅਮਰੀਕੀ ਹਵਾਈ ਫੌਜ ਵਿੱਚ ਲੈਫਟੀਨੈਂਟ ਕਰਨਲ ਹਨ। ਨਾਸਾ ਨੇ ਬੀਤੇ ਸਾਲ ਦਸੰਬਰ ਵਿੱਚ ਨੌਂ ਹੋਰ ਲੋਕਾਂ ਦੇ ਨਾਲ ਉਨ੍ਹਾਂ ਨੂੰ ਭਵਿੱਖ ਦੇ ਪੁਲਾੜ ਮਿਸ਼ਨਾਂ ਲਈ ਚੁਣਿਆ ਸੀ।

# ਮਸਕ ਵੱਲੋਂ ਪੰਜ ਅਰਬ ਡਾਲਰ ਦੇ ਟੈਸਲਾ ਸ਼ੇਅਰ ਬੇਨਾਮ ਚੈਰਿਟੀ ਨੂੰ ਦਾਨ



ਸਾਨ ਫਰਾਂਸਿਸਕੋ, 17 ਫਰਵਰੀ (ਪੋਸਟ ਬਿਊਰੋ)- ਫੋਬਰਸ ਨੇ ਦੱਸਿਆ ਹੈ ਕਿ ਟੈਕ ਅਰਬਪਤੀ ਏਲਨ ਮਸਕ ਨੇ ਨਵੰਬਰ 2021 ਵਿੱਚ ਟੈਸਲਾ ਦੇ ਪੰਜ ਅਰਬ ਡਾਲਰ ਤੋਂ ਵੱਧ ਦੇ ਸ਼ੇਅਰ ਇੱਕ ਬੇਨਾਮ ਚੈਰਿਟੀ ਨੂੰ ਦਾਨ ਕੀਤੇ ਸਨ। ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਫਾਈਲਿੰਗ ਅਨੁਸਾਰ ਮਸਕ ਨੇ 5,044,000 ਟੈਸਲਾ ਸ਼ੇਅਰਟਰਾਂਸਫਰ ਕੀਤੇ, ਜੋ ਨਵੰਬਰ ਵਿੱਚ 10 ਦਿਨਾਂ ਦੌਰਾਨ ਉਸ ਸਮੇਂ 5.4 ਅਰਬ ਡਾਲਰ ਤੋਂ ਵੱਧ ਕੀਮਤ ਦੇ ਸਨ।

ਇਸ ਰਿਪੋਰਟ ਮੁਤਾਬਕ ਫਾਈਲਿਗ ਨੇ ਟਰਾਂਸਫਰ ਨੂੰ ਚੈਰਿਟੀ ਲਈ ਇੱਕ 'ਸੱਚਾ ਤੋਹਫਾ' ਕਿਹਾ, ਪ੍ਰੰਤੂ ਇਹ ਨਹੀਂ ਦੱਸਿਆ ਕਿ ਕਿਸ ਚੈਰਿਟੀ ਨੂੰ ਸ਼ੇਅਰ ਮਿਲੇ। ਇਹ ਸਪੱਸ਼ਟ ਨਹੀਂ ਹੈ ਕਿ ਮਸਕ ਨੇ ਆਪਣੇ ਸ਼ੇਅਰ ਕਿਸ ਨੂੰ ਦਾਨ ਕੀਤੇ, ਪਰ ਇੱਕ ਮਹੀਨਾ ਪਹਿਲਾਂ ਮਸਕ ਨੇ ਯੂ ਐੱਨ ਓ ਦੇ ਵਿਸ਼ਵ ਖੁਰਾਕ ਪ੍ਰੋਗਰਾਮ (ਡਬਲਯੂ ਈ ਐਫ) ਦੇ ਬਾਰੇ ਇੱਕ ਲੇਖ ਦਾ ਜਵਾਬ ਦਿੰਦੇ ਟਵੀਟ ਕੀਤਾ ਕਿ ਉਹ ਸੰਗਠਨ ਨੂੰ ਵੇਚੇ ਗਏ ਟੈਸਲਾ ਸਟਾਕ ਰਾਹੀਂ ਛੇ ਬਿਲੀਅਨ ਡਾਲਰ ਦਾ ਦਾਨ ਦੇਣਗੇ। ਇਹ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਉਨ੍ਹਾਂ ਦਾ ਪੈਸਾ ਦੁਨੀਆ ਦੀ ਭੁੱਖ ਮਿਟਾ ਦੇਵੇਗਾ।

ਡਬਲਯੂ ਐਫ ਪੀ ਦੇ ਕਾਰਜਕਾਰੀ ਡਾਇਰੈਕਟਰ ਡੇਵਿਡ ਨੇਸਲੀ ਨੇ ਟਵਿੱਟਰ ਉੱਤੇ ਯੋਜਨਾ ਦੀ ਰੂਪ ਰੇਖਾ ਤਿਆਰ ਕੀਤੀ ਅਤੇ ਮਸਕ ਨੇ ਇੱਕ ਬੇਨਾਮ ਚੈਰਿਟੀ ਨੂੰ ਸ਼ੇਅਰ ਦਾਨ ਕਰਨ ਤੋਂ ਕੁਝ ਦਿਨ ਪਹਿਲਾਂ ਟੈਗ ਕੀਤਾ। ਮਸਕ ਤੇ ਟੈਸਲਾ ਨੇ ਟਿੱਪਣੀ ਲਈ ਫੋਬਰਸ ਦੀ ਅਪੀਲ ਦਾ ਤੁਰੰਤ ਜਵਾਬ ਨਹੀਂ ਦਿੱਤਾ।ਏਲਨ ਮਸਕ ਦੁਆਰਾ ਇੰਨਾ ਵੱਡਾ ਦਾਨ ਦੇਣਾ ਲੋਕਾਂ ਨੂੰ ਹੈਰਾਨ ਕਰ ਰਿਹਾ ਹੈ। ਮਾਹਰਾਂ ਦਾ ਕਹਿਣਾ ਹੈ ਕਿ ਜਦ ਮਸਕ ਟੈਸਲਾ ਦੇ ਸ਼ੇਅਰ ਗਿਫਟ ਕਰਦੇ ਹਨ ਤਾਂ ਉਨ੍ਹਾਂ ਨੂੰ ਟੈਕਸ ਵਿੱਚ ਇਸ ਦਾ ਲਾਭ ਮਿਲ ਸਕਦਾ ਹੈ। ਮਸਕ ਨੇ 2001 ਵਿੱਚ ਮਸਕ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ ਜਿਸ ਦੇ ਕੋਲ ਵੀਹ ਕਰੋੜ ਡਾਲਰ ਤੋਂ ਵੱਧ ਦੀ ਏਸੈਟਸ ਹੈ।

# ਕੋਵਿਡ-19 ਟੀਕੇ ਦੇ ਬਾਅਦ ਕਸਰਤ ਨਾਲ ਐਂਟੀਬਾਡੀ ਵਿੱਚ ਵਾਧਾ




ਵਾਸ਼ਿੰਗਟਨ, 17 ਫਰਵਰੀ (ਪੋਸਟ ਬਿਊਰੋ)- ਕੋਵਿਡ-19 ਜਾਂ ਕਿਸੇ ਫਲੂ ਤੋਂ ਬਚਣ ਲਈ ਟੀਕਾਕਰਨ ਕਰਾਉਣ ਦੇ ਬਾਅਦ ਨੱਬੇ ਮਿੰਟ ਤਕ ਹਲਕੀ ਜਾਂ ਮੱਧਮ ਪੱਧਰ ਦੀ ਕਸਰਤ ਕਰ ਕੇ ਸਰੀਰ ਵਿੱਚ ਐਂਟੀਬਾਡੀ ਦੀ ਮਾਤਰਾ ਵਧਾਈ ਜਾ ਸਕਦੀ ਹੈ। ਇਸ ਸਰਵੇ ਦੇ ਨਤੀਜੇ 'ਬ੍ਰੇਨ, ਬਿਹੇਵੀਅਰ ਐਂਡ ਇਮੀਊਨਿਟੀ' ਪੱਤ੍ਰਿਕਾ ਵਿਚ ਛਪੇ ਹਨ।

ਸਰਵੇ ਵਿੱਚ ਸ਼ਾਮਲ ਜਿਨ੍ਹਾਂ ਲੋਕਾਂ ਨੇ ਟੀਕਾਕਰਨ ਕਰਾਉਣ ਦੇ ਬਾਅਦ ਡੇਢ ਘੰਟੇ ਤਕ ਸਾਈਕਲ ਚਲਾਈ ਜਾਂ ਸੈਰ ਕੀਤੀ, ਉਨ੍ਹਾਂ ਵਿੱਚ ਅਗਲੇ ਚਾਰ ਹਫਤੇ ਵਿੱਚ ਉਨ੍ਹਾਂ ਲੋਕਾਂ ਦੇ ਮੁਕਾਬਲੇ ਵਿੱਚ ਵੱਧ ਐਂਟੀਬਾਡੀ ਬਣੀ, ਜਿਨ੍ਹਾਂ ਨੇ ਟੀਕਾਕਰਨ ਦੇ ਬਾਅਦ ਕਿਸੇ ਪ੍ਰਕਾਰ ਦੀ ਕਸਰਤ ਨਹੀਂ ਕੀਤੀ ਸੀ। ਅਮਰਕਾ ਵਿਚਲੇ 'ਆਯੋਵਾ ਸਟੇਟ ਯੂਨੀਵਰਸਿਟੀ' ਦੇ ਖੋਜਕਾਰਾਂ ਨੇ ਚੂਹਿਆਂ ਅਤੇ ਟ੍ਰੈਡਮਿਲ ਦੀ ਵਰਤੋਂ ਕਰ ਕੇ ਇਸੇ ਤਰ੍ਹਾਂ ਦਾ ਪ੍ਰਯੋਗ ਕੀਤਾ, ਜਿਸ ਦਾ ਨਤੀਜਾ ਇੱਕੋ ਜਿਹਾ ਨਿਕਲਿਆ। ਆਯੋਵਾ ਸਟੇਟ ਯੂਨੀਵਰਸਿਟੀ ਦੀ ਪ੍ਰੋਫੈਸਰ ਮਰੀਅਨ ਕੋਹੁਟ ਨੇ ਕਿਹਾ ਕਿ ਇਸ ਦੇ ਕਈ ਕਾਰਨ ਹੋ ਸਕਦੇ ਹਨ ਕਿ ਲੰਬੇ ਸਮੇਂ ਤਕ ਹਲਕੀ ਜਾਂ ਮੱਧਮ ਕਸਰਤ ਕਰਨ ਨਾਲ ਸਰੀਰ ਦੀ ਰੋਗਾਂ ਨਾਲ ਲੜਨ ਸਮਰੱਥਾ ਵਿੱਚ ਸੁਧਾਰ ਕਿਉਂ ਹੁੰਦਾ ਹੈ।ਖੋਜਕਾਰਾਂ ਅਨੁਸਾਰ ਕਸਰਤ ਕਰਨ ਨਾਲ ਖੂਨ ਸੰਚਾਰ ਵਧਦਾ ਹੈ, ਜੋ ਪ੍ਰਤੀਰੱਖਿਅਕ ਨਾੜੀਆਂ ਦੇ ਸੰਚਾਰ ਵਿੱਚ ਮੱਦਦ ਕਰਦਾ ਹੈ ਅਤੇ ਜਦ ਇਹ ਨਾੜੀਆਂ ਸਰੀਰ ਵਿੱਚ ਪ੍ਰਵਾਹਿਤ ਹੁੰਦੀਆਂ ਹਨ ਤਾਂ ਕਿਸੇ ਬਾਹਰੀ ਤੱਤ ਦੀ ਬਿਹਤਰ ਤਰੀਕੇ ਨਾਲ ਉਨ੍ਹਾਂ ਦੇ ਦੁਆਰਾ ਪਛਾਣ ਲੈਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

# ਸਾਊਦੀ ਅਰਬ ਨੇ ਪਾਕਿ ਤੋਂ 300 ਕਰੋੜ ਡਾਲਰ ਦਾ ਕਰਜ਼ਾ ਵਾਪਸ ਮੰਗਿਆ

ਇਸਲਾਮਾਬਾਦ, 17 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੀ ਇਮਰਾਨ ਖ਼ਾਨ ਸਰਕਾਰ ਦੀਆਂ ਵਿੱਤੀ ਚੁਣੌਤੀਆਂ ਨਕਦੀ ਦੀ ਕਮੀ ਕਾਰਨ ਵਧਦੀਆਂ ਜਾ ਰਹੀਆਂ ਹਨ। ਇਸ ਦੇਸ਼ ਨੇ ਇੱਕ ਸਾਲ ਪਹਿਲਾਂ ਸਾਊਦੀ ਅਰਬ ਤੋਂ ਕਰੀਬ 300ਕਰੋੜ ਅਮਰੀਕੀ ਡਾਲਰ ਦਾ ਕਰਜ਼ ਲਿਆ ਸੀ, ਜਿਸ ਨੂੰ ਛੇਤੀ ਹੀ ਵਾਪਸ ਕਰਨਾ ਹੋਵੇਗਾ। ਇਹ ਕਰਜ਼ਾ ਹਰ ਤਿਮਾਹੀ ਵਿੱਚ ਚਾਰ ਫ਼ੀਸਦੀ ਵਿਆਜ਼ ਦੀ ਦਰ ਉੱਤੇ ਲਿਆ ਗਿਆ ਸੀ।

ਸਾਊਦੀ ਅਰਬ ਨੇ ਅਕਤੂਬਰ 2021 ਵਿੱਚ ਪਾਕਿਸਤਾਨ ਲਈ ਆਪਣੀ ਵਿੱਤੀ ਸਹਾਇਤਾ ਫਿਰ ਜਾਰੀ ਰੱਖਣਦੀ ਸਹਿਮਤੀ ਪ੍ਰਗਟਾਈ ਸੀ, ਜਿਸ ਵਿੱਚ ਸੁਰੱਖਿਅਤ ਜਮ੍ਹਾਂ ਰਾਸ਼ੀ ਵਜੋਂ ਲੱਗਭਗ 300 ਕਰੋੜ ਅਮਰੀਕੀ ਡਾਲਰ ਅਤੇ ਮੁਲਤਵੀਸ਼ੁਦਾ ਭੁਗਤਾਨ ਵਜੋਂ 120 ਤੋਂ 150 ਕਰੋੜ ਅਮਰੀਕੀ ਡਾਲਰ ਦੀ ਕੀਮਤ ਦੀ ਤੇਲ ਸਪਲਾਈ ਸ਼ਾਮਲ ਸੀ। ਇਸ ਨਾਲ ਪਾਕਿਸਤਾਨ ਨੂੰ ਆਪਣੀ ਯੋਜਨਾ ਦੇ ਬਾਰੇ ਅੰਤਰਰਾਸ਼ਟਰੀ ਮੁਦਰਾ ਫ਼ੰਡ (ਆਈ ਐਮ ਐਫ਼) ਨੂੰ ਸੁਲਝਾਉਣ ਵਿੱਚ ਮਦਦ ਮਿਲੀ ਸੀ। ਰਿਪੋਰਟ ਅਨੁਸਾਰ ਇਸ ਦੇ ਪ੍ਰਤੀਨਿਧਾਂ ਨੇ ਬੀਤੇ ਦਿਨੀਂ ਇਸਲਾਮਾਬਾਦ ਨੂੰ ਆਰਥਿਕ ਸੁਧਾਰਾਂ ਉੱਤੇ ਹੋਰ ਜ਼ੋਰ ਦੇਣ ਲਈ ਕਿਹਾ ਹੈ।ਪਾਕਿਸਤਾਨ ਦੇ ਵਿੱਤ ਮੰਤਰੀ ਸ਼ੌਕਤ ਤਾਰਿਜ ਨੇ ਸਾਊਦੀ ਕਰਜ਼ੇ ਉੱਤੇ ਵਿਆਜ ਦਰ ਬਾਰੇ ਕਿਹਾ ਕਿ ਦੁਨੀਆ ਭਰ ਵਿੱਚ ਵਿਆਜ਼ ਦਰਾਂ ਵਧ ਰਹੀਆਂ ਹਨ। ਚਾਰ ਫ਼ੀਸਦੀ ਦੀ ਵਿਆਜ਼ ਦਰ ਕੋਈ ਮਾੜਾ ਸੌਦਾ ਨਹੀਂ। ਉਨ੍ਹਾਂ ਕਿਹਾ ਕਿ ਕਿਸੇ ਵੀ ਮਾਮਲੇ ਵਿੱਚ ਮੁਲਤਵੀਸ਼ੁਦਾਭੁਗਤਾਨ ਦੀ ਕੋਈ ਗੁੰਜਾਇਸ਼ ਨਹੀਂ ਸੀ। ਮੰਤਰੀ ਨੇ ਕਿਹਾ ਕਿ ਜੇਕਰ ਕੋਈ ਹੁੰਦਾ ਵੀ ਹੈ, ਤਾਂ ਉਸ ਦਾ ਅਸਲ ਸਮਝੌਤੇ ਵਿੱਚ ਜ਼ਿਕਰ ਕੀਤਾ ਗਿਆ ਹੁੰਦਾ।

ਪ੍ਰਾਫਿਟ ਐਂਡ ਪਾਲੀਟਿਕਸ:

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਕਾਰੋਬਾਰੀ ਪੱਖੋਂ ਸਰਗਰਮ



ਨਿਊ ਯਾਰਕ, 17 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਹੁਦੇ ਤੋਂ ਹਟਣ ਦੇ ਬਾਅਦ ਵੀ ਕਰੋੜਾਂ ਡਾਲਰ ਦੀ ਕਮਾਈ ਕਰ ਰਹੇ ਹਨ। ਉਹ ਅਮਰੀਕਾ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਹਨ, ਜੋ ਕਾਰੋਬਾਰੀ ਤੌਰ ਉੱਤੇ ਸਰਗਰਮ ਹਨ। ਟਰੰਪ ਦੇ ਨਾਲ ਹਾਈ ਟੀ, ਯਾਨੀ ਚਾਹ ਪੀਣ ਦਾ ਰੇਟ 37 ਲੱਖ ਰੁਪਏ ਹੈ। ਜੇ ਕਿਸੇ ਸਮਰਥਕ ਨੇ ਟਰੰਪ ਨਾਲ ਫੋਟੋ ਖਿਚਵਾਉਣੀ ਹੈ ਤਾਂ ਇਸ ਦੇ ਲਈ ਉਸ ਨੂੰ 22 ਲੱਖ ਰੁਪਏ ਤਕ ਖਰਚ ਕਰਨੇ ਪੈਣਗੇ। ਟਰੰਪ ਨੇ ਪਿਛਲੇ ਇੱਕ ਸਾਲ ਵਿੱਚ ਆਪਣੀ ਕੌਫੀ ਟੇਬਲ ਬੁੱਕ ਤੋਂ ਲਗਭਗ 506 ਕਰੋੜ ਰੁਪਏ ਦੀ ਕਮਾਈ ਕੀਤੀ ਸੀ। ਟਰੰਪ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਵੀ ਧਨ ਕੁਬੇਰ ਸਨ। ਰੀਅਲ ਅਸਟੇਟ, ਗੋਲਡ ਬਾਰ, ਫਾਇਨੈਂਸ ਅਤੇ ਹੋਰ ਕਈ ਕਾਰੋਬਾਰ ਉਹ ਚਲਾਉਂਦੇ ਸਨ। ਇਹ ਦੁਨੀਆ ਵਿੱਚ ਫੈਲੇ ਹੋਏ ਹਨ, ਪਰ ਸਾਬਕਾ ਰਾਸ਼ਟਰਪਤੀ ਦੇ ਰੂਪ ਵਿੱਚ ਉਨ੍ਹਾਂ ਦਾ ਕਾਰੋਬਾਰ ਹੋਰ ਵੀ ਫੈਲ ਗਿਆ ਹੈ।

ਦਸੰਬਰ ਵਿੱਚ ਫਲੋਰੀਡਾ ਵਿੱਚ ਇੱਕ ਕ੍ਰਿਸਮਸ ਇਵੈਂਟ ਦੇ ਲਈ ਟਰੰਪ ਨੇ ਕਰੋੜਾਂ ਰੁਪਏ ਦੀ ਕਮਾਈ ਕੀਤੀ। ਇਹ ਸਾਰੇ ਫੰਡ ਰੇਜ਼ਿੰਗ ਇਵੈਂਟ ਤੋਂ ਹੋਣ ਵਾਲੀ ਕਮਾਈ ਟਰੰਪ ਦੀਆਂ ਰਾਜਨੀਤਕ ਮੁਹਿੰਮਾਂ ਲਈ ਨਹੀਂ ਜਾਂਦੀ। ਇਹ ਉਨ੍ਹਾਂ ਦੀ ਰਿਪ-ਬਲਿਕਨ ਪਾਰਟੀ ਦੇ ਖਾਤੇ ਵਿੱਚ ਨਾ ਜਾ ਕੇ ਟਰੰਪ ਕੋਲ ਜਾਂਦੀ ਹੈ। ਟਰੰਪ ਦੇ ਇੱਕ ਇਵੈਂਟ ਵਿੱਚ ਆਏ ਡੈਨੀਅਲ ਪੋਪੋਸਕਿਊ ਦਾ ਕਹਿਣਾ ਹੈ ਕਿ ਟਰੰਪ ਬਾਰ ਵਿੱਚ ਬੇਸ਼ੱਕ ਤੁਹਾਨੂੰ ਡਰਿੰਕ ਮਹਿੰਗੇ ਮਿਲੇ, ਪ੍ਰੰਤੂ ਇੱਥੇ ਆ ਕੇ ਤੁਹਾਨੂੰ ਤਸੱਲੀ ਮਿਲਦੀ ਹੈ ਕਿ ਤੁਸੀਂ ਅਮਰੀਕਾ ਦੇ ਇੱਕ ਮਹਾਨ ਰਾਸ਼ਟਰਪਤੀ ਦੇ ਨਾਲ ਹੋ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਓਬਾਮਾ ਬੁਕ ਰਾਇਲਟੀ, ਬਿਲ ਕਲਿੰਟਨ ਸਪੀਚ ਮੇਕਿੰਗ ਅਤੇ ਜਾਰਜ ਡਬਲਯੂ ਬੁਸ਼ ਕੇਵਲ ਸਪੀਚ ਮੇਕਿੰਗ ਤੋਂ ਪੈਸੇ ਕਮਾਉਂਦੇ ਰਹੇ ਹਨ। ਟਰੰਪ ਦਾ ਬਿਜ਼ਨਸ ਮਾਡਲ ਅਮਰੀਕਾ ਵਿੱਚ ਸਭ ਤੋਂ ਅਨੋਖਾ ਹੈ।ਟਰੰਪ ਦੀ ਮੇਕ ਅਮਰੀਕਾ ਗ੍ਰੇਟ ਅਗੇਨ ਦੇ ਕੈਪਸ਼ਨ ਵਾਲੀ ਕੈਪ ਅਤੇ ਟੀ-ਸ਼ਰਟ ਦੀ ਸਭ ਤੋਂ ਜ਼ਿਆਦਾ ਡਿਮਾਂਡ ਰਹਿੰਦੀ ਹੈ। 3700 ਰੁਪਏ ਦੀ ਕੀਮਤ ਵਾਲੀ ਟੋਪੀ ਹੱਥੋਂ-ਹੱਥ ਵਿਕ ਜਾਂਦੀ ਹੈ।

# ਅਮਰੀਕਾ ਵਿਚਲੇ ਅਫ਼ਗਾਨ ਡਿਪਲੋਮੈਟ ਕਰਜ਼ਾ ਲੈ ਕੇ ਗੁਜ਼ਾਰਾ ਕਰਨ ਲਈ ਮਜਬੂਰ



ਵਾਸ਼ਿੰਗਟਨ, 17 ਫਰਵਰੀ (ਪੋਸਟ ਬਿਊਰੋ)- ਵਾਸ਼ਿੰਗਟਨ ਵਿੱਚ ਅਫ਼ਗਾਨਿਸਤਾਨ ਦੇ ਦੂਤਘਰ ਦੇ ਨਾਲ ਨਿਊਯਾਰਕ ਅਤੇ ਲਾਸ ਏਂਜਲਸ ਵਿੱਚ ਅਫ਼ਗਾਨ ਵਪਾਰ ਕੌਂਸਲੇਟ ਵਿੱਚ ਕੰਮ ਕਰਦੇ ਡਿਪਲੋਮੈਂਟਾਂ ਨੂੰ ਕਈ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ। ਇਹ ਲੋਕ ਆਪਣੀ ਬਚਤ ਦੀ ਵਰਤੋਂ ਕਰ ਕੇ ਅਤੇ ਕਰਜ਼ਾ ਲੈ ਕੇ ਗੁਜ਼ਾਰਾ ਕਰ ਰਹੇ ਹਨ।

ਇਹ ਜਾਣਕਾਰੀ ਦਿ ਨਿਊਯਾਰਕ ਟਾਈਮਜ਼ ਨੇ ਦਿੱਤੀ ਹੈ। ਅਖ਼ਬਾਰ ਵਿੱਚ ਕੱਲ੍ਹ ਛਪੀ ਇੱਕ ਰਿਪੋਰਟ ਅਨੁਸਾਰ ਅਫ਼ਗਾਨ ਦੂਤਘਰ ਨੂੰ ਵਾਸ਼ਿੰਗਟਨ ਹਰ ਮਹੀਨੇ ਲੱਗਭਗ 2,000 ਡਾਲਰ ਤੋਂ 3,000 ਡਾਲਰ ਦਿੰਦਾ ਹੈ, ਜਿਸ ਨਾਲ ਦੂਤਘਰ ਦੇ ਜ਼ਰੂਰੀ ਕੰਮ ਤਾਂ ਕੀਤੇ ਜਾ ਸਕਦੇ ਹਨ ਪਰ ਕਰਮਚਾਰੀਆਂ ਨੂੰ ਤਨਖ਼ਾਹ ਨਹੀਂ ਮਿਲ ਸਕਦੀ। ਪਤਾ ਲੱਗਾ ਹੈ ਕਿ ਅਕਤੂਬਰ 2021 ਤੋਂ ਦੂਤਘਰ ਦੇ ਫ਼ੰਡ ਤੱਕ ਤਾਲਿਬਾਨ ਦੀ ਪਹੁੰਚ ਰੋਕਣ ਲਈ ਅਮਰੀਕੀ ਬੈਂਕਾਂ ਨੇ ਖਾਤਿਆਂ ਨੂੰ ਫ਼੍ਰੀਜ਼ ਕਰ ਦਿੱਤਾ ਸੀ ਤੇ ਉਦੋਂ ਤੋਂ ਅਫ਼ਗਾਨ ਡਿਪਲੋਮੈਂਟਾਂ ਨੂੰ ਭੁਗਤਾਨ ਨਹੀਂ ਕੀਤਾ ਜਾ ਸਕਿਆ। ਅਫ਼ਗਾਨਿਸਤਾਨ ਦੇ ਡਿਪਲੋਮੈਂਟਾਂ ਨੂੰ ਪਿਛਲੇ ਸਾਲ ਅਕਤੂਬਰ ਤੋਂ ਵੀ ਭੁਗਤਾਨ ਨਹੀਂ ਕੀਤਾ ਗਿਆ, ਜਦੋਂ ਅਮਰੀਕੀ ਬੈਂਕਾਂ ਨੇ ਤਾਲਿਬਾਨ ਨੂੰ ਦੂਤਘਰ ਦੇ ਧਨ ਤੱਕ ਪਹੁੰਚਣ ਤੋਂ ਰੋਕਣ ਲਈ ਖਾਤਿਆਂ ਨੂੰ ਫ਼੍ਰੀਜ਼ ਕੀਤਾ ਸੀ। ਅਖ਼ਬਾਰ ਅਨੁਸਾਰ ਜੇ ਦੂਤਘਰ ਬੰਦ ਹੋ ਗਿਆ ਤਾਂ ਉਹ ਲੋਕ ਸਿਰਫ਼ 30 ਦਿਨਾਂ ਤੱਕ ਇੱਥੇ ਰੁਕ ਸਕਣਗੇ।

ਯੂ ਐਸ ਸਿਟੀਜਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ ਦੇ ਬੁਲਾਰੇ ਮੈਥਿਊ ਬੋਕਰ ਨੇ ਦਿ ਨਿਊਯਾਰਕ ਟਾਈਮਜ਼ ਨੂੰ ਦੱਸਿਆਕਿ ਡਿਪਲੋਮੈਂਟਾਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਸਮੇਤ 31 ਅਫ਼ਗਾਨਾਂ ਨੇ ਪੱਕੀ ਰਿਹਾਇਸ਼ ਲਈ ਅਰਜ਼ੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਕੱਲ੍ਹ ਇੱਕ ਕਾਰਜਕਾਰੀ ਆਦੇਸ਼ ਉੱਤੇ ਦਸਤਖ਼ਤ ਕੀਤੇ, ਜਿਸ ਵਿੱਚ ਅਮਰੀਕਾ ਵਿੱਚ ਜਮ੍ਹਾ ਅਫ਼ਗਾਨ ਸੈਂਟਰਲ ਬੈਂਕ ਤੋਂ ਸੱਤ ਬਿਲੀਅਨ ਅਮਰੀਕੀ ਡਾਲਰ ਮਨੁੱਖੀ ਟਰੱਸਟ ਅਤੇ ਅਤਿਵਾਦ ਪੀੜਤਾਂ ਨੂੰ ਮੁਆਵਜ਼ੇ ਦੇ ਤੌਰ ਉੱਤੇ ਦੇਣ ਦੀ ਇਜਾਜ਼ਤ ਗਈ ਹੈ।

# ਏਅਰ ਇੰਡੀਆ ਵੱਲੋਂ ਲੰਡਨ ਹੀਥਰੋ-ਅੰਮ੍ਰਿਤਸਰ ਉਡਾਣਾਂ ਦੀ ਗਿਣਤੀ ਵਿੱਚ ਵਾਧਾ

## ਪੰਜਾਬੀ ਭਾਈਚਾਰੇ ਵਲੋਂ ਏਅਰ ਇੰਡੀਆ ਦੇ ਫੈਸਲੇ ਦਾ ਸਵਾਗਤ




ਫਰਵਰੀ 17, (ਪੋਸਟ ਬਿਊਰੋ): ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ, ਅੰਮ੍ਰਿਤਸਰ ਵਿਕਾਸ ਮੰਚ, ਸੇਵਾ ਟਰੱਸਟ ਯੂ.ਕੇ. ਅਤੇ ਯੂ.ਕੇ. ਦੇ ਪੰਜਾਬੀ ਭਾਈਚਾਰੇ ਨੇ ਟਾਟਾ ਗਰੁੱਪ ਅਧੀਨ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ ਹੀਥਰੋ ਸਿੱਧੀ ਉਡਾਣ ਨੂੰ 27 ਮਾਰਚ ਤੋਂ ਹਫ਼ਤੇ ਵਿੱਚ ਇਕ ਦਿਨ ਤੋਂ ਵਧਾ ਕੇ ਤਿੰਨ ਉਡਾਣਾਂ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸਕੱਤਰ ਸਮੀਪ ਸਿੰਘ ਗੁਮਟਾਲਾ (ਯੂਐਸਏ) ਅਤੇ ਸੇਵਾ ਟਰੱਸਟ ਯੂ.ਕੇ ਦੇ ਸੰਸਥਾਪਕ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਨੇ ਪ੍ਰੈਸ ਨੂੰ ਦਿੱਤੇ ਸਾਂਝੇ ਬਿਆਨ ਵਿੱਚ ਕਿਹਾ ਕਿ ਕਰੋਨਾ ਮਹਾਂਮਾਰੀ ਅਤੇ ਨਿਯਮਤ ਅੰਤਰਰਾਸ਼ਟਰੀ ਉਡਾਣਾਂ ਦੀ ਮੁਅੱਤਲੀ ਦੇ ਵਿਚਕਾਰ ਇਸ ਪ੍ਰਸਿੱਧ ਉਡਾਣ ਦੀ ਗਿਣਤੀ ਵਿੱਚ ਵਾਧਾ ਯੂਕੇ ਵਿੱਚ ਰਹਿੰਦੇ ਪੰਜਾਬੀ ਪ੍ਰਵਾਸੀਆਂ ਲਈ ਚੰਗੀ ਖ਼ਬਰ ਲੈ ਕੇ ਆਇਆ ਹੈ। ਗੁਮਟਾਲਾ ਨੇ ਦੱਸਿਆ ਕਿ ਏਅਰ ਇੰਡੀਆ ਦੀ ਵੈੱਬਸਾਈਟ 'ਤੇ ਤਾਜ਼ਾ ਸਮਾਸੂਚੀ ਅਨੁਸਾਰ, ਏਅਰ ਇੰਡੀਆ ਦੀ ਉਡਾਣ ਏਆਈ 170 ਸ਼ਨੀਵਾਰ, ਐਤਵਾਰ ਅਤੇ ਸੋਮਵਾਰ ਨੂੰ ਲੰਡਨ ਹੀਥਰੋ ਤੋਂ ਉਡਾਣ ਭਰੇਗੀ ਅਤੇ ਅੰਮ੍ਰਿਤਸਰ ਤੋਂ ਉਡਾਣ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਰਵਾਨਾ ਹੋਵੇਗੀ। ਏਅਰ ਇੰਡੀਆ ਇਸ ਰੂਟ 'ਤੇ 256 ਸੀਟਾਂ ਵਾਲਾ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਚਲਾਉਂਦੀ ਹੈ ਜਿਸ ਵਿੱਚ 238 ਇਕੋਨੋਮੀ ਅਤੇ 18 ਬਿਜ਼ਨਸ ਕਲਾਸ ਸੀਟਾਂ ਹਨ। ਇਹਨਾਂ ਸਿੱਧੀਆਂ ਉਡਾਣਾਂ ਦੀ ਬੁਕਿੰਗ ਅਕਤੂਬਰ 2022 (ਏਅਰਲਾਈਨਾਂ ਲਈ ਗਰਮੀਆਂ ਦੀ ਸਮਾਂ-ਸਾਰਣੀ ਦੇ ਅੰਤ) ਤੱਕ ਉਪਲਬਧ ਹੈ। ਵਰਤਮਾਨ ਵਿੱਚ, ਭਾਰਤ ਅਤੇ ਬ੍ਰਿਟੇਨ ਦਰਮਿਆਨ ਉਡਾਣਾਂ ਭਾਰਤ ਦੁਆਰਾ ਕਈ ਦੇਸ਼ਾਂ ਨਾਲ ਕੀਤੇ ਗਏ ਅਸਥਾਈ ਹਵਾਈ ਸਮਝੌਤਿਆਂ (ਏਅਰ ਬੱਬਲ) ਦੇ ਤਹਿਤ ਚੱਲ ਰਹੀਆਂ ਹਨ। ਗੁਮਟਾਲਾ ਦੇ ਦੱਸਿਆ ਕਿ ਏਅਰ ਇੰਡੀਆ ਇਸ ਵੇਲੇ ਹਫ਼ਤੇ ਵਿੱਚ ਇਕ ਦਿਨ ਸਿੱਧੀ ਅੰਮ੍ਰਿਤਸਰ-ਬਰਮਿੰਘਮ ਉਡਾਣ ਵੀ ਚਲਾ ਰਹੀ ਹੈ। ਸਾਨੂੰ ਉਮੀਦ ਹੈ ਕਿ ਭਵਿੱਖ ਵਿੱਚ ਏਅਰ ਬੱਬਲ ਖਤਮ ਹੋਣ ਤੋਂ ਬਾਦ ਇਹਨਾਂ ਉਡਾਣਾਂ ਦੀ ਗਿਣਤੀ ਵੀ ਵਧੇਗੀ। ਉਨ੍ਹਾਂ ਅੱਗੇ ਕਿਹਾ, "ਸਿੱਧੀਆਂ ਉਡਾਣਾਂ ਵਿੱਚ ਵਾਧੇ ਨਾਲ ਪੰਜਾਬ ਅਤੇ ਯੂਕੇ ਦਰਮਿਆਨ ਹਵਾਈ ਸਫਰ ਸਿਰਫ਼ 8-9 ਘੰਟਿਆਂ ਵਿੱਚ ਪੂਰਾ ਹੋ ਜਾਂਦਾ ਹੈ ਅਤੇ ਯਾਤਰੀ ਦਿੱਲੀ ਰਾਹੀਂ ਹੁੰਦੀ ਖੱਜਲ ਖ਼ੁਆਰੀ ਤੋਂ ਵੀ ਬੱਚ ਸਕਣਗੇ। ਇਹਨਾਂ ਉਡਾਣਾਂ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਵੱਡਾ ਹੁਲਾਰਾ ਮਿਲੇਗਾ। ਇੱਥੋਂ ਤੱਕ ਕਿ ਉਦਯੋਗ ਅਤੇ ਕਿਸਾਨਾਂ ਨੂੰ ਵੀ ਯੂਕੇ ਲਈ ਵਧੇਰੇ ਸਿੱਧੀਆਂ ਉਡਾਣਾਂ ਦਾ ਲਾਭ ਹੋਵੇਗਾ ਕਿਉਂਕਿ ਉਹ ਕਾਰਗੋ ਭੇਜਣ ਦੇ ਯੋਗ ਹੋਣਗੇ। ਸੇਵਾ ਟਰੱਸਟ ਯੂਕੇ ਦੇ ਸੰਸਥਾਪਕ ਚੇਅਰਮੈਨ, ਚਰਨ ਕੰਵਲ ਸਿੰਘ ਸੇਖੋਂ, ਜਿਨ੍ਹਾਂ ਨੂੰ ਹਾਲ ਹੀ ਵਿੱਚ ਯੂਕੇ ਦੇ ਵੱਖ-ਵੱਖ ਭਾਈਚਾਰਿਆਂ ਲਈ ਯੋਗਦਾਨ ਅਤੇ ਸਮਾਜ ਸੇਵਾ ਲਈ ਗ੍ਰੇਟ ਬ੍ਰਿਟੇਨ ਦੀ ਮਹਾਰਾਣੀ ਦੁਆਰਾ ਰਾਸ਼ਟਰੀ ਸਨਮਾਨ (ਐਮਬੀਈ) ਨਾਲ ਸਨਮਾਨਿਤ ਕੀਤਾ ਗਿਆ ਸੀ, ਨੇ ਕਿਹਾ, 9;ਸੇਵਾ ਟਰੱਸਟ ਯੂਕੇ ਦੇ ਸਮੂਹ ਮੈਂਬਰਾਂ ਦੀ ਤਰਫ਼ੋਂ ਮੈਂ ਇਸ ਫੈਸਲੇ ਦਾ ਸਵਾਗਤ ਕਰਦਾ ਹਾਂ ਅਤੇ ਟਾਟਾ /ਏਅਰ ਇੰਡੀਆ ਦੁਆਰਾ ਦੇ ਨਵੇਂ ਪ੍ਰਬੰਧਕਾਂ ਦੇ ਇਸ ਸ਼ਾਨਦਾਰ ਫੈਸਲੇ ਲਈ ਦਿਲੋਂ ਧੰਨਵਾਦੀ ਹਾਂ। ਯੂ.ਕੇ. ਵਿੱਚ ਰਹਿੰਦੇ ਸਮੁੱਚੇ ਪੰਜਾਬੀ ਅਤੇ ਭਾਰਤੀ ਪ੍ਰਵਾਸੀਆਂ ਦੇ ਫਾਇਦੇ ਲਈ ਜੋ ਸਿੱਧੇ ਪੰਜਾਬ ਦੀ ਹਵਾਈ ਯਾਤਰਾ ਕਰਨਾ ਚਾਹੁੰਦੇ ਹਨ, ਅਸੀਂ ਅੰਮ੍ਰਿਤਸਰ ਵਿਕਾਸ ਮੰਚ ਦੇ ਨਾਲ ਮਿਲ ਕੇ ਪਿਛਲੇ ਪੰਜ ਸਾਲਾਂ ਤੋਂ ਇਸ ਲਈ ਸਾਂਝੀ ਮੁਹਿੰਮ ਚਲਾਈ ਹੈ ਅਤੇ ਬਹੁਤ ਹੀ ਲਗਨ ਨਾਲ ਕੰਮ ਕੀਤਾ ਹੈ। ਅਸੀਂ ਇਸ ਮੁੱਦੇ ਨੂੰ ਭਾਰਤ, ਪੰਜਾਬ ਅਤੇ ਯੂ.ਕੇ. ਸਰਕਾਰ, ਯੂਕੇ ਦੇ ਭਾਰਤੀ ਹਾਈ ਕਮਿਸ਼ਨ ਦੇ ਨਾਲ-ਨਾਲ ਭਾਰਤ ਦੇ ਹਵਾਬਾਜ਼ੀ ਮੰਤਰਾਲੇ ਅਤੇ ਏਅਰ ਇੰਡੀਆ ਕੋਲ ਉਠਾਇਆ ਹੈ ਅਤੇ ਲੰਡਨ ਤੋਂ ਪੰਜਾਬ ਲਈ ਸਿੱਧੀਆਂ ਉਡਾਣਾਂ ਦੀ ਇਸ ਮੰਗ ਨੂੰ ਉਜਾਗਰ ਕੀਤਾ ਹੈ। ਅਸੀਂ ਭਾਰਤ ਸਰਕਾਰ, ਏਅਰ ਇੰਡੀਆ ਅਤੇ ਸ਼੍ਰੀ ਹਰਦੀਪ ਸਿੰਘ ਪੁਰੀ ਦਾ 2019 ਵਿੱਚ ਗੁਰੂ ਨਾਨਕ ਦੇਵ ਜੀ 550 ਸਾਲਾਂ ਗੁਰਪੁਰਬ ਮੌਕੇ ਲੰਡਨ ਸਟੈਨਸਟੇਡ ਤੋਂ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਅਤੇ ਹੁਣ ਟਾਟਾ ਵਲੋਂ ਮਾਰਚ ਤੋਂ ਲੰਡਨ ਹੀਥਰੋ ਲਈ ਉਡਾਣਾਂ ਦੀ ਗਿਣਤੀ ਵਧਾਉਣ ਦੇ ਫੈਸਲਾ ਲਈ ਧੰਨਵਾਦੀ ਹਾਂ।ਮੈਂ ਉਨ੍ਹਾਂ ਸਾਰੇ ਯਾਤਰੀਆਂ ਨੂੰ ਜੋ ਪੰਜਾਬ ਜਾਣਾ ਚਾਹੁੰਦੇ ਹਨ, ਨੂੰ ਇਨ੍ਹਾਂ ਸਿੱਧੀਆਂ ਉਡਾਣਾਂ ਦੀ ਤੇ ਹੀ ਜਾਣ ਦੀ ਅਪੀਲ ਕਰਨਾ ਚਾਹਾਂਗਾ ਤਾਂ ਜੋ ਇਹਨਾਂ ਦੀ ਕਾਮਯਾਬੀ ਨਾਲ ਹੋਰ ਵੀ ਏਅਰਲਾਈਨਾਂ ਉਡਾਣਾਂ ਸ਼ੁਰੂ ਕਰ ਸਕਣ। ਅਸੀਂ ਹੋਰ ਏਅਰਲਾਈਨਾਂ ਨੂੰ ਪੰਜਾਬ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਮਨਾਉਣ ਵਾਸਤੇ ਆਪਣੀ ਮੁਹਿੰਮ ਜਾਰੀ ਰੱਖਾਂਗੇ ਕਿਉਂਕਿ ਲੰਡਨ ਰਾਹੀਂ ਕੈਨੇਡਾ, ਅਮਰੀਕਾ ਅਤੇ ਯੂਰਪ ਦੇ ਨਾਲ ਸੁਵਿਧਾਜਨਕ ਸੰਪਰਕ ਵੀ ਬਣ ਸਕਦਾ ਹੈ। ਇਹਨਾਂ ਮੁਲਕਾਂ ਵਿੱਚ ਪੰਜਾਬੀ ਭਾਈਚਾਰਾ ਬਹੁਤ ਵੱਡੀ ਗਿਣਤੀ ਵਿੱਚ ਹੈ।

## ਤਾਲਿਬਾਨ ਦੀ ਧਮਕੀ: ਅਮਰੀਕਾ ਸਾਡੀ ਜ਼ਬਤ ਜਾਇਦਾਦ ਵਾਪਸ ਕਰੇ, ਨਹੀਂ ਤਾਂ ਨੀਤੀ ਉੱਤੇ ਮੁੜ ਵਿਚਾਰ ਹੋਵੇਗਾ

ਕਾਬੁਲ, 17 ਫਰਵਰੀ, (ਪੋਸਟ ਬਿਊਰੋ)- ਤਾਲਿਬਾਨ ਨੇ ਅਮਰੀਕਾ ਨੂੰ ਧਮਕੀ ਦਿੱਤੀ ਹੈ ਕਿ ਜੇ ਅਫ਼ਗਾਨਿਸਤਾਨ ਦੀ ਸੱਤ ਅਰਬ ਡਾਲਰ ਦੀ ਸੀਜ਼ ਕੀਤੀ ਗਈ ਜਾਇਦਾਦਉਸ ਨੂੰ ਵਾਪਸ ਨਾ ਮਿਲੀ ਤਾਂ ਅਮਰੀਕਾ ਦੇ ਨਾਲ ਆਪਣੀ ਨੀਤੀ ਉੱਤੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਪਹਿਲੇ ਸਮਝੌਤੇ ਮੁੜ ਵਿਚਾਰੇ ਜਾਣਗੇ।

ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਸਿੱਖਿਆ ਖੇਤਰ ਲਈ ਯੂਰਪੀ ਪ੍ਰਤੀਨਿਧਾਂ ਤੋਂ ਵੀ 1.1 ਕਰੋੜ ਡਾਲਰ ਦੀ ਮੰਗ ਕੀਤੀ ਹੈ।ਦੇਸ਼ ਉੱਤੇ ਕਾਬਜ਼ ਤਾਲਿਬਾਨ ਦੇ ਬੁਲਾਰੇ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਅਮਰੀਕਾ ਵਿੱਚ ਹੋਏ 11 ਸਤੰਬਰ ਦੇ ਹਮਲੇ ਨਾਲ ਅਫ਼ਗਾਨਿਸਤਾਨ ਦਾ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਜੇ ਅਮਰੀਕਾ ਇਸ ਰੁਖ ਤੋਂ ਨਹੀਂ ਹਟਦਾ ਤਾਂ ਤਾਲਿਬਾਨ ਸਰਕਾਰਉਸ ਬਾਰੇ ਆਪਣੀ ਨੀਤੀ ਉੱਤੇ ਮੁੜ ਵਿਚਾਰ ਕਰਨ ਲਈ ਮਜਬੂਰ ਹੋਵੇਗੀ।

ਵਰਨਣ ਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਬੀਤੇ ਸ਼ੁੱਕਰਵਾਰ ਸੱਤ ਅਰਬ ਡਾਲਰ ਦੇ ਦੋ ਹਿੱਸੇ ਕਰ ਕੇ ਇਸਦਾ ਇੱਕ ਹਿੱਸਾ ਮਨੁੱਖੀ ਮਦਦ ਲਈ ਦੇਣ ਦਾ ਫ਼ੈਸਲਾ ਕੀਤਾ ਹੈ, ਜਿਸ ਨਾਲ 11 ਸਤੰਬਰ 2011 ਨੂੰ ਅਮਰੀਕਾ ਉੱਤੇ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਮੁਆਵਜ਼ਾ ਦੇਣ ਦੀ ਗੱਲਚੱਲਦੀ ਹੈ।11 ਸਤੰਬਰ ਦੇ ਹਮਲੇ ਸਮੇਂ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਦਾਰਾਜ ਸੀ ਤੇ ਉਸ ਨੇ ਆਪਣੇ ਦੇਸ਼ ਵਿੱਚ ਅੱਤਵਾਦੀ ਸੰਗਠਨ ਅਲਕਾਇਦਾ ਦੇ ਸਰਗਣਾ ਓਸਾਮਾ ਬਿਨ ਲਾਦੇਨ ਨੂੰ ਪਨਾਹ ਦਿੱਤੀ ਸੀਅਤੇ ਇਸ ਲਈ ਅਮਰੀਕਾ ਨੇ ਅਫ਼ਗਾਨਿਸਤਾਨ ਉੱਤੇ ਹਮਲਾ ਕੀਤਾ ਸੀ, ਜਿਸ ਦੇ ਬਾਅਦ ਅਮਰੀਕੀ ਮਿਲਟਰੀ ਕਈ ਸਾਲਾਂ ਤਕ ਇੱਥੇ ਜੰਗ ਲੜਦੀ ਰਹੀ ਸੀ।

ਤਾਲਿਬਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤਾਕੀ ਨੇ ਦੋਹਾ ਵਿੱਚਬੀਤੇ ਮੰਗਲਵਾਰ ਨੂੰ ਯੂਰਪੀ ਯੂਨੀਅਨ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕੀਤੀ ਤੇ ਤਾਲਿਬਾਨ ਵਿਦੇਸ਼ ਮੰਤਰਾਲੇ ਨੇ ਬਿਆਨ ਜਾਰੀ ਕੀਤਾ ਕਿ ਯੂਰਪੀ ਯੂਨੀਅਨ ਤੋਂ ਉਸ ਨੂੰ ਆਪਣੇ ਦੇਸ਼ ਵਿਚ ਮਨੁੱਖੀ ਸਹਾਇਤਾ ਤੇ ਔਰਤਾਂ ਦੀ ਮਦਦ ਲਈ 1.1 ਕਰੋੜ ਡਾਲਰ ਦੀ ਆਰਥਿਕ ਮਦਦ ਦੀ ਲੋੜ ਹੈ।

## ਆਸਟ੍ਰੇਲੀਆ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦਰਵਾਜ਼ੇ ਖੋਲ੍ਹੇ



ਕੈਨਬਰਾ, 17 ਫਰਵਰੀ, (ਪੋਸਟ ਬਿਊਰੋ)- ਪੱਛਮੀ ਆਸਟ੍ਰੇਲੀਆ (ਡਬਲਊ ਏ) ਰਾਜ ਨੇ ਅੱਜ ਬੁੱਧਵਾਰ ਨੂੰ ਪਹਿਲਾਂ ਦਾਖਲਾ ਲੈ ਚੁੱਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਬੰਦ ਸਰਹੱਦਾਂ ਦੇ ਬਾਵਜੂਦ ਇਸ ਰਾਜ ਵਿੱਚ ਆਉਣ ਲਈ ਨਵੇਂ ਰੂਟ ਦਾ ਐਲਾਨ ਕੀਤਾ ਹੈ। ਇਹ ਨਵਾਂ ਰੂਟ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪਹਿਲਾਂ ਡਬਲਊ ਏ ਪ੍ਰਾਇਮਰੀ ਸਕੂਲ, ਸੈਕੰਡਰੀ ਸਕੂਲ, ਯੂਨੀਵਰਸਿਟੀ, ਕਾਲਜ ਅਤੇ ਤਕਨੀਕੀ ਕਾਲਜ ਵਿੱਚਆਉਣਲਈ ਖੁੱਲ੍ਹ ਦਿੰਦਾ ਹੈ ਅਤੇਵਿਦਿਆਰਥੀ ਜਾਂ ਆਸਟ੍ਰੇਲੀਆਈ ਸਰਕਾਰ ਵੱਲੋਂ ਮਿਥੇ ਅਰਾਈਵਲ ਕੈਪ ਵਾਲੇ ਰਾਜ ਵਿੱਚ ਸਿੱਧੀ ਉਡਾਣ ਭਰ ਸਕਦੇ ਹਨ ਜਾਂ ਅਸਿੱਧੇ ਤੌਰ ਉੱਤੇ ਕਿਸੇ ਹੋਰ ਰਾਜ ਜਾਂ ਖੇਤਰ ਵਿੱਚੋਂ ਲੰਘ ਸਕਦੇ ਹਨ।

ਇਸ ਸੰਬੰਧ ਵਿੱਚ ਦਿੱਤੀ ਜਾਣਕਾਰੀ ਮੁਤਾਬਕ ਵਿਦਿਆਰਥੀਆਂ ਨੂੰ ਰਵਾਨਗੀ ਤੋਂ ਪਹਿਲੇ 24 ਘੰਟਿਆਂ ਵਿੱਚ ਰੈਪਿਡ ਐਂਟੀਜੇਨ ਟੈਸਟ ਦੇ ਨੈਗੇਟਿਵ ਹੋਣ ਦੇ ਸਬੂਤ ਆਪਣੇ ਨਾਲ ਰੱਖਣੇ ਚਾਹੀਦੇ ਹਨ ਤੇ ਇਸ ਦੇਸ਼ ਵਿੱਚ ਪਹੁੰਚਣ ਤੋਂ ਬਾਅਦ ਡਬਲਊ ਏ ਪੁਲਸ ਜਾਂ ਡਬਲਊ ਏ ਡਿਪਾਰਟਮੈਂਟ ਆਫ਼ ਹੈਲਥ ਵੱਲੋਂਮਨਜ਼ੂਰ ਢੁਕਵੇਂ ਥਾਂ ਉੱਤੇ ਸੱਤ ਦਿਨ ਕੁਆਰਨਟੀਨ ਰਹਿਣ ਹੋਵੇਗਾ ਅਤੇ ਆਉਣ ਵਾਲੇ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਘੱਟੋ-ਘੱਟ ਦੋ ਡੋਜ਼ ਜਾਂ ਤੀਸਰੀ ਡੋਜ਼ ਦਾ ਟੀਕਾਕਰਨ ਕੀਤਾ ਹੋਣਾ ਚਾਹੀਦਾ ਹੈ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਸ ਨਵੇਂ ਰੂਟਹੇਠ 6,000 ਤੱਕ ਅੰਤਰਰਾਸ਼ਟਰੀ ਸਟੂਡੈਂਟਸ ਨੂੰ ਏਥੇ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ।


## ਪ੍ਰਵਾਸੀ ਪੰਜਾਬੀਆਂ ਦੀ ਪੁਕਾਰ: 'ਉੱਤਰ ਕਾਂਟੋ ਮੈਂ ਚੜ੍ਹਾਂ ਨੂੰ ਕਰੋ ਸੱਤਾ ਤੋਂ ਬਾਹਰ'



ਬਰੈਂਪਟਨ,(ਡਾ. ਝੰਡ) -ਪ੍ਰਾਪਤ ਸੂਚਨਾ ਅਨੁਸਾਰ ਲੰਘੇ ਐਤਵਾਰ ਬਰੈਂਪਟਨ ਦੇ 125 ਕਰਾਈਸਲਰ ਰੋਡ ਵਿਖੇ ਚਾਂਦਨੀ ਬੈਂਕੁਇਟ ਹਾਲ ਵਿਚ ਆਮ ਆਦਮੀ ਪਾਰਟੀ ਦੇ ਲੱਗਭੱਗ ਡੇਢ ਸੌ ਸਮੱਰਥਕਾਂ ਦਾ ਇਕੱਠ ਹੋਇਆ। ਪ੍ਰਬੰਧਕਾਂ ਅਨੁਸਾਰ ਕੋਵਿਡ ਦੇ ਵੱਖ-ਵੱਖ ਵੇਰੀਐਂਟਾਂ ਦੇ ਅਜੇ ਵੀ ਚੱਲ ਰਹੇ ਪ੍ਰਭਾਵ ਕਾਰਨ ਇਹ ਇਕੱਠ ਭਾਵੇਂ ਉਨ੍ਹਾਂ ਦੀ ਆਸ ਨਾਲੋਂ ਕੁਝ ਘੱਟ ਰਿਹਾ ਪਰ ਫਿਰ ਵੀ ਲੋਕਾਂ ਵਿਚ ਆਮ ਆਦਮੀ ਪਾਰਟੀ ਲਈ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ। ਚੱਲ ਰਹੇ ਪ੍ਰੋਗਰਾਮ ਦੌਰਾਨ ਕਈ ਵਿਅੱਕਤੀ ਕੁਝ ਸਮੇਂ ਲਈ ਆ ਕੇ ਆਪਣੀ ਹਾਜ਼ਰੀ ਲਵਾ ਕੇ ਫਿਰ ਚਲੇ ਵੀ ਗਏ। ਇਸ ਦੌਰਾਨ ਕੋਵਿਡ ਸਬੰਧੀ ਸਰਕਾਰੀ ਹੁਕਮਾਂ ਦੀ ਪੂਰੀ ਪਾਲਣਾ ਕੀਤੀ ਗਈ। ਹਾਲ ਵਿਚ ਲੱਗਭੱਗ ਸਾਰਿਆਂ ਨੇ ਮਾਸਕ ਲਗਾਏ ਹੋਏ ਸਨ ਅਤੇ ਉਹ ਲੋੜੀਂਦੀ ਆਪਸੀ ਦੂਰੀ ਵੀ ਰੱਖ ਰਹੇ ਸਨ। ਉਹ ਪੰਜਾਬ ਦੇ ਲੱਗਭੱਗ ਸਾਰੇ ਹੀ ਜ਼ਿਲਿਆਂ ਨਾਲ ਸਬੰਧਿਤ ਸਨ। ਇਸ ਮੌਕੇ ਸਟੇਜ 'ਤੇ ਬੋਲਣ ਵਾਲਿਆਂ ਵੱਲੋਂ ਆਪਣੇ ਜ਼ਿਲੇ ਦੇ ਵਿਧਾਨ ਸਭਾ ਦੇ ਉਮੀਦਵਾਰਾਂ ਦੀ ਇਸ ਸਮੇਂ ਚੋਣਾਂ ਵਿਚ ਚੱਲ ਰਹੀ ਤਾਜ਼ਾ ਪੋਜ਼ੀਸ਼ਨ ਅਤੇ ਆਮ ਆਦਮੀ ਪਾਰੀ ਦੇ ਅਗਲੇਰੇ ਪ੍ਰੋਗਰਾਮਾਂ ਤੇ ਪਾਲਸੀਆਂ ਬਾਰੇ ਜਾਣਕਾਰੀ ਸਰੋਤਿਆਂ ਦੇ ਨਾਲ ਸਾਂਝੀ ਕੀਤੀ ਗਈ।

ਆਮ ਬੁਲਾਰਿਆਂ ਦੀ ਆਵਾਜ਼ ਸੀ ਕਿ ਪੰਜਾਬੀ ਪਿਛਲੇ 75 ਸਾਲਾਂ ਤੋਂ ਲੋਕ ਕਾਂਗਰਸ ਅਤੇ ਅਕਾਲੀ ਦਲ ਨੂੰ ਵੋਟਾਂ ਪਾ ਰਹੇ ਹਨ ਅਤੇ ਇਨ੍ਹਾਂ ਦੋਹਾਂ ਪਾਰਟੀਆਂ ਦੇ ਲੀਡਰ ਪੰਜਾਬ ਨੂੰ ਲੁੱਟ ਕੇ ਮਾਲਾ-ਮਾਲ ਹੋ ਗਏ ਹਨ। ਇੱਥੋਂ ਤੱਕ ਕਿ ਇਨ੍ਹਾਂ ਲੀਡਰਾਂ ਦੇ ਦੂਰ ਨੇੜੇ ਦੇ ਰਿਸ਼ਤੇਦਾਰਾਂ ਦੇ ਘਰਾਂ ਵਿੱਚੋਂ ਵੀ ਕਰੋੜਾਂ ਦੇ ਹਿਸਾਬ ਨਾਲ ਕਰੰਸੀ ਨੋਟ ਮਿਲ ਰਹੇ ਹਨ ਜਿਨ੍ਹਾਂ ਨੂੰ ਗਿਣਨ ਲੱਗਿਆਂ ਮਸ਼ੀਨਾਂ ਵੀ ਮੁੜ੍ਹਕੋ-ਮੁੜ੍ਹਕੀ ਹੋ ਰਹੀਆਂ ਹਨ। ਹੁਣ ਸਮਾਂ ਆ ਗਿਆ ਹੈ ਕਿ ਇਸ ਵਾਰ ਇਨ੍ਹਾਂ ਰਵਾਇਤੀ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਕੀਤਾ ਜਾਵੇ ਅਤੇ ਪੰਜਾਬ ਵਿਚ ਇਕ ਇਮਾਨਦਾਰ ਸਰਕਾਰ ਦਾ ਗਠਨ ਕੀਤਾ ਜਾਏ ਜੋ ਤਰੱਕੀ ਦੀਆਂ ਲੀਹਾਂ 'ਤੇ ਚੱਲਦਿਆਂ ਹੋਇਆਂ ਇਸ ਸੂਬੇ ਨੂੰ ਮੁੜ ਖ਼ੁਸ਼ਹਾਲ ਬਣਾਵੇ। ਉਨ੍ਹਾਂ ਕਿਹਾ ਕਿ ਲੱਗਭੱਗ ਸਾਰੀਆਂ ਹੀ ਪਾਰਟੀਆਂ ਵੱਲੋਂ ਕਈ ਮੁਫ਼ਤ ਚੀਜ਼ਾਂ ਦੇਣ ਦੀਆਂ, ਇੱਥੋਂ ਤੱਕ ਕਿ ਲੜਕੀਆਂ ਨੂੰ ਸਕੂਟਰੀਆ ਤੱਕ ਵੀ ਵੰਡਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਜੋ ਮਹਿਜ਼ ਇਕ ਛਲਾਵਾ ਹਨ। ਚਾਰ-ਛੇ ਦਿਨ ਇਹ 'ਹੋ-ਹੱਲਾ' ਮੱਚ ਕੇ ਫਿਰ ਸੱਭ ਕੁਝ ਠੰਡੇ ਬਸਤੇ ਵਿਚ ਪੈ ਜਾਂਦਾ ਹੈ। ਲੋਕਾਂ ਨੂੰ ਇਸ ਛਲਾਵੇ ਵਿਚ ਨਹੀਂ ਆਉਣਾ ਚਾਹੀਦਾ ਅਤੇ ਆਪਣੀਆਂ ਵੋਟਾਂ ਪੂਰੀ ਇਮਾਨਦਾਰੀ ਨਾਲ ਪਾਉਣੀਆਂ ਚਾਹੀਦੀਆਂ ਹਨ।

ਅਖ਼ੀਰ ਵਿਚ ਸਾਰਿਆਂ ਵੱਲੋਂ ਦੇਸ਼-ਭਗਤੀ ਦੀ ਭਾਵਨਾ ਪ੍ਰਗਟਾਉਂਦਿਆਂ ਹੋਇਆਂ ਬੁਲੰਦ ਆਵਾਜ਼ ਵਿਚ "ਹਿੰਦੋਸਤਾਨ ਜ਼ਿੰਦਾਬਾਦ", "ਭਾਰਤ ਮਾਤਾ ਜ਼ਿੰਦਾਬਾਦ", "ਈਮਾਨਦਾਰੀ ਜ਼ਿੰਦਾਬਾਦ" ਅਤੇ "ਆਮ ਆਦਮੀ ਪਾਰਟੀ ਜ਼ਿੰਦਾਬਾਦ" ਦੇ ਨਾਅਰੇ ਲਗਾਏ ਗਏ। ਆਮ ਆਦਮੀ ਪਾਰਟੀ ਦੇ ਸਮੱਰਥਕਾਂ ਦੇ ਇਸ ਇਕੱਠ ਦੀ ਕੱਵਰੇਜ ਕਰਨ ਲਈ ਕਈ ਰੇਡੀਓ ਤੇ ਟੀ.ਵੀ. ਹੋਸਟ ਅਤੇ ਅਖ਼ਬਾਰਾਂ ਦੇ ਨੁਮਾਇੰਦੇ ਹਾਜ਼ਰ ਸਨ। ਪ੍ਰਬੰਧਕਾਂ ਵੱਲੋਂ ਉਨ੍ਹਾਂ ਦਾ ਅਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ ਸਾਰੇ ਵਿਅੱਕਤੀਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਵਿਚ ਸੁਦੀਪ ਸਿੰਗਲਾ, ਗੁਰਦੀਪ ਢਿੱਲੋਂ, ਅਸ਼ੋਕ ਸ਼ਰਮਾ, ਅਜੀਤ ਸਿੰਘ ਵਿਰਕ, ਕੈਪਟਨ ਇਕਬਾਲ ਸਿੰਘ ਵਿਰਕ, ਰਾਣੀ ਕੋਹੇਨੂਰ ਤੇ ਕਈ ਹੋਰ ਸ਼ਾਮਲ ਸਨ। ਉਨ੍ਹਾਂ ਵੱਲੋਂ ਇਸ ਮੌਕੇ ਚਾਹ-ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।



## ਸਿੱਧੂ ਮੂਸੇਵਾਲਾ ਨੂੰ ਝਟਕਾ: ਚੋਣਾਂ ਤੋਂ ਪਹਿਲਾਂ ਕਾਂਗਰਸੀ ਉਮੀਦਵਾਰ ਨੂੰ ਕੋਰਟ ਦਾ ਜਵਾਬ ਤਲਬੀ ਨੋਟਿਸ ਜਾਰੀ



ਚੰਡੀਗੜ੍ਹ, 17 ਫਰਵਰੀ, (ਪੋਸਟ ਬਿਊਰੋ)- ਆਪਣੇ ਕੁਝ ਵਿਵਾਦਤ ਗੀਤਾਂ ਨਾਲ ਚਰਚਾ ਵਿੱਚ ਰਹਿਣ ਵਾਲੇ ਪੰਜਾਬੀ ਗਾਇਕ ਤੇ ਮਾਨਸਾ ਵਿਧਾਨ ਸਭਾ ਹਲਕੇ ਤੋਂ ਕਾਂਗਰਸ ਉਮੀਦਵਾਰ ਸ਼ੁਭਦੀਪ ਸਿੰਘ ਸਿੱਧੂ ਉਰਫ਼ ਸਿੱਧੂ ਮੂਸੇਵਾਲਾ ਦੀ ਮੁਸ਼ਕਲ ਵਧ ਸਕਦੀ ਹੈ। ਚੰਡੀਗੜ੍ਹ ਜ਼ਿਲਾ ਅਦਾਲਤ ਨੇ ਕੱਲ੍ਹ ਮੰਗਲਵਾਰ ਇੱਕ ਸਿਵਲ ਕੇਸ ਵਿੱਚ ਨੋਟਿਸ ਜਾਰੀ ਕਰਕੇ ਸਿੱਧੂ ਮੂਸੇਵਾਲਾ ਤੋਂ 2 ਮਾਰਚ ਤੱਕ ਉਸ ਦੇ ਗੀਤ ਬਾਰੇ ਜਵਾਬ ਮੰਗਿਆ ਹੈ।

ਜ਼ਿਲਾ ਅਦਾਲਤ ਦੇ ਵਕੀਲ ਸੁਨੀਲ ਮੱਲ੍ਹਣ ਵੱਲੋਂ ਦਾਇਰ ਕੀਤੀ ਪਟੀਸ਼ਨ ਮੁਤਾਬਕ ਸਿੱਧੂਮੂਸੇਵਾਲਾ ਦੇ ਗੀਤ 'ਸੰਜੂ'ਵਿੱਚ ਵਕੀਲਾਂ ਬਾਰੇ ਇਤਰਾਜ਼ਯੋਗ ਸ਼ਬਦ ਵਰਤੇ ਗਏ ਤੇ ਜਾਣਬੁੱਝ ਕੇ ਵਕੀਲ ਭਾਈਚਾਰੇ ਦਾ ਅਕਸ ਖ਼ਰਾਬ ਕਰਨ ਦਾ ਕੰਮ ਕੀਤਾ ਗਿਆ ਹੈ। ਪਟੀਸ਼ਨਰ ਨੇ ਕਿਹਾ ਕਿਮੂਸੇਵਾਲਾ ਨੇ ਜਾਣਬੁੱਝ ਕੇ ਗਲਤ ਨੀਤ ਨਾਲ ਇਹ ਗੀਤ ਜਾਰੀ ਕੀਤਾ ਤੇ ਨਿਆਂ ਪ੍ਰਣਾਲੀ ਦਾ ਅਕਸ ਖਰਾਬ ਕਰਨ ਦਾ ਕੰਮ ਕੀਤਾ ਹੈ।ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਮੂਸੇਵਾਲਾ ਨੂੰ ਆਦੇਸ਼ ਜਾਰੀ ਕੀਤਾ ਜਾਵੇ ਕਿ 'ਸੰਜੂ' ਗੀਤ ਤੋਂ ਕਮਾਏ ਹੋਏ ਪੈਸੇ ਵਕੀਲਾਂ ਨੂੰ ਮੁਆਵਜ਼ੇ ਵਜੋਂ ਬਾਰ ਕੌਂਸਲ ਆਫ਼ ਪੰਜਾਬ ਤੇ ਹਰਿਆਣਾ ਦੇ ਐਡਵੋਕੇਟ ਵੈਲਫ਼ੇਅਰ ਫੰਡ ਵਿੱਚ ਜਮ੍ਹਾਂ ਕਰਾਏ ਜਾਣ। ਇਸ ਦੇ ਨਾਲ ਦੋਸ਼ ਹੈ ਕਿ ਉਹ ਗੀਤਾਂ ਰਾਹੀਂ ਬਾਰਡਰ ਸਟੇਟ (ਪੰਜਾਬ) ਦੇ ਨੌਜਵਾਨਾਂ ਨੂੰ ਹਿੰਸਾ ਅਤੇ ਦੰਗਿਆਂ ਲਈ ਭੜਕਾਉਂਦਾ ਹੈ।ਸਿੱਧੂ ਮੂਸੇਵਾਲਾ ਉੱਤੇ ਬੰਦੂਕ ਕਲਚਰ ਨੂੰ ਉਤਸ਼ਾਹਿਤ ਕਰਨ ਦਾ ਵੀ ਦੋਸ਼ ਹੈ ਤੇ 'ਸੰਜੂ' ਗੀਤ ਵਿੱਚਉਹ ਗੰਦੀ ਸ਼ਬਦਾਵਲੀ ਦੀ ਵਰਤੋਂ ਕਰਦੇ ਨਜ਼ਰ ਆ ਰਹੇ ਹਨ। ਇਸ ਪਟੀਸ਼ਨ ਵਿੱਚ ਮੂਸੇਵਾਲਾਦੀ ਇਸ ਹਰਕਤ ਨੂੰ ਇੰਡੀਅਨ ਪੀਨਲ ਕੋਡ, ਆਰਮਜ਼ ਐਕਟ ਅਤੇ ਸੂਚਨਾ ਟੈਕਨਾਲੋਜੀ ਐਕਟ ਦੀਆਂ ਧਾਰਾਵਾਂ ਹੇਠ ਅਪਰਾਧ ਦੱਸਿਆ ਗਿਆਤੇ ਇਨ੍ਹਾਂ ਵਿੱਚਦੇਸ਼ ਵਿਰੋਧੀ ਕਾਰਵਾਈਆਂ, ਅਪਰਾਧਿਕ ਸਾਜ਼ਿਸ਼, ਧਾਰਮਿਕ ਭਾਵਨਾਵਾਂ ਭੜਕਾਉਣਾ, ਅਕਸ ਨੂੰ ਠੇਸ ਲਾਉਣਾ, ਡਰਾਉਣਾ ਆਦਿ ਸ਼ਾਮਲ ਹਨ।ਮੂਸੇਵਾਲਾਵਿਰੁੱਧਇਸ ਕੇਸਵਿੱਚ ਉਸ ਦੇ ਨਾਲ'ਸੰਜੂ' ਗੀਤ ਦੇ ਮਿਊਜ਼ਿਕ ਡਾਇਰੈਕਟਰ ਗਗਨਦੀਪ ਸਿੰਘ, ਵੀਡੀਓ ਡਾਇਰੈਕਟਰ ਨਵਕਿਰਨ ਬਰਾੜ ਅਤੇ ਹੋਰਨਾਂ ਨੂੰ ਵੀ ਧਿਰ ਬਣਾਇਆ ਗਿਆ ਹੈ।

ਪਟੀਸ਼ਨਰ ਦੇ ਦੱਸਣ ਅਨੁਸਾਰ ਮੂਸੇਵਾਲਾ ਨੂੰ ਬਰਨਾਲਾ ਜ਼ਿਲੇ ਵਿੱਚ ਏਕੇ-47 ਰਾਈਫਲ ਚਲਾਉਂਦੇ ਵੇਖਿਆ ਗਿਆ ਸੀ। ਉਸ ਦੀ ਵੀਡੀਓ ਵਾਇਰਲ ਹੋਣ ਪਿੱਛੋਂ ਪੰਜਾਬ ਪੁਲਿਸ ਨੇ ਉਸ ਉੱਤੇ ਕੇਸ ਦਰਜ ਕੀਤਾ ਸੀ ਤੇਮੂਸੇਵਾਲਾ ਵਿਰੁੱਧ ਫ਼ਰਵਰੀ 2020 ਵਿੱਚ ਮਾਨਸਾ ਵਿੱਚ ਗੀਤਾਂ ਰਾਹੀਂ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਨ ਦਾ ਕੇਸ ਦਰਜ ਕੀਤਾ ਗਿਆ ਸੀ। ਸੰਗਰੂਰ ਜ਼ਿਲੇ ਵਿੱਚ ਵੀ ਕੇਸ ਦਰਜ ਹੋਇਆ ਸੀ।ਇੱਕ ਅਪਰਾਧਿਕ ਕੇਸ ਵਿੱਚ ਜ਼ਮਾਨਤ ਮਿਲਣ ਉੱਤੇਮੂਸੇਵਾਲਾ ਨੇ ਵਾਅਦਾ ਕੀਤਾ ਸੀ ਕਿ ਉਹ ਅਜਿਹੇ ਭੱਦੇ ਗੀਤ ਨਹੀਂ ਗਾਉਣਗੇ, ਪਰ ਜ਼ਮਾਨਤ ਮਿਲਣ ਮਗਰੋਂ ਉਨ੍ਹਾਂ ਨੇ ਮੁੜ ਅਜਿਹੇ ਗੀਤ ਗਾਏ ਹਨ, ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।




# ਆਪਣੇ ਮਨ ਪਸੰਦ ਦੇ ਸੂਟ, ਸ਼ਾਲ, ਲਹਿੰਗਾ ਅਤੇ ਡੀਜ਼ਾਈਨਰ ਸੂਟ ਲੈਣ ਲਈ ਸੰਪਰਕ ਕਰੋ:

01191-9779100149





# ਮੁੱਖ ਮੰਤਰੀ ਚੰਨੀ ਵੱਲੋਂ ਸਫਾਈ : ਮੈਂ ਤਾਂ ਆਪ ਪਾਰਟੀ ਵਾਲਿਆਂ ਨੂੰ 'ਭਈਆ' ਆਖਿਆ ਸੀ

ਅੰਮ੍ਰਿਤਸਰ, 17 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਰਾਜਾਂ ਦੇ ਲੋਕਾਂ ਬਾਰੇ ਕੀਤੀ ਟਿਪਣੀ ਨਾਲ ਵਿਵਾਦ ਖੜਾ ਹੋ ਗਿਆ ਹੈ।ਅਸਲ ਵਿੱਚਮੁੱਖ ਮੰਤਰੀ ਚੰਨੀ ਨੇ ਕਾਂਗਰਸ ਦੀ ਕੌਮੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਨਾਲ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਭਾਜਪਾ ਤੇ ਆਮ ਆਦਮੀ ਪਾਰਟੀ ਉੱਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਸੀ, 'ਯੂ ਪੀ, ਬਿਹਾਰ, ਦਿੱਲੀ ਦੇ ਭਈਆਂ ਨੂੰ ਪੰਜਾਬ ਵਿੱਚ ਨਾ ਆਉਣ ਦਿਓ।' ਜਦੋਂ ਚੰਨੀ ਇਹ ਬਿਆਨ ਦੇ ਰਹੇ ਸਨ ਤਾਂ ਪ੍ਰਿਅੰਕਾ ਗਾਂਧੀ ਕੋਲ ਖੜੀ ਸੀਅਤੇ ਪ੍ਰਿਅੰਕਾ ਗਾਂਧੀ ਸਮੇਤ ਕਾਂਗਰਸੀਆਂ ਨੇ ਤਾੜੀਆਂ ਮਾਰੀਆਂ ਸਨ।



ਜਦੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਇਸ ਟਿਪਣੀ ਕਾਰਨ ਵਿਵਾਦ ਵਧ ਗਿਆ ਤਾਂ ਅੱਜ ਇੱਕ ਟੀ ਵੀ ਚੈਨਲ ਨਾਲ ਗੱਲਬਾਤ ਦੌਰਾਨ ਚੰਨੀ ਨੇ ਸਫਾਈ ਦੇਂਦਿਆਂ ਕਿਹਾ ਕਿ 'ਮੈਂ ਕੇਜਰੀਵਾਲ ਲਈ ਬਾਹਰੀ ਸ਼ਬਦ ਦੀ ਵਰਤੋਂ ਕੀਤੀ ਸੀ। ਆਮ ਆਦਮੀ ਪਾਰਟੀ ਦਾ ਮੁਖੀ ਅਰਵਿੰਦ ਕੇਜਰੀਵਾਲ ਹਰਿਆਣਾ ਦਾ ਹੈ ਤੇ ਸਾਡੀ ਉਨ੍ਹਾਂ ਨਾਲ ਪਾਣੀ ਦੀ ਲੜਾਈ ਹੈ।' ਮੁੱਖ ਮੰਤਰੀ ਚੰਨੀ ਨੇ ਇਹ ਵੀ ਕਿਹਾ ਕਿ 'ਪਰਵਾਸੀ ਮਜ਼ਦੂਰ ਤਾਂ ਸਾਡੇ ਆਪਣੇ ਹਨ।ਉਨ੍ਹਾਂ ਦਾ ਆਪਣਾ ਪੰਜਾਬ ਹੈ। ਮੈਂ ਪਰਵਾਸੀ ਮਜ਼ਦੂਰਾਂ ਬਾਰੇ ਕੁਝ ਨਹੀਂ ਕਿਹਾ। ਮੈਂ ਇਹ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਵਰਗੇ ਲੋਕਾਂ ਬਾਰੇ ਕਿਹਾ ਸੀ, ਜਿਹੜੇ ਪੰਜਾਬ ਆਣ ਕੇ ਕਬਜ਼ਾ ਕਰਨਾ ਚਾਹੁੰਦੇ ਹਨ।'

ਵਰਨਣ ਯੋਗ ਹੈ ਕਿ ਚਰਨਜੀਤ ਸਿੰਘ ਚੰਨੀ ਦੇ ਇਸ ਵਿਵਾਦਤ ਬਿਆਨ ਵਾਲਾ ਵੀਡੀਓ ਭਾਜਪਾ ਪਾਰਲੀਮੈਂਟ ਮੈਂਬਰ ਤੇਜੱਸਵੀ ਸੂਰੀਆ ਨੇ ਸ਼ੇਅਰ ਕੀਤਾ ਸੀ, ਜਿਸ ਵਿੱਚਮੁੱਖ ਮੰਤਰੀ ਪੰਜਾਬੀ ਵਿੱਚ ਕਹਿ ਰਹੇ ਹਨ ਕਿ'ਪ੍ਰਿਅੰਕਾ ਗਾਂਧੀ ਪੰਜਾਬ ਦੀ ਨੂੰਹ ਹੈ। ਉਹ ਪੰਜਾਬੀ ਹੈ। ਯੂ ਪੀ, ਬਿਹਾਰ ਤੇ ਦਿੱਲੀ ਦੇ ਇਨ੍ਹਾਂ ਭਈਆਂ ਨੂੰ ਏਥੇ ਦਾਖਲ ਨਹੀਂ ਹੋਣ ਦੇਣਾ ਚਾਹੀਦਾ।' ਇਸ ਵੀਡੀਓ ਨੂੰ ਸ਼ੇਅਰ ਕਰਦੇ ਹੋਏ ਸੂਰੀਆ ਨੇ ਲਿਖਿਆ, 'ਪ੍ਰਿਅੰਕਾ ਵਾਡਰਾ ਜੀ ਉੱਤਰ ਪ੍ਰਦੇਸ਼ ਆ ਕੇ ਖੁਦ ਨੂੰ ਯੂ ਪੀ ਦੀ ਬੇਟੀ ਦੱਸਦੀ ਹੈ ਅਤੇ ਪੰਜਾਬ ਵਿੱਚ ਉੱਤਰ ਪ੍ਰਦੇਸ਼-ਬਿਹਾਰ ਦੇ ਲੋਕਾਂ ਦੇ ਅਪਮਾਨ ਉੱਤੇ ਤਾੜੀ ਮਾਰਦੀ ਹੈ, ਇਹ ਉਨ੍ਹਾਂ ਦਾ ਦੋਹਰਾ ਕਿਰਦਾਰ ਅਤੇ ਚਿਹਰਾ ਹੈ।'

# ਸੁਖਬੀਰ ਨੇ ਕਿਹਾ: ਸਿੱਧੂ 'ਮਨੁੱਖੀ ਬੰਬ' ਹੈ, ਕਾਂਗਰਸ ਨੂੰ ਖਤਮ ਕਰ ਦੇਵੇਗਾ

ਸੰਗਰੂਰ, 17 ਫਰਵਰੀ (ਪੋਸਟ ਬਿਊਰੋ)- ਭਵਾਨੀਗੜ੍ਹ ਵਿਖੇ ਕੱਲ੍ਹ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ 'ਮਿਸ ਗਾਈਡਿਡ ਮਿਜ਼ਾਈਲ' ਕਹਿ ਕੇ ਸੰਬੋਧਨ ਕਰ ਚੁੱਕੇ ਹਨ ਅਤੇ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿੱਚ ਧੂਰੀ ਰੈਲੀ ਮੌਕੇ ਮੰਚ ਉਤੇ ਬੋਲਣ ਤੋਂ ਸਾਫ਼ ਇਨਕਾਰ ਕਰਨ ਦੇ ਸਵਾਲ ਉੱਤੇ ਉਨ੍ਹਾਂ ਨੇ ਸਿੱਧੂ ਨੂੰ 'ਹਿਊਮਨ ਬੰਬ' ਆਖਦਿਆਂ ਕਿਹਾ ਕਿ ਸਿੱਧੂ ਇੱਕ ਦਿਨ ਕਾਂਗਰਸ ਨੂੰ ਖਤਮ ਕਰ ਦੇਣਗੇ ਤੇ ਕਾਂਗਰਸ ਦੇ ਪੱਲੇ ਕੁਝ ਨਹੀਂ ਬਚੇਗਾ। ਸੁਖਬੀਰ ਸਿੰਘ ਬਾਦਲ ਬੀਤੇ ਦਿਨੀਂ ਇੱਥੇ ਵਿਧਾਨ ਸਭਾ ਹਲਕਾ ਸੰਗਰੂਰ ਤੋਂ ਪਾਰਟੀ ਉਮੀਦਵਾਰ ਵਿਨਰਜੀਤ ਸਿੰਘ ਗੋਲਡੀ ਦੇ ਹੱਕ ਵਿੱਚ ਰੱਖੀ ਚੋਣ ਪ੍ਰਚਾਰ ਰੈਲੀ ਨੂੰ ਸੰਬੋਧਨ ਕਰਨ ਲਈ ਪਹੁੰਚੇ ਹੋਏ ਸਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769



Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ



WWW.KULWINDERCHHINA.COM



KULWINDERCHHINA
BROKER
647.293.2327



STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਾਲੀਵਾਲ



ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜ਼ਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)





Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976



You can Place Your Business Here To Reach Wider Audience
(905)793-2202
For more info Call 905-793-2202 or e-mail ads@punjabipost.ca



A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

# ਕੀ ਬਣੇਗਾ 'ਸਿਆਸੀ-ਭਾਫ਼ਾਂ' ਛੱਡਦੀ ਸੀਟ ਅੰਮ੍ਰਿਤਸਰ-ਪੂਰਬੀ ਦਾ ...

ਡਾ. ਸੁਖਦੇਵ ਸਿੰਘ ਝੰਡ
(647-567-9128)



ਪੰਜਾਬ ਵਿਧਾਨ ਸਭਾ ਦੀ ਇਸ ਚੋਣ ਵਿਚ ਅੰਮ੍ਰਿਤਸਰ-ਪੂਰਬੀ ਸੀਟ ਸੱਭ ਤੋਂ ਵੱਧ ਸੇਕ ਮਾਰਨ ਵਾਲੀ ਬਣ ਗਈ ਹੈ। ਹਾਲਾਂਕਿ ਇਸ ਸੀਟ ਤੋਂ ਜਿੱਤਣ ਜਾਂ ਹਾਰਨ ਵਾਲਾ ਕੋਈ ਵੀ ਉਮੀਦਵਾਰ ਮੁੱਖ-ਮੰਤਰੀ ਦਾ ਚਿਹਰਾ ਨਹੀਂ ਹੈ, ਫਿਰ ਵੀ ਇਹ ਸੀਟ ਪੰਜਾਬ ਦੀਆਂ ਸਾਰੀਆਂ ਸੀਟਾਂ ਨਾਲੋਂ ਗਰਮ ਵਿਖਾਈ ਦੇ ਰਹੀ ਹੈ। ਇਸ ਸੀਟ ਤੋਂ ਕਾਂਗਰਸ ਦਾ ਉਮੀਦਵਾਰ ਇਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਹਨ ਜੋ ਪਿਛਲੀ ਵਿਧਾਨ ਸਭਾ ਵਿਚ ਇਸ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਕਰਦੇ ਸਨ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵਿਚ ਕੁਝ ਸਮਾਂ ਸਥਾਨਕ ਸਰਕਾਰਾਂ ਦੇ ਮੰਤਰੀ ਵੀ ਰਹੇ। ਫਿਰ ਕੈਪਟਨ ਸਾਹਿਬ ਨਾਲ ਕੁਝ ਅਣਬਣ ਹੋ ਜਾਣ ਕਰਕੇ ਜਦੋਂ ਮੁੱਖ-ਮੰਤਰੀ ਨੇ ਉਨ੍ਹਾਂ ਦਾ ਮਹਿਕਮਾ ਬਦਲ ਕੇ ਉਨ੍ਹਾਂ ਨੂੰ ਜਦੋਂ ਬਿਜਲੀ ਵਿਭਾਗ ਦੇਣਾ ਚਾਹਿਆ ਤਾਂ ਉਹ ਇਸ ਨੂੰ ਲੈਣ ਤੋਂ ਸਾਫ਼ ਇਨਕਾਰੀ ਹੋ ਗਏ। ਇਸ ਤੋਂ ਪਹਿਲਾਂ ਉਹ ਅੰਮ੍ਰਿਤਸਰ ਦੀ ਪਾਰਲੀਮੈਂਟਰੀ ਸੀਟ ਉੱਪਰ ਦੋ ਵਾਰ ਲੋਕ ਸਭਾ ਦਾ ਮੈਂਬਰ ਰਹਿ ਚੁੱਕੇ ਹਨ। ਦੂਸਰੇ ਬੰਨੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ 'ਮਾਝੇ ਦੇ ਜਰਨੈਲ' ਬਿਕਰਮਜੀਤ ਸਿੰਘ ਮਜੀਠੀਆ ਨੂੰ ਉਨ੍ਹਾਂ ਦੇ ਸਾਹਮਣੇ ਖੜਾ ਕਰ ਦਿੱਤਾ ਹੈ ਜੋ ਇਸ ਹਲਕੇ ਦੇ ਨਾਲ ਲਗਦੇ ਦੂਸਰੇ ਹਲਕੇ ਮਜੀਠੇ ਤੋਂ ਲਗਾਤਾਰ ਤਿੰਨ ਵਾਰ ਜਿੱਤ ਚੁੱਕੇ ਹਨ ਅਤੇ ਇਸ ਤੋਂ ਪਿਛਲੀ ਅਕਾਲੀ-ਦਲ ਦੀ ਸਰਕਾਰ ਵਿਚ 'ਮਾਲ-ਮੰਤਰੀ' ਦਾ ਅਹਿਮ ਅਹੁਦਾ ਵੀ ਮਾਣ ਚੁੱਕੇ ਹਨ।

ਇਸ ਸੀਟ ਤੋਂ ਤੀਸਰੀ ਮੁੱਖ ਉਮੀਦਵਾਰ ਆਮ ਆਦਮੀ ਪਾਰਟੀ ਦੀ ਡਾ. ਜੀਵਨਜੀਤ ਕੌਰ ਨੂੰ ਇਸ ਪਾਰਟੀ ਵੱਲੋਂ ਫ਼ਰੀਦਕੋਟ ਤੋਂ ਲਿਆ ਕੇ ਖੜਾ ਕੀਤਾ ਗਿਆ ਹੈ ਜੋ ਇਸ ਹਲਕੇ ਵਿਚ ਬਿਲਕੁਲ ਨਵੀਂ ਉਮੀਦਵਾਰ ਹੈ। ਕੈਪਟਨ ਸਾਹਿਬ ਇਸ ਸੀਟ ਤੋਂ ਨਵਜੋਤ ਸਿੱਧੂ ਦੇ ਖ਼ਿਲਾਫ਼ ਕੋਈ 'ਤਕੜਾ ਉਮੀਦਵਾਰ' ਖੜਾ ਕਰਨ ਦੀ ਗੱਲ ਕਰ ਰਹੇ ਸਨ ਪਰ ਭਾਰਤੀ ਜਨਤਾ ਪਾਰਟੀ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਸੰਯੁਕਤ ਅਕਾਲੀ ਦਲ ਨਾਲ ਉਨ੍ਹਾਂ ਦੇ ਸਾਂਝੇ ਗੱਠਜੋੜ ਨੇ ਇਕ ਆਈ.ਏ.ਐੱਸ. ਅਫ਼ਸਰ ਡਾ. ਜਗਮੋਹਨ ਸਿੰਘ ਰਾਜੂ ਨੂੰ ਤਾਮਿਲਨਾਡੂ ਤੋਂ ਉਚੇਚੇ ਤੌਰ 'ਤੇ 'ਸਵੈ-ਇੱਛਤ ਸੇਵਾ-ਮੁਕਤੀ' ਦਿਵਾ ਕੇ ਇਸ ਸੀਟ 'ਤੇ ਖੜਾ ਕੀਤਾ ਹੈ। ਉਹ ਹੁਣ ਕਿੰਨਾ ਕੁ ਤਕੜਾ ਉਮੀਦਵਾਰ ਸਾਬਤ ਹੁੰਦਾ ਹੈ, ਇਸ ਦਾ ਪਤਾ ਤਾਂ 10 ਮਾਰਚ ਨੂੰ ਹੀ ਲੱਗੇਗਾ ਪਰ ਦਲਿਤ ਸ਼੍ਰੇਣੀ ਨਾਲ ਸਬੰਧਿਤ ਹੋਣ ਕਰਕੇ ਉਹ ਇਸ ਵਿਧਾਨ ਸਭਾ ਸੀਟ ਦੇ ਦਲਿਤ ਵੋਟਰਾਂ ਨੂੰ ਪ੍ਰਭਾਵਿਤ ਜ਼ਰੂਰ ਕਰੇਗਾ। ਇਸ 'ਤ੍ਰਿਕੜੀ' ਦਾ ਉਸ ਨੂੰ ਇੱਥੇ ਉਮੀਦਵਾਰ ਬਨਾਉਣ ਦਾ ਮਕਸਦ ਵੀ ਏਹੀ ਹੈ। ਪਹਿਲੀ ਵਾਰ ਚੋਣ-ਮੈਦਾਨ ਵਿਚ ਆਏ 'ਸੰਯੁਕਤ ਸਮਾਜ ਮੋਰਚਾ' ਜੋ ਪਹਿਲੀ ਵਾਰ ਚੋਣ-ਮੈਦਾਨ ਵਿਚ ਨਿੱਤਰਿਆ ਹੈ, ਨੇ ਇਸ ਸੀਟ ਤੋਂ ਸੁਖਜਿੰਦਰ ਸਿੰਘ ਮਹੂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਸ ਤਰ੍ਹਾਂ ਇੱਥੇ ਮੁਕਾਬਲਾ ਪੰਜ-ਕੋਣਾਂ ਬਣ ਗਿਆ ਹੈ।

ਮੁੱਖ-ਮੰਤਰੀ ਦੇ ਚਿਹਰਿਆਂ ਵਾਲੀਆਂ ਸੀਟਾਂ ਧੂਰੀ, ਭਦੌੜ ਤੇ ਜਲਾਲਾਬਾਦ ਉੱਪਰ ਲੜਨ ਵਾਲੇ ਉਮੀਦਵਾਰਾਂ ਭਗਵੰਤ ਮਾਨ, ਚਰਨਜੀਤ ਸਿੰਘ ਚੰਨੀ ਅਤੇ ਸੁਖਬੀਰ ਸਿੰਘ ਬਾਦਲ ਦੇ ਵਾਲੰਟੀਅਰਾਂ ਵਿਚ ਓਨਾ ਉਤਸ਼ਾਹ ਅਤੇ ਜੋਸ਼ ਨਹੀਂ ਹੈ ਜਿੰਨਾਂ ਅੰਮ੍ਰਿਤਸਰ-ਪੂਰਬੀ ਦੇ ਉਮੀਦਵਾਰਾਂ ਦੇ ਸਮੱਰਥਕਾਂ ਵਿਚਕਾਰ ਵੇਖਣ ਨੂੰ ਮਿਲ ਰਿਹਾ ਹੈ। ਇਸ ਦਾ ਮੁੱਖ ਕਾਰਨ ਸ਼੍ਰੋਮਣੀ ਅਕਾਲੀ ਦਲ ਜਿਸ ਨੂੰ ਤੀਕ ਆਏ ਸਾਰੇ ਹੀ 'ਪ੍ਰੀ-ਪੋਲ ਚੋਣ-ਸਰਵਿਆਂ' ਵਿਚ ਤੀਸਰੇ ਨੰਬਰ 'ਤੇ ਵਿਖਾਇਆ ਗਿਆ ਹੈ, ਵੱਲੋਂ ਲੋਕਾਂ ਵਿਚ ਆਪਣੀ ਇਸ ਡਿੱਗਦੀ ਹੋਈ ਸਾਖ ਨੂੰ ਬਚਾਉਣ ਲਈ ਪੰਜਾਬੀਆਂ ਦਾ ਧਿਆਨ ਪੰਜਾਬ ਦੇ ਅਸਲੀ ਮੁੱਦਿਆਂ ਤੋਂ ਹਟਾ ਕੇ ਆਪਣੀ ਲੜਾਈ 'ਸਿੱਧੂ ਬਨਾਮ ਮਜੀਠੀਆ' ਉੱਪਰ ਕੇਂਦ੍ਰਿਤ ਕਰਨਾ ਲੱਗਦਾ ਹੈ। ਅਕਾਲੀ-ਦਲ ਦਾ ਮੰਨਣਾ ਹੈ ਕਿ ਜੇਕਰ ਉਹ ਕਿਸੇ ਤਰ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਹਰਾਉਣ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਦਾ ਅਸਰ ਪੰਜਾਬ ਦੀਆਂ ਹੋਰ ਸੀਟਾਂ ਉੱਪਰ ਵੀ ਪਵੇਗਾ। ਪਰ ਇਹ ਉਸ ਦੀ ਧਾਰਨਾ ਹੀ ਹੈ ਅਤੇ ਪਤਾ ਨਹੀਂ ਇਹ ਕਿੰਨੀ ਕੁ ਸਫ਼ਲ ਹੁੰਦੀ ਹੈ।

ਵੇਖਣ ਵਾਲੀ ਗੱਲ ਹੈ ਜੇਕਰ ਨਵਜੋਤ ਸਿੱਧੂ ਇਸ ਸੀਟ ਤੋਂ ਜਿੱਤ ਜਾਂਦੇ ਹਨ ਤਾਂ ਉਸ ਹਾਲਤ ਵਿਚ ਉਨ੍ਹਾਂ ਦੀ ਆਪਣੀ ਪਾਰਟੀ ਵਿਚ 'ਬੱਲੇ-ਬੱਲੇ' ਹੋ ਜਾਇਗੀ ਅਤੇ ਦੂਜੇ ਬੰਨੇ ਬਿਕਰਮਜੀਤ ਮਜੀਠੀਆ ਦੇ ਹਾਰ ਜਾਣ ਦੀ ਸੂਰਤ ਵਿਚ ਉਨ੍ਹਾਂ ਦੇ ਸਿਆਸੀ ਜੀਵਨ ਉੱਪਰ ਇਸ ਦਾ ਕਾਫ਼ੀ ਮਾੜਾ ਪ੍ਰਭਾਵ ਪਵੇਗਾ। ਪਰ ਜੇਕਰ ਸਿੱਧੂ ਇਹ ਚੋਣ ਹਾਰ ਜਾਂਦੇ ਹਨ ਤਾਂ ਇਸ ਨਾਲ ਉਨ੍ਹਾਂ ਦੇ ਸਿਆਸੀ ਵੱਕਾਰ ਨੂੰ ਵੀ ਭਾਰੀ ਸੱਟ ਵੱਜੇਗੀ। ਇਸ ਹਾਲਤ ਇਹ ਵੀ ਹੋ ਸਕਦਾ ਹੈ ਕਿ ਉਹ ਸਿਆਸਤ ਨੂੰ ਸਦਾ ਲਈ ਅਲਵਿਦਾ ਵੀ ਆਖ ਜਾਣ ਅਤੇ 'ਹੱਸਣ-ਹਸਾਉਣ' ਵਾਲੇ ਆਪਣੇ ਪਹਿਲੇ ਪੇਸ਼ੇ ਵੱਲ ਮੁੜ ਜਾਣ ਜਿਹਾ ਕਿੰ ਉਨ੍ਹਾਂ ਦੀ ਪਤਨੀ ਨਵਜੋਤ ਕੌਰ ਦਾ ਇਸ ਸਬੰਧੀ ਬਿਆਨ ਵੀ ਆਇਆ ਸੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਦੋਹਾਂ ਧਿਰਾਂ ਨੇ ਇਸ ਸੀਟ ਉੱਪਰ ਨੂੰ ਆਪਣੇ 'ਵੱਕਾਰ' ਦਾ ਸੁਆਲ ਬਣਾਇਆ ਹੋਇਆ ਹੈ ਅਤੇ ਉਹ ਇਸ ਸਮੇਂ ਇਕ ਦੂਸਰੇ ਦੇ ਵਿਰੁੱਧ ਧੂੰਆਂਧਾਰ ਪ੍ਰਚਾਰ ਵਿਚ ਰੁੱਝੇ ਹੋਏ ਹਨ ਜਿਸ ਵਿਚ 'ਕੂੜ-ਪ੍ਰਚਾਰ' ਵੀ ਪੂਰਾ ਹੱਦ ਤੱਕ ਸ਼ਾਮਲ ਹੈ। ਇਸ ਕੂੜ-ਪ੍ਰਚਾਰ ਦਾ ਮਿਆਰ ਇਸ ਹੱਦ ਤੱਕ ਡਿੱਗ ਚੁੱਕਾ ਹੈ ਕਿ ਦੋਵੇਂ ਹੀ ਨੇਤਾ ਇਕ ਦੂਜੇ ਨੂੰ ਬੜੇ ਘਟੀਆ ਸ਼ਬਦਾਂ ਨਾਲ ਸੰਬੋਧਨ ਕਰ ਰਹੇ ਹਨ। ਇਕ ਜਣਾ ਦੂਸਰੇ ਨੂੰ ਜੇਕਰ 'ਠੋਕੋ-ਤਾਲੀ' ਅਤੇ 'ਭੌਂਕੇ' ਵਰਗੇ ਘਟੀਆ ਸ਼ਬਦਾਂ ਨਾਲ ਸੰਬੋਧਨ ਕਰਦਾ ਹੈ ਤਾਂ ਦੂਸਰਾ ਉਸ ਨੂੰ 'ਲੰਬੂ', 'ਤਸਕਰ', 'ਚੋਰ' ਤੇ 'ਡਾਕੂ' ਵਰਗੇ ਵਿਸ਼ੇਸ਼ਣਾਂ ਨਾਲ ਨਿਵਾਜ ਰਿਹਾ ਹੈ। ਇਸ ਘਟੀਆ ਪ੍ਰਚਾਰ ਦਾ ਪੱਧਰ ਓਦੋਂ ਹੋਰ ਵੀ ਨਿਵਾਣ ਵੱਲ ਚਲੇ ਜਾਂਦਾ ਹੈ ਜਦੋਂ ਉਨ੍ਹਾਂ ਵਿੱਚੋਂ ਇਕ ਚਾਰ ਦਹਾਕੇ ਪਹਿਲਾਂ ਦੂਸਰੇ ਦੇ ਇਸ ਦੁਨੀਆਂ ਤੋਂ ਚਲੀ ਗਈ ਮਾਤਾ ਦੇ ਜ਼ਿਕਰ ਨੂੰ ਵੀ ਆਪਣੇ ਪ੍ਰਚਾਰ ਵਿਚ ਸ਼ਾਮਲ ਕਰ ਲੈਂਦਾ ਹੈ ਅਤੇ ਦੂਸਰਾ ਦੁਨਿਆਵੀ-ਰਿਸ਼ਤਿਆਂ ਵਿਚ ਆਉਂਦੇ ਆਮ ਸ਼ਬਦ 'ਸਾਲੇ' ਨੂੰ 'ਗਾਲ੍ਹ' ਵਾਂਗ ਵਰਤਦਾ ਹੈ। ਮੇਰੀ ਜਾਚੇ ਕੇਵਲ ਇਨ੍ਹਾਂ ਦੋਹਾਂ ਨੂੰ ਹੀ ਨਹੀਂ, ਸਗੋਂ ਹੋਰ ਉਮੀਦਵਾਰਾਂ ਨੂੰ ਵੀ ਅਜਿਹੇ ਨੀਵੇਂ ਪੱਧਰ ਦੇ ਅਸੱਭਿਅਕ ਸ਼ਬਦਾਂ ਨੂੰ ਵਤਰਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਵੱਲੋਂ ਸਹੀ ਸ਼ਬਦਾਵਲੀ ਵੱਲ ਵਿਸ਼ੇਸ਼ ਧਿਆਨ ਦੇਣਾ ਚਹੀਦਾ ਹੈ।

ਪੰਜਾਬ ਦੀ ਇਸ ਸੱਭ ਤੋਂ 'ਗਰਮ ਸੀਟ' ਦੀ ਗੱਲ ਕਰਦਿਆਂ ਇਕ ਹੋਰ ਅਹਿਮ ਨੁਕਤਾ ਵੇਖਣ ਵਾਲਾ ਹੈ। ਉਹ ਇਹ ਕਿ ਇਸ ਸੀਟ ਤੋਂ ਨਵਜੋਤ ਸਿੱਧੂ ਨੂੰ ਹਰਾਉਣ ਲਈ ਨਾ ਕੇਵਲ ਬਾਦਲ ਅਕਾਲੀ ਦਲ ਦੇ ਬਿਕਰਮਜੀਤ ਮਜੀਠੀਆ, ਆਮ ਆਦਮੀ ਪਾਰਟੀ ਦੀ ਡਾ. ਜੀਵਨਜੋਤ, ਬੀਜੇਪੀ-ਕੈਪਟਨ-ਢੀਂਡਸਾ 'ਤ੍ਰਿਕੜੀ' ਅਤੇ ਸੰਯੁਕਤ ਸਮਾਜ ਮੋਰਚਾ ਹੀ ਅੱਡੀ-ਚੋਟੀ ਦਾ ਜ਼ੋਰ ਨਹੀਂ ਲਗਾ ਰਹੇ, ਸਗੋਂ ਪੰਜਾਬ ਕਾਂਗਰਸ ਪਾਰਟੀ ਦੇ ਕਈ 'ਦਿੱਗਜ ਨੇਤਾ' ਵੀ ਇਸ ਵਿਚ ਆਪਣਾ ਪੂਰਾ 'ਯੋਗਦਾਨ' ਪਾ ਰਹੇ ਹਨ। ਇਨ੍ਹਾਂ ਵਿਚ ਮਾਝੇ ਦੇ ਲੀਡਰ ਸੁਖਜਿੰਦਰ ਸਿੰਘ ਰੰਧਾਵਾ, ਪ੍ਰਤਾਪ ਸਿੰਘ ਬਾਜਵਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁੱਖ ਸਰਕਾਰੀਆ, ਆਦਿ ਦੇ ਨਾਂ ਵਿਸ਼ੇਸ਼ ਕਰਕੇ ਅਤੇ ਮਾਲਵੇ ਤੇ ਦੁਆਬੇ ਦੇ ਕਈ ਹੋਰ ਆਗੂ ਆਮ ਕਰਕੇ ਸ਼ਾਮਲ ਹਨ। ਇਹ ਉਹ ਨੇਤਾ-ਗਣ ਹਨ ਜੋ ਇਹ ਸਮਝਦੇ ਹਨ ਕਿ ਉਹ ਕਾਂਗਰਸ ਵਿਚ ਕਈ ਦਹਾਕਿਆਂ ਤੋਂ ਕੰਮ ਕਰਦੇ ਆ ਰਹੇ ਹਨ ਅਤੇ ਨਵਜੋਤ ਸਿੰਘ ਸਿੱਧੂ ਬੀਜੇਪੀ ਤੋਂ ਪਲਟੀ ਮਾਰ ਕੇ ਐਨੀ ਜਲਦੀ ਪਹਿਲਾਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣ ਗਿਆ ਹੈ ਅਤੇ ਹੁਣ ਮੁੱਖ-ਮੰਤਰੀ ਦਾ 'ਦਾਅਵੇਦਾਰ' ਵੀ ਬਣਦਾ ਫਿਰਦਾ ਹੈ। ਸਿੱਧੂ ਦੀ ਇਸ ਦਾਅਵੇਦਾਰੀ ਨੂੰ ਵਿਰਾਮ ਲਾਉਣ ਵਿਚ ਇਨ੍ਹਾਂ ਨੇਤਾਵਾਂ ਦਾ ਵੀ ਕਾਫ਼ੀ ਹੱਥ ਹੈ।

ਹੁਣ ਕਾਂਗਰਸ ਪਾਰਟੀ ਦੀ 'ਹਾਈ-ਕਮਾਂਡ' ਜੋ ਕੇਵਲ ਨਾਂ ਦੀ ਹੀ 'ਹਾਈ' ਹੈ, ਵੱਲੋਂ ਮੁੱਖ-ਮੰਤਰੀ ਦੇ ਚਿਹਰੇ ਵਜੋਂ ਉਸ ਦਾ ਨਾਂ ਕੱਟ ਕੇ 111 ਦਿਨ ਪੰਜਾਬ ਦਾ ਮੁੱਖ-ਮੰਤਰੀ ਬਣੇ ਚਰਨਜੀਤ ਸਿੰਘ ਚੰਨੀ ਨੂੰ ਇਨ੍ਹਾਂ ਚੋਣਾਂ ਵਿਚ ਮੁੱਖ-ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ ਜਿਸ ਨਾਲ ਨਵਜੋਤ ਸਿੰਘ ਸਿੱਧੂ ਨੂੰ ਕਾਫ਼ੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਉਹ ਇਸ 'ਸਦਮੇ' ਵਿੱਚੋਂ ਅਜੇ ਤੱਕ ਪੂਰੀ ਤਰ੍ਹਾਂ ਬਾਹਰ ਨਹੀਂ ਨਿਕਲ ਸਕੇ। ਏਸੇ ਕਾਰਨ ਉਹ ਆਪਣੀ ਅੰਮ੍ਰਿਤਸਰ-ਪੂਰਬੀ ਦੀ ਸੀਟ ਉੱਪਰ ਹੀ ਕੇਂਦ੍ਰਿਤ ਹੋ ਗਏ ਹਨ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਹੁੰਦਿਆਂ ਹੋਇਆਂ ਕਿਸੇ ਵੀ ਹੋਰ ਕਾਂਗਰਸੀ ਉਮੀਦਵਾਰ ਦੇ ਹੱਕ ਵਿਚ ਚੋਣ-ਪ੍ਰਚਾਰ ਕਰਨ ਲਈ ਨਹੀਂ ਗਏ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦਾ ਕਾਰਨ ਉਨ੍ਹਾਂ ਦੀ ਆਪਣੀ ਸੀਟ ਉੱਪਰ ਸਖ਼ਤ ਮੁਕਾਬਲਾ ਵੀ ਹੋ ਸਕਦਾ ਹੈ ਪਰ ਫਿਰ ਵੀ ਪਾਰਟੀ ਪ੍ਰਧਾਨ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਪਾਰਟੀ ਦੇ ਹੋਰ ਉਮੀਦਵਾਰਾਂ ਦੇ ਚੋਣ-ਹਲਕਿਆਂ ਵਿਚ ਵੀ ਜਾ ਕੇ ਉਨ੍ਹਾਂ ਦੀ ਮਦਦ ਕਰੇ, ਜਿਵੇਂ ਕਿ ਦੂਸਰੀਆਂ ਸਿਆਸੀ ਪਾਰਟੀਆਂ ਦੇ ਪ੍ਰਧਾਨ ਭਗਵੰਤ ਮਾਨ ਅਤੇ ਸੁਖਬੀਰ ਬਾਦਲ ਕਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਪਾਰਟੀ-ਪ੍ਰਧਾਨ ਹੁੰਦਿਆਂ ਹੋਇਆਂ ਉਹ ਦੋਵੇਂ ਆਪਣੀਆਂ ਪਾਰਟੀਆਂ ਦੇ ਮੁੱਖ-ਮੰਤਰੀ ਦੇ 'ਚਿਹਰੇ' ਵੀ ਹਨ ਅਤੇ ਆਪਣੀ ਪਾਰਟੀ ਦੀ ਪੋਜ਼ੀਸ਼ਨ ਮਜ਼ਬੂਤ ਕਰਨ ਲਈ ਆਪੋ-ਆਪਣੀਆਂ ਪਾਰਟੀਆਂ ਦੇ ਉਮੀਦਵਾਰਾਂ ਦੀ ਮਦਦ ਕਰ ਰਹੇ ਹਨ ਅਤੇ ਇਨ੍ਹਾਂ ਪਾਰਟੀਆਂ ਦੇ ਕਈ ਹੋਰ ਨੇਤਾ ਉਨ੍ਹਾਂ ਦਾ ਹੱਥ ਵਟਾ ਰਹੇ ਹਨ। ਪਰ ਏਧਰ ਵਿਚਾਰੇ ਚਰਨਜੀਤ ਸਿੰਘ ਚੰਨੀ ਨੂੰ ਇਕੱਲਿਆਂ ਹੀ 'ਪੰਜਾਹਵਿਆਂ' ਵਿਚ ਆਈ ਸੁਪਰ-ਹਿੱਟ ਫ਼ਿਲਮ 'ਮਦਰ ਇੰਡੀਆ' ਦੀ ਹੀਰੋਇਨ ਨਰਗਿਸ ਵਾਂਗ 'ਸਿਆਸੀ ਹਲ਼' ਦੇ ਅੱਗੇ ਜੁੱਪਣਾ ਪੈ ਰਿਹਾ ਹੈ, ਕਿਉਂਕਿ ਪੰਜਾਬ ਕਾਂਗਰਸ ਪਾਰਟੀ ਦੇ ਸਾਬਕਾ-ਪ੍ਰਧਾਨ ਅਤੇ ਇਨ੍ਹਾਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰਾਂ ਦੀ ਚੋਣ ਕਰਨ ਵਾਲੀ ਚੋਣ-ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਵੀ 'ਐਕਟਿਵ ਪੋਲਿਟਿਕਸ' ਤੋਂ ਲਾਂਭੇ ਹੋ ਕੇ ਆਪਣੇ ਘਰ ਆਰਾਮ ਫ਼ਰਮਾਅ ਰਹੇ ਹਨ।

ਇਸ ਦੇ ਨਾਲ ਹੀ ਵਿਚਾਰਨ ਵਾਲੀ ਇਕ ਹੋਰ ਗੱਲ ਵੀ ਹੈ ਕਿ ਮੁੱਖ-ਮੰਤਰੀ ਦੇ ਚਿਹਰੇ ਦੀ ਲੜਾਈ ਦੀ ਖਿੱਚੋਤਾਣ ਕਾਰਨ ਪੰਜਾਬ ਦੀਆਂ ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਹਾਲਤ ਕਾਫ਼ੀ ਪਤਲੀ ਵਿਖਾਈ ਦੇ ਰਹੀ ਹੈ। ਹੁਣ ਤੱਕ ਹੋਏ ਚੋਣ-ਸਰਵਿਆਂ ਵਿਚ ਆਮ ਆਦਮੀ ਪਾਰਟੀ ਨੂੰ ਸੱਭ ਤੋਂ ਅੱਗੇ ਵਿਖਾਇਆ ਗਿਆ ਹੈ ਅਤੇ ਕਾਂਗਰਸ ਪਾਰਟੀ ਦੂਸਰੇ ਨੰਬਰ 'ਤੇ ਹੈ। ਇਨ੍ਹਾਂ ਸਰਵਿਆਂ ਵਿਚ ਅਕਾਲੀ-ਦਲ ਬਾਦਲ ਭਾਵੇਂ ਤੀਸਰੇ ਨੰਬਰ 'ਤੇ ਵਿਖਾਈ ਗਈ ਹੈ ਪਰ ਇਨ੍ਹਾਂ ਦਿਨਾਂ ਵਿਚ ਉਸ ਦੇ ਵੱਲੋਂ ਕੀਤੇ ਜਾ ਰਹੇ ਸਿਰ-ਤੋੜ ਯਤਨਾਂ ਸਦਕਾ ਅਤੇ ਕਾਂਗਰਸ ਪਾਰਟੀ ਦੀ ਆਪਸੀ ਫੁੱਟ ਦੇ ਕਾਰਨ ਉਸ ਦੀ ਜੇਕਰ ਜਿੱਤਣ ਦੀ ਨਹੀਂ ਤਾਂ ਦੂਸਰੇ ਨੰਬਰ 'ਤੇ ਆਉਣ ਦੀ ਸੰਭਾਵਨਾ ਜ਼ਰੂਰ ਬਣਦੀ ਜਾ ਰਹੀ ਹੈ। ਇਸ ਤਰ੍ਹਾਂ ਕਾਂਗਰਸ ਪਾਰਟੀ ਜਿਹੜੀ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ-ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਨ ਤੋਂ ਬਾਅਦ ਚੋਣ-ਵਿਸ਼ਲੇਸ਼ਕਾਂ ਨੂੰ ਇੰਜ ਜਾਪਦਾ ਸੀ ਕਿ ਸ਼ਾਇਦ ਇਹ ਪਾਰਟੀ ਫਿਰ ਬਾਜ਼ੀ ਮਾਰ ਜਾਵੇਗੀ। ਪਰ ਹੁਣ ਇਹ ਤੀਸਰੇ ਨੰਬਰ 'ਤੇ ਖਿਸਕਦੀ ਵਿਖਾਈ ਦੇ ਰਹੀ ਹੈ ਅਤੇ ਇਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ 30 ਪੰਨਿਆਂ ਦਾ "ਪੰਜਾਬ-ਮਾਡਲ" ਵੀ ਹੁਣ ਬੜੇ ਦੂਰ ਦੀ ਗੱਲ ਹੀ ਜਾਪਦੀ ਹੈ, ਕਿਉਂਕਿ ਕਾਂਗਰਸ ਪਾਰਟੀ ਦੇ ਚੋਣ-ਮੈਨੀਫੈਸਟੋ ਵਿਚ ਇਸ ਨੂੰ ਓਨੀ ਅਹਿਮੀਅਤ ਮਿਲਣ ਦੀ ਆਸ ਨਹੀਂ ਹੈ ਜਿੰਨੀ ਇਸ ਨੂੰ ਨਵਜੋਤ ਸਿੱਧੂ ਦੇ ਕਾਂਗਰਸ ਪਾਰਟੀ ਦੇ ਮੁੱਖ ਮੰਤਰੀ ਚਿਹਰੇ ਹੋਣ 'ਤੇ ਮਿਲਣੀ ਸੀ। ਹਾਰ-ਹੰਭ ਕੇ ਸਿੱਧੂ ਸਾਹਿਬ ਨੇ ਆਪਣਾ ਇਹ 'ਪੰਜਾਬ-ਮਾਡਲ' ਆਪਣੀ ਵੈੱਬਸਾਈਟ ਉੱਪਰ ਪਾ ਦਿੱਤਾ ਹੈ ਜਿੱਥੋਂ ਕੋਈ ਵੀ ਪਾਰਟੀ ਇਸ ਨੂੰ ਕਾਪੀ ਕਰਕੇ ਇਸ ਵਿਚਲੇ ਕੁਝ ਨੁਕਤੇ ਅਪਨਾਅ ਵੀ ਸਕਦੀ ਹੈ ਜਾਂ ਅਤੇ ਇਨ੍ਹਾਂ ਦੀ ਆਲੋਚਨਾ ਕਰਕੇ ਇਸ ਮਾਡਲ ਦਾ ਧੂੰਆਂ ਵੀ ਕੱਢ ਸਕਦੀ ਹੈ। ਸਿੱਧੂ ਸਾਹਿਬ ਨੇ ਆਪਣੀ ਨਾਰਾਜ਼ਗੀ ਧੂਰੀ ਵਿਚ ਹੋਈ ਕਾਗਰਸ ਪਾਰਟੀ ਦੀ ਰੈਲੀ ਵਿਚ ਸ਼ਾਮਲ ਹੋ ਕੇ ਉੱਥੇ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿਚ ਵੀ ਬੋਲਣ ਤੋਂ ਨਾਂਹ ਕਰਕੇ ਪ੍ਰਗਟ ਕਰ ਦਿੱਤੀ ਹੈ।

ਓਧਰਂ ਬੀਜੇਪੀ ਵੀ ਇਨ੍ਹਾਂ ਚੋਣਾਂ ਵਿਚ ਆਪਣੀ ਜਿੱਤ ਦੇ ਪੂਰੇ ਦਮਗਜੇ ਮਾਰ ਰਹੀ ਹੈ। ਇਸ ਦੇ ਅੱਗੇ ਆਉਣ ਦੀ ਸੰਭਾਵਨਾ ਭਾਵੇਂ ਕਾਫ਼ੀ ਮੱਧਮ ਲੱਗ ਰਹੀ ਹੈ ਪਰ ਕੇਂਦਰ ਸਰਕਾਰ ਦੇ ਕਈ ਮੰਤਰੀ-ਸੰਤਰੀ, ਗ੍ਰਹਿ-ਮੰਤਰੀ ਅਮਿਤ ਸ਼ਾਹ ਅਤੇ ਖ਼ੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਆ ਕੇ ਵੱਖ-ਵੱਖ ਰੈਲੀਆਂ ਵਿਚ ਇਸ ਦੀ ਜਿੱਤ ਲਈ ਆਪਣੀ ਪੂਰੀ ਵਾਹ ਲਾ ਰਹੇ ਹਨ। ਉਨ੍ਹਾਂ ਵੱਲੋਂ ਆਪਣੀ ਪਾਰਟੀ ਦੇ 'ਸੰਕਲਪ-ਪੱਤਰ' ਦਾ ਢੰਡੋਰਾ ਪਿੱਟਿਆ ਜਾਰਿਹਾ ਹੈ ਅਤੇਂ ਪੰਜਾਬ ਲਈ ਵਾਇਦਿਆਂ ਦੀ ਖ਼ੂਬ 'ਝੜੀ' ਲਗਾਈ ਜਾ ਰਹੀ ਹੈ। ਦਿੱਲੀ ਵਿਚ ਕਿਸਾਨ ਮੋਰਚਾ 'ਫ਼ਤਿਹ' ਕਰਨ ਤੋਂ ਬਾਅਦ ਪਹਿਲੀ ਵਾਰ ਕਿਸਾਨੀ ਧਿਰ ਵੀ ਸੰਯੁਕਤ ਕਿਸਾਨ ਮੋਰਚੇ ਦੇ ਰੂਪ ਵਿਚ ਚੋਣ-ਮੈਦਾਨ ਵਿਚ ਕੁੱਦੀ ਹੈ। ਉਨ੍ਹਾਂ ਦੀ ਪਾਰਟੀ ਦੀ ਰਜਿਸਟ੍ਰੇਸ਼ਨ ਕਾਫ਼ੀ ਲੇਟ ਹੋਣ ਕਾਰਨ ਅਤੇ ਉਸ ਨੂੰ ਸਾਂਝਾ ਚੋਣ-ਨਿਸ਼ਾਨ ਮਿਲਣ ਵਿਚ ਪਏ 'ਭੰਬਲਭੂਸੇ' ਕਾਰਨ ਉਹ ਚੋਣ-ਪ੍ਰਚਾਰ ਵਿਚ ਭਾਵੇਂ ਕਾਫ਼ੀ ਪੱਛੜੀ ਹੈ ਪਰ ਫਿਰ ਵੀ ਉਸ ਨੂੰ ਆਪਣੇ ਕਈ ਉਮੀਦਵਾਰਾਂ ਦੇ ਜਿੱਤਣ ਦੀ ਪੂਰੀ ਉਮੀਦ ਹੈ। ਇਸ ਵਾਰ ਇਹ ਚੋਣ-ਨਜ਼ਾਰਾ ਪੰਜਾਬ ਦੀਆਂ ਸੀਟਾਂ 'ਤੇ ਚਾਰ ਤੋਂ ਪੰਜ-ਕੋਣਾਂ ਹੋਣ ਕਰਕੇ ਕਾਫ਼ੀ ਦਿਲਚਸਪ ਬਣ ਗਿਆ ਹੈ ਅਤੇ 'ਚੋਣ-ਪੰਡਤਾਂ' ਨੂੰ ਇਸ ਵਿਚ ਕਿਸੇ ਵੀ ਪਾਰਟੀ ਦੀ ਜਿੱਤ ਜਾਂ ਹਾਰ ਦੀ ਭਵਿੱਖਬਾਣੀ ਕਰਨ ਵਿਚ ਬਹੁਤ ਮੁਸ਼ਕਲ ਪੇਸ਼ ਆ ਰਹੀ ਹੈ।

ਗੱਲ ਅਸੀਂ ਅੰਮ੍ਰਿਤਸਰ ਪੂਰਬੀ ਦੀ ਸੱਭ ਤੋਂ 'ਤੱਤੀ ਸੀਟ' ਦੀ ਕਰ ਰਹੇ ਸੀ ਤੇ ਵਿੱਚੇ ਹੀ ਜ਼ਿਕਰ ਕਾਂਗਰਸ ਦੀ ਪਤਲੀ ਹਾਲਤ ਦਾ ਆ ਗਿਆ। ਚਲੋ! ਉਹ ਕਰਨਾ ਵੀ ਜ਼ਰੂਰੀ ਸੀ, ਕਿਉਂਕਿ ਇਹ ਵੀ ਓਸੇ ਨਾਲ ਜੁੜੀ ਹੋਈ ਹੈ।। ਹੁਣ ਫਿਰ ਪਹਿਲੀ ਗੱਲ ਵੱਲ ਹੀ ਆਉਂਦੇ ਹਾਂ।

ਪੰਜਾਬ ਦੀਆਂ ਹੋਰਨਾਂ ਸੀਟਾਂ ਵਾਂਗ ਇਸ ਸੀਟ ਉੱਪਰ ਵੀ ਜਿੱਤਣ ਵਾਲੇ ਕਿਸੇ ਵੀ ਉਮੀਦਵਾਰ ਬਾਰੇ ਕੋਈ ਅੰਦਾਜ਼ਾ ਲਗਾਉਣਾ ਸਮੇਂ ਤੋਂ ਪਹਿਲਾਂ ਵਾਲੀ ਗੱਲ ਹੈ, ਕਿਉਂਕਿ ਵੋਟਰ ਆਪਣਾ ਪੱਤਾ ਪੂਰੀ ਤਰ੍ਹਾਂ ਨਹੀਂ ਖੋਲ੍ਹ ਰਹੇ। ਅਲਬੱਤਾ! ਉਹ ਇਸ ਵਾਰ ਹਰੇਕ ਪਾਰਟੀ ਦੇ ਉਮੀਦਵਾਰ ਨੂੰ ਪੰਜਾਬ ਦੇ ਵੱਖ-ਵੱਖ ਮੁੱਦਿਆਂ ਬਾਰੇ ਸੁਆਲ ਬਹੁਤ ਕਰ ਰਹੇ ਹਨ। ਇਸ ਲਈ ਇਸ ਸੀਟ 'ਤੇ ਕਿਸੇ ਉਮੀਦਵਾਰ ਦੀ ਜਿੱਤ ਜਾਂ ਹਾਰ ਦੀ ਗੱਲ ਭਾਵੇਂ ਨਾ ਵੀ ਕੀਤੀ ਜਾਵੇ, ਪਰ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਚੰਨੀ-ਸਿੱਧੂ ਦਾ 'ਮਨ-ਮੁਟਾਅ' ਜੇਕਰ 20 ਫ਼ਰਵਰੀ ਤੱਕ ਵੀ ਇੰਜ ਹੀ ਜਾਰੀ ਰਿਹਾ ਅਤੇ ਕਪੂਰਥਲਾ ਤੋਂ ਵਾਲੇ ਰਾਣਾ ਗੁਰਜੀਤ ਸਿੰਘ ਤੇ ਸੁਖਪਾਲ ਸਿੰਘ ਖਹਿਰਾ, ਜਲੰਧਰ ਤੋਂ ਬਾਵਾ ਹੈਨਰੀ ਤੇ ਆਦਮਪੁਰ ਤੋਂ ਰਾਣਾ ਕੇ.ਪੀ. ਸਿੰਘ ਵਰਗੇ ਲੀਡਰਾਂ ਦੀ ਨਾਰਾਜ਼ਗੀ ਅਤੇ ਆਪਸੀ ਖਿੱਚੋਤਾਣ ਵੀ ਜੇਕਰ ਇੰਜ ਹੀ ਚੱਲਦੀ ਰਹੀ ਤਾਂ ਹੋਰਨਾਂ ਕਈ ਸੀਟਾਂ ਵਾਂਗ ਅੰਮ੍ਰਿਤਸਰ-ਪੂਰਬੀ ਵਾਲੀ ਇਹ ਸੀਟ ਵੀ ਕਾਂਗਰਸ ਦੇ ਲਈ ਜਿੱਤਣੀ ਮੁਸ਼ਕਲ ਹੋਵੇਗੀ। ਪਿਛਲੇ ਦਿਨੀਂ ਲੁਧਿਆਣੇ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਭਾਵੇਂ ਇਸ ਸੀਟ 'ਤੇ ਆ ਕੇ ਨਵਜੋਤ ਸਿੰਘ ਸਿੱਧੂ ਦੇ ਹੱਕ ਵਿਚ ਇਕ ਦਿਨ ਚੋਣ-ਪ੍ਰਚਾਰ ਕਰ ਗਏ ਹਨ ਅਤੇ ਉਹ ਅੰਮ੍ਰਿਤਸਰ ਦੇ ਪਾਰਲੀਮੈਂਟ ਮੈਂਬਰ ਗੁਰਜੀਤ ਸਿੰਘ ਔਜਲਾ, ਸਾਬਕਾ ਮੇਅਰ ਸੁਨੀਲ ਦੱਤੀ ਤੇ ਕਈ ਹੋਰ ਕਾਂਗਰਸੀ ਨੇਤਾਵਾਂ ਨੂੰ ਇਹ ਪ੍ਰਚਾਰ ਕਰਨ ਲਈ ਰਾਜ਼ੀ ਵੀ ਕਰ ਗਏ ਹਨ ਪਰ ਇਸ ਦੇ ਨਾਲ ਹੀ ਇਸ ਪਾਰਟੀ ਦੇ ਪਟਿਆਲਾ ਤੋਂ ਪਾਰਲੀਮੈਂਟ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੂੰ ਪਾਰਟੀ ਨਾਲੋਂ ਆਪਣਾ 'ਪਰਿਵਾਰ' ਪਿਆਰਾ ਹੈ ਅਤੇ ਉਹ ਆਪਣੇ ਪਤੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿਚ 'ਬੀਜੇਪੀ ਤ੍ਰਿਕੜੀ' ਦੇ ਲਈ ਚੋਣ-ਪ੍ਰਚਾਰ ਕਰ ਰਹੇ ਹਨ। ਏਸੇ ਪਾਰਟੀ ਦੇ ਇਕ ਹੋਰ ਐੱਮ.ਪੀ. ਜਸਬੀਰ ਸੰਘ ਡਿੰਪਾ (ਖਡੂਰ ਸਾਹਿਬ) ਜਿਨ੍ਹਾਂ ਦੇ ਛੋਟੇ ਭਰਾ ਰਾਜਨ ਗਿੱਲ ਅਕਾਲੀ ਦਲ ਵਿਚ ਕਈ ਦਿਨ ਪਹਿਲਾ ਜਾ ਚੁੱਕੇ ਹਨ, ਵੀ ਹੁਣ ਉਸ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਤਿਆਰੀਆਂ ਕਰ ਕਰ ਜਾਪਦੇ ਹਨ। ਇਨ੍ਹਾਂ ਹਾਲਤਾਂ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਉਣ ਲਈ ਇਨ੍ਹਾਂ ਚੋਣਾਂ ਵਿਚ ਲੋੜੀਂਦੇ ਉਮੀਦਵਾਰਾਂ ਦੀ ਜਿੱਤ ਦੀ ਆਸ ਕਰਨੀ ਮੁਸ਼ਕਲ ਲੱਗਦੀ ਹੈ ਅਤੇ ਇਹ ਖ਼ਦਸ਼ਾ ਹੈ ਕਿ ਪੰਜਾਬ ਦੀਆਂ ਹੋਰ ਬਹੁਤ ਸਾਰੀਆਂ ਸੀਟਾਂ ਵਾਂਗ ਇਹ ਸੀਟ ਵੀ ਕਿਧਰੇ ਇਸ ਰੋੜ੍ਹ ਵਿਚ ਹੀ ਨਾ ਰੁੜ੍ਹ ਜਾਏ। ਇਕ ਖ਼ਤਰਾ ਇਹ ਵੀ ਹੈ ਕਿ ਇਸ ਸੀਟ ਦੇ ਮੁੱਖ-ਵਿਰੋਧੀ ਉਮੀਦਵਾਰਾਂ ਨਵਜੋਤ ਸਿੰਘ ਸਿੱਧੂ ਤੇ ਬਿਕਰਮਜੀਤ ਸਿੰਘ ਮਜੀਠੀਆ ਦੀ ਆਪਣੀ 'ਖਹਿਬਾਜ਼ੀ' ਵਿਚ ਕਿਧਰੇ ਕਿਸੇ ਤੀਸਰੇ ਉਮੀਦਵਾਰ ਦਾ ਦਾਅ ਹੀ ਨਾ ਲੱਗ ਜਾਏ ਅਤੇ ਇਸ ਤਰ੍ਹਾਂ ਕਿਤੇ ਸਕੂਲੀ ਦਿਨਾਂ ਵਿਚ ਪੜ੍ਹੀ ਹੋਈ "ਚਲਾਕ ਲੂੰਮੜੀ" ਵਾਲੀ ਕਹਾਣੀ ਫਿਰ ਸੱਚੀ ਨਾ ਸਾਬਤ ਹੋ ਜਾਏ।

# ਪੰਜਾਬ ਦੇ ਅਸਲੀ ਮੁੱਦਿਆ ਤੇ ਹੱਟ ਕੇ ਹੋ ਰਹੀਆਂ ਨੇ ਇਸ ਵਾਰ ਚੋਣਾਂ

ਆਖਰਕਾਰ ਪੰਜਾਬ ਵਿਧਾਨ ਸਭਾ ਚੋਣਾਂ ਦਾ ਦਿਨ ਨੇੜੇ ਹੀ ਆ ਗਿਆ ਹੈ। 20 ਫਰਵਰੀ ਨੂੰ ਲੋਕਾਂ ਨੇ ਬਿਨਾਂ ਮੁੱਦੇ ਹਲ ਹੋਇਆ ਫਿਰ ਈ ਵੀ ਐਮ ਮਸ਼ੀਨ ਤੇ ਬਟਨ ਦਬਾ ਹੀ ਦੇਣਾ ਹੈ .ਲੀਡਰਾਂ ਨੇ ਪਹਿਲਾਂ ਵਾਂਗੂੰ ਆਪਣੀ ਲੂਬੜਚਾਲਾਂ ਵਿੱਚ ਲੋਕਾਂ ਨੂੰ ਫਸਾ ਹੀ ਲਿਆ ਹੈ .ਅਸਲੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾ ਕੇ ਇੱਕ ਦੂਜੇ ਉਤੇ ਚਿੱਕੜ ਸੁੱਟ ਸੁੱਟ ਕੇ ਵੋਟਰਾਂ ਨੂੰ ਆਪਣੇ ਆਪਣੇ ਵਲ ਖਿੱਚਣ ਵਿੱਚ ਕੋਈ ਬਾਕੀ ਕਸਰ ਨਹੀਂ ਛੱਡੀ ਗਈ .ਇਥੋਂ ਤਕ ਕਿ ਸਮੁੱਚੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਭਾਜਪਾ ਦੇ ਕੇਂਦਰੀ ਆਗੂਆਂ ਨੇ ਆਖਰੀ ਬਚੇ ਦਿਨਾਂ ਵਿਚ ਪੂਰੀ ਵਾਹ ਲਾ ਦਿੱਤੀ ਹੈ। ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਸਣੇ ਵੱਡੇ ਕਾਂਗਰਸੀ ਆਗੂਆਂ ਨੇ ਪੰਜਾਬ ਡੇਰੇ ਲਾਏ ਹਨ। ਪੰਜਾਬੀਆਂ ਨਾਲ-ਨਾਲ ਵੱਡੇ-ਵੱਡੇ ਵਾਅਦੇ ਕੀਤੇ ਜਾ ਰਹੇ ਹਨ ਪਰ ਸੂਬੇ ਦੇ ਅਸਲ ਮੁੱਦਿਆਂ ਤੋਂ ਪਾਸਾ ਵੱਟਿਆ ਹੋਇਆ ਹੈ। ਪੰਜਾਬ ਦੇ ਖਜ਼ਾਨੇ ਦੀ ਹਾਲਤ, ਸੂਬੇ ਦਾ ਵਾਤਾਵਰਨ, ਰੁਜ਼ਗਾਰ, ਪਰਵਾਸ, ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦੇ ਮੁੱਦੇ ਸਿਆਸੀ ਧਿਰਾਂ ਦੇ ਏਜੰਡੇ ਦੇ ਨੇੜੇ-ਤੇੜੇ ਵੀ ਨਹੀਂ ਜਾਪਦੇ। ਭਾਸ਼ਣਾਂ ਦੀ ਧਾਰ ਇਕ ਦੂਸਰੇ ਨੂੰ ਮੰਦਾ ਬੋਲਣ ਅਤੇ ਸਿਆਸੀ ਦੂਸ਼ਣਬਾਜ਼ੀ ਤੱਕ ਸੀਮਤ ਹੈ। ਅੱਜ ਹਾਲਾਤ ਇਹ ਹਨ ਕਿ ਪੰਜਾਬ ਦੇ ਨੌਜਵਾਨ ਦਸਵੀਂ ਜਮਾਤ ਟੱਪਦੇ ਹੀ ਅੱਗੇ ਪੜ੍ਹਨ ਦੀ ਥਾਂ ਵਿਦੇਸ਼ ਵਿਚ ਜਾ ਕੇ ਰੋਜ਼ੀ ਰੋਟੀ ਦੇ ਜੁਗਾੜ ਬਾਰੇ ਸੋਚਣ ਨੂੰ ਪਹਿਲ ਦੇ ਰਹੇ ਹਨ। ਇਹ ਮੁੱਦਾ ਸਿਆਸੀ ਧਿਰਾਂ ਦੇ ਏਜੰਡੇ ਵਿਚ ਹੀ ਨਹੀਂ ਹੈ। ਕੇਂਦਰ ਸਰਕਾਰ ਦੇ ਤਾਜ਼ਾ ਅੰਕੜਿਆਂ ਮੁਤਾਬਕ ਸਾਲ 2018 ਤੋਂ 2020 ਤੱਕ ਤਿੰਨ ਸਾਲਾਂ ਦੇ ਅਰਸੇ ਦੌਰਾਨ 9140 ਵਿਅਕਤੀਆਂ ਨੇ ਬੇਰੁਜ਼ਗਾਰੀ ਕਰਕੇ ਲੋਕਾਂ ਨੇ ਮੌਤ ਨੂੰ ਗਲ ਲਾ ਲਿਆ ਹੈ । ਜਦੋਂ ਕਿ ਦੀਵਾਲੀਆ ਹੋਣ ਕਰਕੇ 16000 ਤੋਂ ਵੱਧ ਵਿਅਕਤੀ ਖੁਦਕੁਸ਼ੀਆਂ ਕਰ ਗਏ। ਸਾਲ 2020 ਵਿੱਚ 3548 ਵਿਅਕਤੀਆਂ ਜਦੋਂ ਕਿ 2019 ਤੇ 2018 ਵਿਚ ਕ੍ਰਮਵਾਰ 2851 ਤੇ 2741 ਵਿਅਕਤੀਆਂ ਨੇ ਖੁਦਕੁਸ਼ੀ ਕੀਤੀ।ਅਸਲ ਵਿਚ, ਤਕਰੀਬਨ ਸਾਰੀਆਂ ਸਿਆਸੀ ਧਿਰਾਂ ਇਸ ਵਾਰ ਮੁਫਤਖੋਰੀ ਦੇ ਐਲਾਨਾਂ ਨਾਲ ਬਾਜ਼ੀ ਮਾਰਨ ਉਤੇ ਟਿੱਲ ਲਾ ਰਹੀਆਂ ਹਨ। ਭਾਜਪਾ ਵੱਲੋਂ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਸੱਤਾ 'ਮਜ਼ਬੂਤ ਹੱਥਾਂ' ਵਿਚ ਦੇਣ ਤੇ ਰਾਸ਼ਟਰਵਾਦ ਦਾ ਵਾਸਤਾ ਪਾਇਆ ਜਾ ਰਿਹਾ ਹੈ। ਕਾਂਗਰਸ ਸਰਕਾਰ ਵਿਚ ਸਾਢੇ ਚਾਰ ਸਾਲ ਮੁੱਖ ਮੰਤਰੀ ਵਜੋਂ ਸੂਬੇ ਦੀ ਕਮਾਨ ਸੰਭਾਲਣ ਵਾਲੇ ਕੈਪਟਨ ਅਮਰਿੰਦਰ ਸਿੰਘ ਹੁਣ ਵੱਖਰੀ ਪਾਰਟੀ ਬਣਾ ਭਾਜਪਾ ਨਾਲ ਸਾਂਝ ਪਾ ਕੇ ਪੰਜਾਬ ਬਚਾਉਣ ਦਾ ਹੋਕਾ ਦੇ ਰਹੇ ਹਨ। ਸੂਬੇ ਦੀ ਵਿੱਤੀ ਕੰਗਾਲੀ ਤੇ ਸਰਹੱਦੀ ਸੁਰੱਖਿਆ ਦਾ ਵਾਸਤਾ ਪਾ ਰਹੇ ਹਨ। ਕੁੱਲ ਮਿਲਾ ਕੇ ਇਸ ਸਮੇਂ ਪੰਜਾਬ ਵਿਚ ਸਿਆਸੀ ਧਿਰਾਂ ਨੇ ਵਾਅਦਿਆਂ ਦੀ ਝੜੀ ਲਾਈ ਹੋਈ ਹੈ।ਭਾਜਪਾ, ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਕਾਂਗਰਸ ਵਰਗੀਆਂ ਸਿਆਸੀ ਧਿਰਾਂ ਨੇ ਇਸ ਵਾਰ ਨਾਂ ਬਦਲ-ਬਦਲ ਕੇ ਦੂਹਰੇ ਤੀਹਰੇ ਚੋਣ ਮੈਨੀਫੈਸਟੋ ਜਾਰੀ ਕੀਤੇ ਹਨ। ਉਤੋਂ ਕੇਂਦਰੀ ਆਗੂ ਵੱਖਰੇ ਐਲਾਨ ਕਰ ਰਹੇ ਹਨ। ਕਾਂਗਰਸ ਪਿਛਲੇ 5 ਸਾਲਾਂ ਤੋਂ ਸੱਤਾ ਵਿਚ ਹੈ ਤੇ ਹੁਣ ਨਾਲਾਇਕੀਆਂ ਦੀ ਸਾਰੀ ਪੰਡ ਕੈਪਟਨ ਅਮਰਿੰਦਰ ਸਿਰ ਸੁੱਟ ਕੇ ਮੁੜ ਪਿਛਲੇ ਸਾਲ ਵਾਲੇ ਵਾਅਦੇ ਦੁਹਰਾ ਰਹੀ ਹੈ। ਮੁੱਖ ਮੰਤਰੀ ਚਰਨਜੀਤ ਚੰਨੀ ਮੁੜ ਸਰਕਾਰ ਬਣਨ ਉਤੇ ਸਰਕਾਰੀ ਸਕੂਲਾਂ ਵਿਚ ਮੁਫਤ ਸਿੱਖਿਆ, ਪਹਿਲੇ ਸਾਲ ਵਿਚ ਹੀ ਇਕ ਲੱਖ ਨੌਜਵਾਨਾਂ ਨੂੰ ਨੌਕਰੀ ਦਾ ਵਾਅਦਾ ਕਰ ਰਹੇ ਹਨ।ਹਰ ਇੱਕ ਪਾਰਟੀ ਨੇ ਆਪਣੇ ਆਪਣੇ ਜਾਲ ਵਿੱਚ ਵੋਟਰਾਂ ਨੂੰ ਫਸਾਉਣ ਵਾਸਤੇ ਕੋਈ ਕਸਰ ਬਾਕੀ ਨਹੀਂ ਛੱਡੀ। ਕਿਸਾਨ ਅੰਦੋਲਨ ਦੀ ਜਿੱਤ ਦਾ ਸਿਹਰਾ ਲੈਣ ਵਾਲੇ ਗੁੰਮ ਹੀ ਹੋ ਗਏ ਨੇ। ਹੁਣ ਜਿਨਾਂ ਪ੍ਰਚਾਰ ਹੋਣਾ ਸੀ ਉਹ ਹੋ ਗਿਆ ਹੈ। ਇੱਕ ਦੂਜੇ ਉਤੇ ਚਿੱਕੜ ਸੁੱਟਣ ਦੀ ਕੋਈ ਕਸਰ ਨਹੀਂ ਛੱਡੀ ਗਈ। ਲੋਕਾਂ ਨੇ ਇਹ ਵੀ ਵੇਖ ਲਿਆ ਹੈ ਕਿ ਕੌਣ ਕਿਸ ਨੂੰ ਬੁੱਧੂ ਬਣਾ ਰਿਹਾ ਹੈ। ਹੁਣ ਤਾਂ ਵੋਟਰਾਂ ਤੇ ਈ ਵੀ ਐਮ ਵਿਚਾਲੇ ਇੱਕ ਜੰਗ ਬਾਕੀ ਹੈ। ਵੋਟਰਾਂ ਨੇ ਬਟਨ ਦਬਾਉਣਾ ਹੈ ਤੇ ਮਸ਼ੀਨ ਨੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਵੱਖਰਾ ਕਰ ਦੇਣਾ ਹੈ। ਬਾਜ਼ੀ ਕੌਣ ਜਿੱਤੇਗਾ ਤੇ ਕੌਣ ਹਾਰੇਗਾ ਇਸ ਗੱਲ ਦਾ ਪਤਾ 10 ਮਾਰਚ ਨੂੰ ਦੁਪਹਿਰੇ ਲਗ ਜਾਣਾ ਹੈ। ਹੁਣ ਪੰਜਾਬ ਦੀ ਜਨਤਾ ਕੁਰਸੀ ਕਿਸੇ ਇੱਕ ਪਾਰਟੀ ਦੇ ਹੱਥ ਵਿੱਚ ਫੜਾਉਣ ਦੇ ਮੂਡ ਵਿੱਚ ਨਹੀਂ ਲਗ ਰਹੀ। ਖਿੱਚੜੀ ਵਾਲੀ ਸਰਕਾਰ ਬਣਨ ਤੋਂ ਬਾਹਦ ਉਹੀ ਰੋਣਾ ਪਿੱਟਣਾ ਰਹਿ ਜਾਣਾ ਹੈ। ਇਹ ਵੀ ਚੋਣਾਂ ਕਿਸੇ ਮਸਲੇ ਦਾ ਹੱਲ ਨਹੀਂ ਕਰ ਸਕਣਗੀਆਂ। ਜੇ ਕਰ ਹੁਣ ਵੀ ਵੋਟਰ ਅਵੇਸਲੇ ਹੋ ਗਏ ਤੇ ਆਉਣ ਵਾਲੇ ਪੰਜਾਂ ਸਾਲਾਂ ਦੀ ਉਡੀਕ ਕਰਨੀ ਪਵੇਗੀ।




ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ (ਫਿਰੋਜ਼ਪੁਰ)
7589155501

# ਸੈਲਫੀ ਦੇ ਖ਼ਤਰੇ

ਚੱਲਦੀ ਟਰੇਨ ਦੇ ਸਾਹਮਣੇ ਖੜ੍ਹ ਕੇ ਸੈਲਫੀ ਲੈਣ ਦੀ ਹਿੰਮਤ ਨੇ ਗੁਰੂਗ੍ਰਾਮ ਦੇ ਚਾਰ ਨੌਜਵਾਨਾਂ ਦੀ ਜਾਨ ਲੈ ਲਈ। 20 ਤੋਂ 25 ਸਾਲ ਦੇ ਇਹ ਨੌਜਵਾਨ ਰੇਲਵੇ ਟ੍ਰੈਕ 'ਤੇ ਖੜ੍ਹੇ ਹੋ ਕੇ ਮੋਬਾਈਲ ਤੋਂ ਅਜਿਹੀਆਂ ਸੈਲਫੀ ਲੈ ਰਹੇ ਸਨ ਕਿ ਉਹ ਆਪਣੇ ਪਿੱਛੇ ਆਉਂਦੀ ਰੇਲਗੱਡੀ ਨੂੰ ਦੇਖ ਸਕਣ। ਪਿੱਛੇ ਤੋਂ ਆ ਰਹੀ ਅਜਮੇਰ-ਸਰਾਏ ਰੋਹਿਲਾ ਜਨ ਸ਼ਤਾਬਦੀ ਰੇਲਗੱਡੀ ਦੀ ਆਪਣੀ ਰਫਤਾਰ ਸੀ ਅਤੇ ਇਸ ਤੋਂ ਪਹਿਲਾਂ ਨੌਜਵਾਨ ਫੋਟੋਆਂ ਖਿੱਚ ਕੇ ਪਟੜੀ ਤੋਂ ਪਿੱਛੇ ਹਟ ਗਿਆ। ਸੈਲਫੀ ਲੈਂਦੇ ਸਮੇਂ ਕਿਸੇ ਦੀ ਜਾਨ ਗਵਾਉਣ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਖਤਰਨਾਕ ਸਥਿਤੀਆਂ ਵਿੱਚ ਸੈਲਫੀ ਲੈਣਾ ਹੁਣ ਪੂਰੀ ਦੁਨੀਆ ਵਿੱਚ ਹਾਦਸਿਆਂ ਦੀ ਇੱਕ ਨਵੀਂ ਸ਼੍ਰੇਣੀ ਬਣ ਗਿਆ ਹੈ। ਇਸ ਦੇ ਨਵੀਨਤਮ ਅਧਿਐਨ ਉਪਲਬਧ ਨਹੀਂ ਹਨ, ਪਰ ਸਾਲ 2018 ਵਿੱਚ, ਜਰਨਲ ਆਫ਼ ਫੈਮਿਲੀ ਮੈਡੀਸਨ ਐਂਡ ਪ੍ਰਾਇਮਰੀ ਕੇਅਰ ਨੇ ਸੈਲਫੀ ਦੇ ਸਬੰਧ ਵਿੱਚ ਇੱਕ ਅਧਿਐਨ ਕੀਤਾ ਸੀ। ਉਸਨੇ ਪਾਇਆ ਕਿ 2011 ਤੋਂ 2017 ਦੇ ਵਿਚਕਾਰ, ਪੂਰੀ ਦੁਨੀਆ ਵਿੱਚ 259 ਲੋਕਾਂ ਨੇ ਸੈਲਫੀ ਲੈਂਦੇ ਹੋਏ ਆਪਣੀ ਜਾਨ ਗਵਾਈ। ਬਦਕਿਸਮਤੀ ਨਾਲ, ਇਹਨਾਂ ਵਿੱਚੋਂ ਅੱਧੇ ਤੋਂ ਵੱਧ ਕੇਸ ਭਾਰਤ ਦੇ ਹਨ। ਉਸ ਤੋਂ ਬਾਅਦ ਰੂਸ, ਅਮਰੀਕਾ ਅਤੇ ਪਾਕਿਸਤਾਨ ਦਾ ਨੰਬਰ ਆਉਂਦਾ ਹੈ। ਇਹ ਅਧਿਐਨ ਅਖਬਾਰਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਕੀਤਾ ਗਿਆ ਸੀ, ਜਿਸ ਦਾ ਮਤਲਬ ਇਹ ਵੀ ਹੈ ਕਿ ਅਜਿਹੇ ਘਾਤਕ ਹਾਦਸਿਆਂ ਦੀ ਅਸਲ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋ ਸਕਦੀ ਹੈ। ਦੁਬਾਰਾ ਫਿਰ, ਸਾਨੂੰ ਅਜਿਹੀਆਂ ਘਟਨਾਵਾਂ ਦੀ ਸੰਖਿਆ ਨਹੀਂ ਪਤਾ ਹੈ ਜਿਸ ਵਿੱਚ ਅਜਿਹੇ ਜੋਖਮ ਲੈਣ ਵਾਲੇ ਲੋਕ ਘੱਟ ਤੋਂ ਘੱਟ ਬਚ ਗਏ ਜਾਂ ਜ਼ਖਮੀ ਹੋ ਸਕਦੇ ਹਨ।

ਮਨੋਵਿਗਿਆਨੀਆਂ ਨੇ ਇਸ ਬਾਰੇ ਕਈ ਅਟਕਲਾਂ ਲਗਾਈਆਂ ਹਨ ਕਿ ਭਾਰਤ ਵਿੱਚ ਸੈਲਫੀ ਹਾਦਸੇ ਇੰਨੇ ਆਮ ਕਿਉਂ ਹਨ। ਇੱਕ ਤਾਂ ਇਹ ਕਿਹਾ ਜਾ ਰਿਹਾ ਹੈ ਕਿ ਪਹਿਲੀ ਵਾਰ ਸਮਾਰਟਫੋਨ ਨੇ ਹਰ ਖਾਸ-ਓ-ਏਮ ਦੇ ਹੱਥਾਂ ਵਿੱਚ ਕੈਮਰਾ ਉਪਲਬਧ ਕਰਾਇਆ ਹੈ। ਇੱਕ ਤਸਵੀਰ ਜੋ ਪਹਿਲਾਂ ਸਿਰਫ ਕੁਝ ਖਾਸ ਮੌਕਿਆਂ 'ਤੇ ਲਈ ਜਾ ਸਕਦੀ ਸੀ, ਹੁਣ ਕਿਸੇ ਵੀ ਸਮੇਂ ਲਈ ਜਾ ਸਕਦੀ ਹੈ। ਇਸੇ ਕਰਕੇ ਭਾਰਤ ਵਿੱਚ ਮੋਬਾਈਲ ਕੈਮਰੇ ਨਾਲ ਫੋਟੋਆਂ ਖਿੱਚਣ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਿਆ ਹੈ। ਲਗਭਗ ਹਰ ਜਨਤਕ ਜਾਂ ਨਿੱਜੀ ਸਥਾਨ 'ਤੇ, ਹਰ ਜਨਤਕ ਜਾਂ ਨਿੱਜੀ ਸਮਾਰੋਹ ਵਿੱਚ, ਲੋਕ ਫੋਟੋਆਂ ਖਿੱਚਦੇ ਅਤੇ ਸੈਲਫੀ ਲੈਂਦੇ ਪਾਏ ਜਾਣਗੇ। ਦੂਜਾ ਕਾਰਨ ਇਹ ਹੈ ਕਿ ਦੁਨੀਆ ਦੇ ਜਿਨ੍ਹਾਂ ਦੇਸ਼ਾਂ ਨੇ ਸਮਾਰਟਫੋਨ ਦੇ ਆਉਣ ਤੋਂ ਬਾਅਦ ਤੇਜ਼ੀ ਨਾਲ ਸੋਸ਼ਲ ਮੀਡੀਆ ਨੂੰ ਅਪਣਾਇਆ ਹੈ, ਉਨ੍ਹਾਂ 'ਚ ਭਾਰਤ ਵੀ ਸ਼ਾਮਲ ਹੈ। ਜਿਸ ਨੂੰ ਪੂਰੀ ਦੁਨੀਆ 'ਚ ਸੈਲਫੀ ਦਾ ਕ੍ਰੇਜ਼ ਕਿਹਾ ਜਾਂਦਾ ਹੈ, ਅਸਲ 'ਚ ਇਸ ਦਾ ਪ੍ਰਚਾਰ ਇਸ ਸੋਸ਼ਲ ਮੀਡੀਆ ਨੇ ਕੀਤਾ ਹੈ। ਇਹ ਇੱਕ ਅਜਿਹਾ ਮੀਡੀਆ ਹੈ ਜਿਸ ਨਾਲ ਕਰੋੜਾਂ ਲੋਕ ਜੁੜੇ ਹੋਏ ਹਨ, ਜਿਸ ਵਿੱਚ ਲੋਕਾਂ ਦਾ ਧਿਆਨ ਖਿੱਚਣ ਦਾ ਮੁਕਾਬਲਾ ਹੈ। ਇੱਕ ਦੂਜੇ ਨੂੰ ਪਛਾੜਨ ਦੇ ਮੁਕਾਬਲੇ ਵਿੱਚ, ਲੋਕ ਆਪਣੀਆਂ ਅਜੀਬ ਸੈਲਫੀ ਲੈਣ ਦੀ ਕੋਸ਼ਿਸ਼ ਕਰਦੇ ਹਨ ਅਤੇ ਅਕਸਰ ਇਸਦੇ ਲਈ ਕਿਸੇ ਵੀ ਪੱਧਰ ਦਾ ਜੋਖਮ ਲੈਣ ਲਈ ਤਿਆਰ ਹੁੰਦੇ ਹਨ।



ਇਸ ਸਮੇਂ ਪੂਰੀ ਦੁਨੀਆ ਵਿਚ ਚਿੰਤਾ ਦਾ ਵਿਸ਼ਾ ਹੈ ਕਿ ਇਸ ਰੁਝਾਨ ਨੂੰ ਕਿਵੇਂ ਰੋਕਿਆ ਜਾਵੇ? ਆਸਟ੍ਰੇਲੀਆ ਨੇ ਸੈਲਫੀ ਨੂੰ ਲੈ ਕੇ ਐਡਵਾਈਜ਼ਰੀ ਵੀ ਜਾਰੀ ਕੀਤੀ ਹੈ। ਕਈ ਥਾਵਾਂ 'ਤੇ ਹਾਦਸਿਆਂ ਵਾਲੇ ਇਲਾਕਿਆਂ 'ਚ ਚਿਤਾਵਨੀ ਬੋਰਡ ਲਗਾਏ ਗਏ ਹਨ। ਅਜਿਹੇ ਬੋਰਡ ਕੁੰਭ ਦੌਰਾਨ ਵੀ ਲਗਾਏ ਗਏ ਸਨ। ਭਾਰਤ ਦੇ ਸੈਰ-ਸਪਾਟਾ ਮੰਤਰਾਲੇ ਅਤੇ ਮੁੰਬਈ ਪੁਲਿਸ ਨੇ ਵੀ ਅਜਿਹੀਆਂ ਖਤਰਨਾਕ ਥਾਵਾਂ ਦੀ ਪਛਾਣ ਕੀਤੀ ਹੈ। ਇਹ ਵੀ ਸੁਝਾਅ ਹੈ ਕਿ ਜਿਸ ਤਰ੍ਹਾਂ ਬੀਚਾਂ 'ਤੇ ਸੁਰੱਖਿਆ ਗਾਰਡ ਹਨ, ਉਸੇ ਤਰ੍ਹਾਂ ਰੇਲਵੇ ਸਟੇਸ਼ਨਾਂ 'ਤੇ ਵੀ ਗਾਰਡ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ। ਇਸ ਸਬੰਧੀ ਜਾਗਰੂਕਤਾ ਪੈਦਾ ਕਰਕੇ ਬੱਚਿਆਂ ਦੇ ਪਾਠਕ੍ਰਮ ਵਿੱਚ ਅਜਿਹੇ ਵਿਸ਼ੇ ਨੂੰ ਸ਼ਾਮਲ ਕਰਕੇ ਵੀ ਅਪਣਾਇਆ ਜਾ ਸਕਦਾ ਹੈ। ਕਿਸੇ ਤਰ੍ਹਾਂ ਇਸ ਰੁਝਾਨ ਨੂੰ ਰੋਕਿਆ ਜਾਣਾ ਚਾਹੀਦਾ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ ਪੰਜਾਬ*

# ਫਿਲਮੀ ਦੁਨੀਆ

## ਇੱਥੇ ਸਿਰਫ ਐਕਟਿੰਗ ਲਈ ਆਈ ਹਾਂ : ਰਕੁਲ ਪ੍ਰੀਤ ਸਿੰਘ



ਦਿੱਲੀ ਦੇ ਇੱਕ ਪੰਜਾਬੀ ਪਰਵਾਰ ਵਿੱਚ ਪੈਦਾ ਹੋਈ ਰਕੁਲਪ੍ਰੀਤ ਸਿੰਘ ਕੌਮੀ ਪੱਧਰ ਦੀ ਗੋਲਫ ਖਿਡਾਰੀ ਰਹਿ ਚੁੱਕੀ ਹੈ। ਦਿੱਲੀ ਦੇ ਜੀਸਸ ਐਂਡ ਮੈਰੀ ਕਾਲਜ ਤੋਂ ਮੈਥ ਦੀ ਬੈਚਲਰ ਡਿਗਰੀ ਕਰਨ ਦੇ ਬਾਅਦ ਰਕੁਲ ਨੇ ਮਾਡਲਿੰਗ ਨਾਲ ਕਰੀਅਰ ਸ਼ੁਰੂ ਕੀਤਾ। ਉਸ ਦੇ ਬਾਅਦ ਉਸ ਨੂੰ ਅਚਾਨਕ ਕੰਨੜ ਫਿਲਮ 'ਗਿੱਲੀ' (2009) ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਰਕੁਲਪ੍ਰੀਤ ਨੇ 2014 ਵਿੱਚ ਦਿਵਿਆ ਖੋਸਲਾ ਕੁਮਾਰ ਦੇ ਡਾਇਰੈਕਸ਼ਨ ਵਿੱਚ ਬਣੀ 'ਯਾਰੀਆਂ' ਨਾਲ ਬਾਲੀਵੱਡ ਵਿੱਚ ਡੈਬਿਊ ਕੀਤਾ। ਉਸ ਦੇ ਬਾਅਦ 'ਅੱਯਾਰੀ', 'ਦੇ ਦੇ ਪਿਆਰ ਦੇ', 'ਮਰਜਾਵਾਂ' ਅਤੇ 'ਸ਼ਿਮਲਾ ਮਿਰਚੀ' ਆਦਿ ਫਿਲਮਾਂ ਨਾਲ ਉਹ ਬਾਲੀਵੁੱਡ ਵਿੱਚ ਆਪਣੀ ਜਗ੍ਹਾ ਪੱਕੀ ਕਰ ਚੁੱਕੀ ਹੈ। ਰਕੁਲਪ੍ਰੀਤ ਸਿੰਘ ਆਖਰੀ ਵਾਰ ਅਰਜੁਨ ਕਪੂਰ ਦੇ ਆਪੋਜ਼ਿਟ 'ਸਰਦਾਰ ਦਾ ਗ੍ਰੈਂਡਸਨ' ਵਿੱਚ ਆਈ ਸੀ। ਉਸ ਦੀਆਂ ਅਗਲੀਆਂ ਫਿਲਮਾਂ ਵਿੱਚ 'ਅਟੈਕ', 'ਰਨਵੇ 34', 'ਉੱਤੇਂਕ ਗੌਡ', 'ਡਾਕਟਰ ਜੀ', 'ਮਿਸ਼ਨ ਸਿੰਡਰੇਲਾ' ਅਤੇ 'ਛੱਤਰੀ ਵਾਲੀ' ਰਿਲੀਜ਼ ਨੂੰ ਪੂਰੀ ਤਰ੍ਹਾਂ ਤਿਆਰ ਹਨ। ਫਿਲਮ 'ਛੱਤਰੀ ਵਾਲੀ' ਬਿਲਕੁਲ ਨਵੇਂ ਸਬਜੈਕਟ ਉੱਤੇ ਆਧਾਰਤ ਫਿਲਮ ਹੈ। ਪਿੱਛੇ ਜਿਹੇ ਉਸ ਨੇ ਇਸ ਦੀ ਸ਼ੂਟਿੰਗ ਪੂਰੀ ਕੀਤੀ ਹੈ। 'ਥੈਂਕ ਗਾਡ' ਵਿੱਚ ਰਕੁਲ ਅਜੈ ਦੇਵਗਨ ਤੇ ਸਿਧਾਰਥ ਮਲਹੋਤਰਾ ਦੇ ਆਪੋਜ਼ਿਟ ਹੈ। ਇਸ ਦੀ ਰਿਲੀਜਡ ਡੇਟ 29 ਜੁਲਾਈ ਐਲਾਨੀ ਗਈ ਹੈ। ਰਕੁਲ ਅੱਜਕੱਲ੍ਹ ਐਕਟਰ ਤੋਂ ਪ੍ਰੋਡਿਊਸਰ ਬਣੇ ਜੈਕੀ ਭਗਨਾਨੀ ਨਾਲ ਰਿਲੇਸ਼ਨਸ਼ਿਪ ਵਿੱਚ ਹੈ। ਉਹ ਜੈਕੀ ਬਾਰੇ ਲੋੜ ਤੋਂ ਵੱਧ ਸੀਰੀਅਸ ਹੈ। ਜੈਕੀ ਅਤੇ ਰਕੁਲ ਦੇ ਵਿਆਹ ਦੀਆਂ ਅਟਕਲਾਂ ਦਾ ਬਾਜ਼ਾਰ ਇਨ੍ਹੀਂ ਦਿਨੀਂ ਕਾਫੀ ਗਰਮ ਹੈ। ਪੇਸ਼ ਹਨ ਇਸੇ ਸਿਲਸਿਲੇ ਵਿੱਚ ਰਕੁਲਪ੍ਰੀਤ ਸਿੰਘ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਪਿਛਲੇ ਸਾਲ ਤੁਸੀਂ ਆਪਣੇ ਜਨਮ ਦਿਨ ਉੱਤੇ ਸੋਸ਼ਲ ਮੀਡੀਆ ਜ਼ਰੀਏ ਜੈਕ ਭਗਨਾਨੀ ਨਾਲ ਰਿਲੇਸ਼ਨਸ਼ਿਪ ਵਿੱਚ ਹੋਣ ਦੀ ਗੱਲ ਉੱਤੇ ਖੁਲਾਸਾ ਕੀਤਾ ਸੀ। ਉਸ ਦੇ ਬਾਅਦ ਤੋਂ ਤੁਹਾਡੇ ਦੋਵਾਂ ਦੇ ਵਿਆਹ ਦੀਆਂ ਅਟਕਲਾਂ ਲੱਗ ਰਹੀਆਂ ਹਨ। ਆਖਰ ਤੁਸੀਂ ਦੋਵੇਂ ਵਿਆਹ ਕਦੋਂ ਕਰ ਰਹੇ ਹੋ?

– ਵਿਆਹ ਦੀ ਗੱਲ ਜਦ ਚੱਲੇਗੀ, ਦੂਸਰੀਆਂ ਗੱਲਾਂ ਵਾਂਗ ਮੈਂ ਉਸ ਨੂੰ ਸਭ ਨਾਲ ਜ਼ਰੂਰ ਸ਼ੇਅਰ ਕਰਾਂਗੀ। ਫਿਲਹਾਲ ਮੈਂ ਆਪਣੇ ਕਰੀਅਰ ਉੱਤੇ ਫੋਕਸ ਕਰ ਰਹੀ ਹਾਂ, ਕਿਉਂਕਿ ਇਸ ਇੰਡਸਟਰੀ ਵਿੱਚ ਮੈਂ ਸਿਰਫ ਇਸੇ ਲਈ ਆਈ ਹਾਂ।

* ਸੁਣਿਆ ਹੈ ਕਿ ਜੈਕੀ ਭਗਨਾਨੀ ਤੁਹਾਡੇ ਨਾਲ ਇੱਕ ਫਿਲਮ ਸ਼ੁਰੂ ਕਰਨਾ ਚਾਹੁੰਦੇ ਹਨ। ਕੁਝ ਫਿਲਮਾਂ ਵਿੱਚ ਉਹ ਹੀਰੋ ਦੇ ਰੂਪ ਵਿੱਚ ਆ ਚੁੱਕੇ ਹਨ। ਕੀ ਇਸ ਵਿੱਚ ਵੀ ਉਹ ਤੁਹਾਡੇ ਆਪੋਜ਼ਿਟ ਹੀਰੋ ਦੇ ਰੂਪ ਵਿੱਚ ਹੋਣਗੇ?

– ਨਹੀਂ, ਕਿਉਂਕਿ ਜੈਕੀ ਇੱਕ ਪ੍ਰੋਡਿਊਸਰ ਬਣ ਕੇ ਬੇਹੱਦ ਖੁਸ਼ ਹਨ। ਉਨ੍ਹਾਂ ਦਾ ਐਕਟਿੰਗ ਵਿੱਚ ਵਾਪਸੀ ਕਰਨ ਦਾ ਕੋਈ ਇਰਾਦਾ ਨਹੀਂ। ਜੇ ਸਭ ਠੀਕ ਰਿਹਾ ਤਾਂ ਇਸ ਫਿਲਮ ਵਿੱਚ ਮੈਂ ਅਕਸ਼ੈ ਕੁਮਾਰ ਦੇ ਆਪੋਜ਼ਿਟ ਨਜ਼ਰ ਆ ਸਕਦੀ ਹਾਂ। ਉਸ ਨਾਲ ਗੱਲਬਾਤ ਚੱਲ ਰਹੀ ਹੈ। ਜੇ ਉਨ੍ਹਾਂ ਨੂੰ ਇਹ ਪ੍ਰਪੋਜਲ ਪਸੰਦ ਆ ਗਿਆ ਤਾਂ ਹੋ ਸਕਦਾ ਹੈ ਕਿ ਮੈਂ ਉਨ੍ਹਾਂ ਦੇ ਆਪੋਜ਼ਿਟ ਨਜ਼ਰ ਆਵਾਂ।

* ਫਰਹਾਨ ਅਖਤਰ ਨਾਲ ਤੁਸੀਂ ਫਿਲਮ 'ਪੁਕਾਰ' ਕਰਨੀ ਸੀ। ਕਿਹਾ ਜਾ ਰਿਹਾ ਹੈ ਕਿ ਉਹ ਡੱਬਾ ਬੰਦ ਹੋ ਚੁੱਕੀ ਹੈ?

– ਉਹ ਬੰਦ ਨਹੀਂ ਹੋਈ, ਬਲਕਿ ਹੋਲਡ ਉੱਤੇ ਹੈ। ਫਰਹਾਨ ਦੇ ਡੈਡੀ ਜਾਵੇਦ ਅਖਤਰ ਦੇ ਦਿਮਾਗ ਵਿੱਚ ਉਹ ਆਈਡੀਆ ਸੀ। ਇਸ ਵਿੱਚ ਫਰਹਾਨ ਇੱਕ ਫੋਰੈਸਟ ਅਫਸਰ ਦਾ ਕਿਰਦਾਰ ਨਿਭਾਉਣ ਵਾਲੇ ਸਨ। ਮੈਂ ਹਰ ਪਲ ਉਨ੍ਹਾਂ ਦਾ ਹੌਸਲਾ ਵਧਾਉਣ ਵਾਲੀ ਉਨ੍ਹਾਂ ਦੀ ਪਤਨੀ ਦੇ ਕਿਰਦਾਰ ਵਿੱਚ ਸੀ। ਫਿਲਮ ਦੀ ਸਕ੍ਰਿਪਟ ਆਸ਼ੁਤੋਸ਼ ਗੋਵਾਰੀਕਰ ਤੇ ਜਾਵੇਦ ਅਖਤਰ ਮਿਲ ਕੇ ਪੂਰੀ ਕਰਨ ਵਾਲੇ ਸਨ, ਪਰ ਦੋਵਾਂ ਦੇ ਮਤਭੇਦਾਂ ਕਾਰਨ ਨਹੀਂ ਹੋ ਸਕਿਆ, ਪਰ ਇਸ ਨੂੰ ਜਾਵੇਦ ਸਰ ਖੁਦ ਪੂਰਾ ਕਰ ਰਹੇ ਹਨ। ਬਹੁਤ ਜਲਦੀ ਫਿਲਮ ਦੀ ਆਫੀਸ਼ੀਅਲ ਅਨਾਊਂਸਮੈਂਟ ਕੀਤੀ ਜਾਏਗੀ।

* 'ਦੇ ਦੇ ਪਿਆਰ ਦੇ' ਦੇ ਬਾਅਦ ਤੁਸੀਂ ਇੱਕ ਵਾਰ ਫਿਰ ਅਜੈ ਦੇਵਗਨ ਨਾਲ 'ਥੈਂਕ ਗੌਡ' ਕਰ ਰਹੇ ਹੋ। ਇਸ ਦੇ ਬਾਰੇ ਕੁਝ ਦੱਸੋ?

– ਇਹ ਇੱਕ ਖੂਬਸੂਰਤ ਮੈਸੇਜ ਦੇ ਨਾਲ ਜੀਵਨ ਨੂੰ ਪ੍ਰਫੁੱਲਤ ਕਰਨ ਵਾਲੀ ਫਿਲਮ ਹੈ। ਇੱਕ ਬੇਹੱਦ ਗੰਭੀਰ ਗੱਲ ਨੂੰ ਹਲਕੇ-ਫੁਲਕੇ ਅੰਦਾਜ਼ ਵਿੱਚ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿੱਚ ਅਜੈ ਦੇਵਗਨ ਇੱਕ ਮਾਡਰਨ ਲੁਕ ਦੇ ਨਾਲ ਯਮਰਾਜ ਦੇ ਕਿਰਦਾਰ ਵਿੱਚ ਨਜ਼ਰ ਆਉਣਗੇ। ਇਹ ਫਿਲਮ ਇਕਦਮ ਹਟ ਕੇ ਹੈ।

* ਜਾਨ ਅਬਰਾਹਮ ਦੇ ਆਪੋਜ਼ਿਟ ਤੁਸੀਂ 'ਅਟੈਕ' ਕਰ ਰਹੇ ਹੋ। ਇਸ ਐਕਸ਼ਨ ਡਰਾਮਾ ਵਿੱਚ ਤੁਹਾਡਾ ਕਿਰਦਾਰ ਕਿਸ ਤਰ੍ਹਾਂ ਦਾ ਹੈ?

– ਇਸ ਐਕਸ਼ਨ ਨਾਲ ਭਰਪੂਰ ਫਿਲਮ ਵਿੱਚ ਮੈਂ ਸਾਇੰਟਿਸਟ ਦਾ ਕਿਰਦਾਰ ਨਿਭਾ ਰਹੀ ਹਾਂ। ਮੈਂ ਇਸ ਵਿੱਚ ਕਾਫੀ ਐਕਸ਼ਨ ਕੀਤਾ ਹੈ। ਇਸ ਵਿੱਚ ਮੈਂ ਆਪਣੇ ਕਿਰਦਾਰ ਨੂੰ ਖੂਬ ਇੰਜੁਆਏ ਕੀਤਾ। ਇਸ ਦੀ ਰਿਲੀਜ਼ ਨੂੰ ਲੈ ਕੇ ਬੇਹੱਦ ਐਕਸਾਈਟਿਡ ਹਾਂ। ਮੈਂ ਦੇਖਣਾ ਚਾਹੁੰਦੀ ਹਾਂ ਕਿ ਮੇਰੇ ਐਕਸ਼ਨ ਰੋਲ ਉੱਤੇ ਦਰਸ਼ਕਾਂ ਦੀ ਕੀ ਪ੍ਰਤੀਕਿਰਿਆ ਹੁੰਦੀ ਹੈ।


## ਕੀ ਸਕੀਨਾ ਬਣ ਕੇ ਫਿਰ ਕਾਮਯਾਬ ਹੋ ਸਕੇਗੀ ਅਮੀਸ਼ਾ ਪਟੇਲ



9 ਜੂਨ 1975 ਨੂੰ ਜਨਮੀ ਅਮੀਸ਼ਾ ਪਟੇਲ 47 ਸਾਲ ਦੀ ਹੋ ਚੁੱਕੀ ਹੈ ਅਤੇ ਇੱਕ ਵਾਰ ਫਿਰ ਉਹ 'ਗਦਰ 2' ਵਿੱਚ ਸਕੀਨਾ ਦਾ ਰੋਲ ਕਰ ਰਹੀ ਹੈ। ਇਸ ਨੂੰ ਕਰਦੇ ਹੋਏ ਉਹ ਬਹੁਤ ਜ਼ਿਆਦਾ ਉਤਸ਼ਾਹਤ ਅਤੇ ਖੁਸ਼ ਹੈ। ਅਮੀਸ਼ਾ ਦਾ ਇਸ ਤਰ੍ਹਾਂ ਉਤਸ਼ਾਹਤ ਅਤੇ ਖੁਸ਼ ਹੋਣਾ ਸੁਭਾਵਿਕ ਹੈ ਕਿਉਂਕਿ ਪਿਛਲੇ ਕਾਫੀ ਸਮੇਂ ਤੋਂ ਉਸ ਕੋਲ ਕੋਈ ਕੰਮ ਨਹੀਂ ਸੀ ਤੇ ਉਹ ਲਗਾਤਾਰ ਆਪਣੇ ਗਲੈਮਰਸ ਪੋਜ਼ ਸੋਸ਼ਲ ਮੀਡੀਆ ਉੱਤੇ ਪੋਸਟ ਕਰ ਕੇ ਫਿਲਮ ਮੇਕਰਸ ਨੂੰ ਆਕਰਸ਼ਿਤ ਕਰਨ ਦੀ ਕੋਸ਼ਿਸ਼ ਵਿੱਚ ਲੱਗੀ ਹੋਈ ਸੀ। ਉਸ ਦੇ ਗਲੈਮਰਸ ਪੋਜ਼ ਦੇਖ ਕੇ ਕੋਈ ਆਕਰਸ਼ਿਤ ਹੋਇਆ ਜਾਂ ਨਹੀਂ, ਪ੍ਰੰਤੂ ਅਨਿਲ ਸ਼ਰਮਾ ਕਾਫੀ ਸਮੇਂ ਤੋਂ 'ਗਦਰ' ਦੇ ਹੈਂਗ ਓਵਰ ਵਿੱਚ ਸਨ ਤੇ ਇਸ ਦਾ ਸੀਕਵਲ ਬਣਾਉਣਾ ਚਾਹੁੰਦੇ ਸਨ ਅਤੇ ਇਸ ਸੀਕਵਲ ਲਈ ਉਨ੍ਹਾਂ ਨੂੰ ਅਮੀਸ਼ਾ ਦੀ ਜ਼ਰੂਰਤ ਪਈ ਅਤੇ ਇਸ ਤਰ੍ਹਾਂ ਇਹ ਫਿਲਮ ਅਚਾਨਕ ਅਮੀਸ਼ਾ ਦੀ ਝੋਲੀ ਵਿੱਚ ਆ ਪਈ। ਰਾਕੇਸ਼ ਰੋਸ਼ਨ ਨੇ ਅਮੀਸ਼ਾ ਪਟੇਲ ਨੂੰ 'ਕਹੋ ਨਾ ਪਿਆਰ ਹੈ' (2000) ਵਿੱਚ ਆਪਣੇ ਬੇਟੇ ਰਿਤਿਕ ਰੋਸ਼ਨ ਦੇ ਆਪੋਜ਼ਿਟ ਸੋਨੀਆ ਸਕਸੈਨਾ ਦੇ ਕਿਰਦਾਰ ਵਿੱਚ ਪਹਿਲਾ ਮੌਕਾ ਦਿੱਤਾ ਅਤੇ ਇਸ ਦੇ ਲਈ ਉਸ ਨੂੰ ਬੈਸਟ ਫੀਮੇਲ ਡੈਬਿਊ ਦਾ ਫਿਲਮਫੇਅਰ ਐਵਾਰਡ ਨਾਮੀਨੇਸ਼ਨ ਮਿਲਿਆ ਸੀ।

ਅਮੀਸ਼ਾ ਦਾ ਕਹਿਣਾ ਹੈ ਕਿ 'ਗਦਰ 2' ਪਹਿਲੇ ਭਾਗ ਵਾਂਗ ਕਾਮਯਾਬ ਹੋਵੇਗੀ ਜਾਂ ਨਹੀਂ, ਇਹ ਅਲੱਗ ਗੱਲ ਹੈ, ਪਰ ਇੱਕ ਵਾਰ ਫਿਰ ਸਕੀਨਾ ਦਾ ਕਿਰਦਾਰ ਨਿਭਾਉਣ ਉਤੇ ਉਹ ਕਾਫੀ ਸਨਮਾਨਤ ਮਹਿਸੂਸ ਕਰਦੀ ਹੈ। ਉਹ ਖੁਦ ਨੂੰ ਖੁਸ਼ਕਿਸਮਤ ਮੰਨਦੀ ਹੈ। ਉਸ ਦਾ ਕਹਿਣਾ ਹੈ ਕਿ ਅਜਿਹਾ ਬਹੁਤ ਘੱਟ ਹੁੰਦਾ ਹੈ ਕਿ ਜਦ ਕਿਸੇ ਅਭਿਨੇਤਰੀ ਨੂੰ ਇੱਕ ਸਕਸੈੱਸਫੁੱਲ ਕਿਰਦਾਰ ਦੁਬਾਰਾ ਨਿਭਾਉਣ ਦਾ ਮੌਕਾ ਮਿਲਿਆ ਹੋਵੇ। 'ਗਦਰ' ਦੀ ਸਕੀਨਾ ਵਾਲਾ ਕਿਰਦਾਰ ਅੱਜ ਵੀ ਲੋਕਾਂ ਦੇ ਜਿਹਨ ਵਿੱਚ ਹੈ, ਇਸ ਲਈ ਅਮੀਸ਼ਾ ਉਮੀਦ ਕਰ ਰਹੀ ਹੈ ਕਿ ਇਸ ਵਾਰ ਵੀ ਨਾ ਸਿਰਫ ਪਹਿਲਾਂ ਦੀ ਤਰ੍ਹਾਂ ਫਿਲਮ ਕਾਮਯਾਬ ਸਾਬਿਤ ਹੋਵੇਗੀ, ਬਲਕਿ ਦਰਸ਼ਕਾਂ ਦਾ ਪਿਆਰ ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਮਿਲੇਗਾ।

## ਸੋਸ਼ਲ ਮੀਡੀਆ ਧੋਖਾ ਨਹੀਂ: ਸਿਕੰਦਰ ਖੇਰ



ਆਪਣੀ ਅਗਲੀ ਫਿਲਮ 'ਚਿੜੀਆ ਉੜ' ਦੀ ਤਿਆਰੀ ਵਿੱਚ ਲੱਗੇ ਅਭਿਨੇਤਾ ਸਿਕੰਦਰ ਖੇਰ ਦਾ ਕਹਿਣਾ ਹੈ ਕਿ ਉਨ੍ਹਾਂ ਹਮੇਸ਼ਾ ਮਹਿਸੂਸ ਕੀਤਾ ਹੈ ਕਿ ਸੋਸ਼ਲ ਮੀਡੀਆ ਧੋਖਾ ਨਹੀਂ। ਸਿਕੰਦਰ ਖੇਰ ਨੇ ਕਿਹਾ ਕਿ ਮੈਂ ਸਦਾ ਮਹਿਸੂਸ ਕੀਤਾ ਹੈ ਕਿ ਸੋਸ਼ਲ ਮੀਡੀਆ ਧੋਖਾ ਨਹੀਂ, ਇਹ ਦੁਨੀਆ ਨੂੰ ਦਿਖਾਉਂਦਾ ਹੈ ਕਿ ਤੁਸੀਂ ਅਸਲ ਵਿੱਚ ਕੀ ਹੋ। ਮੈਨੂੰ ਇਹ ਲੱਗਦਾ ਹੈ ਕਿ ਮੇਰੇ ਲਈ 100 ਫੀਸਦੀ ਸੱਚਾਈ ਹੋਣ ਤੋਂ ਵੱਧ ਹੈਰਾਨੀ ਜਨਕ ਕੁਝ ਨਹੀਂ ਤੇ ਮੈਨੂੰ ਇਮਾਨਦਾਰੀ ਨਾਲ ਆਪਣੇ ਪ੍ਰਸ਼ੰਸਕਾਂ ਨਾਲ ਜੁੜਨ ਵਿੱਚ ਮਜ਼ਾ ਆਉਂਦਾ ਹੈ। ਉਸ ਨੇ ਕਿਹਾ ਕਿ ਮੈਂ ਅਜਿਹਾ ਵਿਅਕਤੀ ਹਾਂ, ਜੋ ਦੋਸਤਾਂ ਤੇ ਪਰਵਾਰ ਨਾਲ ਸਮਾਂ ਬਿਤਾਉਣਾ ਪਸੰਦ ਕਰਦਾ ਹੈ ਅਤੇ ਇਹੀ ਮੇਰੇ ਸੋਸ਼ਲ ਮੀਡੀਆ ਉੱਤੇ ਪ੍ਰਤੀਬਿੰਬਤ ਹੁੰਦਾ ਹੈ। ਮੈਂ ਕਦੇ ਆਪਣੇ ਲਈ ਇੱਕ ਵੱਖਰਾ ਅਕਸ ਬਣਾਉਣਾ ਨਹੀਂ ਚਾਹੁੰਦਾ। ਸਿਕੰਦਰ ਖੇਰ ਨੇ ਅੱਗੇ ਕਿਹਾ ਕਿ ਜਿੱਥੋਂ ਸੱਚਾਈ ਆਉਂਦੀ ਹੈ, ਉਥੋਂ ਉਨ੍ਹਾਂ ਦੇ ਪ੍ਰਸ਼ੰਸਕ ਉਨ੍ਹਾਂ ਦੇ ਜੀਵਨ ਦਾ ਹਿੱਸਾ ਬਣਦੇ ਹਨ। 'ਚਿੜੀਆ ਉੜ' ਵਿੱਚ 'ਸਲੱਮਡਾਗ ਮਿਲੇਨੀਅਰ' ਅਭਿਨੇਤਾ ਮਧੁਰ ਮਿੱਤਲ ਵੀ ਹਨ, ਜੋ ਹਰਮਨ ਬਵੇਜਾ ਅਤੇ ਵਿੱਕੀ ਬਾਹਰੀ ਨੇ ਬਣਾਈ ਹੈ। ਡਾਇਰੈਕਟਰ ਰਵੀ ਜਾਧਵ ਦੇ ਨਿਰਦੇਸ਼ਨ ਵਾਲੀ ਇਹ ਫਿਲਮ ਜਲਦੀ ਹੀ ਐਮ ਐਕਸ ਪਲੇਅਰ ਉੱਤੇ ਸਟਰੀਮਿੰਗ ਲਈ ਉਪਲਬਧ ਹੋਵੇਗੀ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ
FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੁਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

IMMIGRATION SERVICES
INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
We specialize in Humanitarian and Compassionate Applications
DRAKE
IMMIGRATION SOLUTIONS
CAPIC ACCP



AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres
Brampton, ON L6P 1R7
Winnipeg Office: Centro Caboto Centre
128-1055 Wilkes Ave, Winnipeg, MB R3P 2L7



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਉ ਘਰ ਸੇਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਉਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



**Looking for information on how to enter your field in Canada?**

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

**New registrants must have an assessment prior to the start of the program.**

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**

For more info and to register, contact JSW@jvstoronto.org

www.jvstoronto.org

Funded by: Immigration, Refugees and Citizenship Canada | Financé par : Immigration, Réfugiés et Citoyenneté Canada

United Way Greater Toronto

UJA FEDERATION of Greater Toronto



